# ਚਿਰਾਗ

ਜਨਵਰੀ-ਮਾਰਚ 2006

**January - March 2006**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

ਪਾਕਿਸਤਾਨੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ

# ਚਿਰਾਗ

# چِراغ

پاکِستانی پنجابی کہانی وِشیش انک



55

ਇਸ ਅੰਕ ਦਾ ਮੁੱਲ : 20 ਰੁਪਏ

ਜਨਵਰੀ-ਮਾਰਚ 2006

# ਚਿਰਾਗ਼

ਤਿਮਾਹੀ

ਜਨਵਰੀ-ਮਾਰਚ 2006



*ਸੰਪਾਦਕ*

**ਹਰਭਜਨ ਸਿੰਘ ਹੁੰਦਲ**

*

*ਸੰਪਾਦਕੀ ਮੰਡਲ*

**ਡਾ. ਕਰਮਜੀਤ ਸਿੰਘ • ਸੁਰਜੀਤ ਗਿੱਲ**

*

*ਪ੍ਰਤੀਨਿਧ*

**ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)**

*

*ਇਸ ਅੰਕ ਦਾ ਸੰਪਾਦਨ*

**ਤਲਵਿੰਦਰ ਸਿੰਘ**

*

*ਪੱਤਰ ਵਿਹਾਰ*

**ਹਰਭਜਨ ਸਿੰਘ ਹੁੰਦਲ**

**ਪਿੰਡ ਫੱਤੂ ਚੱਕ, ਡਾਕ. ਢਿੱਲਵਾਂ**

**ਜ਼ਿਲ੍ਹਾ ਕਪੂਰਥਲਾ (ਪੰਜਾਬ, ਭਾਰਤ)**

**ਫ਼ੋਨ : 01822-273188**


*

*ਮੁੱਖ ਚਿੱਤਰ*

**ਮੈਕਸੀਕਨ ਚਿੱਤਰਕਾਰ ਡੀਗੋ ਰਿਵੇਰਾ ਦੀ ਪੇਂਟਿੰਗ ਪੈਰਿਸ : 1915**

*


*ਚੰਦਿਆਂ ਦਾ ਵੇਰਵਾ*

**ਵਾਰਸ਼ਿਕ 50 ਰੁ: (ਦੇਸ਼)**

**ਇਕ ਪਰਚਾ : 15 ਰੁ:**

**ਸੰਸਥਾਵਾਂ (ਸਾਲਾਨਾ) 70 ਰੁ:**

**ਵਿਦੇਸ਼ : (ਯੂ.ਕੇ.) ਸਾਲਾਨਾ 5 ਪੌਂਡ**

**ਹੋਰ ਦੇਸ਼ 300 ਰੁ:**

*

*ਸਾਰੇ ਚੈੱਕ/ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ਼ ਦੇ ਨਾਂ ਭੇਜੇ ਜਾਣ।*

*

*ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4/1-96 ਐਡੀਟਰ (ਪੰ.) ਮਿਤੀ 3-9-1996 ਦੇ ਅਨੁਸਾਰ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਲਈ ਪ੍ਰਵਾਨਤ ਹੈ।*


*ਅੰਦਰਵਾਰ :*


**• ਸੰਪਾਦਕੀ ਟਿੱਪਣੀਆਂ**

* ਦੋਹਾਂ ਪੰਜਾਬਾਂ ਦੀ ਅਦਬੀ ਸਾਂਝ ਦਾ ਮਸਲਾ/1

* ਦੋ ਪੰਜਾਬੀ ਸਾਹਿਤ ਸੰਸਥਾਵਾਂ ਦੀ ਤਰਾਸਦੀ/4

**• ਕਹਾਣੀਆਂ**

* ਹਮਜ਼ਾਦ/ਅਨਵਰੀ ਅਲੀ/7

* ਸੱਤ ਪੌੜੀਆਂ/ਹੁਸੈਨ ਸ਼ਾਹਿਦ/12

* ਸ਼ਾਹਕਾਰ/ਆਸ਼ਿਕ ਰਹੀਲ/20

* ਮੈਂ ਹਾਂ ਇਕ ਤਾਲਿਬਾਨ/ਅਫ਼ਜ਼ਲ ਤੌਸੀਫ਼/23

* ਜੰਮੂਆਂ ਵਾਲਾ ਬਾਬਾ/ਆਸ਼ਿਕ/32

* ਜਤੀ ਸਤੀ/ਅਮੀਨ ਮਲਿਕ/38

* ਕੱਲ੍ਹ ਤੇ ਭਲਕੇ/ਗੁਲਾਮ ਹਸਨ ਸਾਜਿਦ/47

* ਨਿਸ਼ਾਨੀ/ਮੀਰ ਤਨਹਾ ਯੂਸਫ਼ੀ/50

* ਰੰਗ ਬੇਰੰਗ/ਜਮੀਲ ਅਹਿਮਦ ਪਾਲ/55

* ਗਾਮਾ ਕਦੀ ਨਾ ਜਿੱਤ ਸਕਿਆ/ਖ਼ਾਲਿਦ ਮਹਿਮੂਦ/63

* ਬੂਹਾ ਖੁੱਲ੍ਹਾ ਏ/ਜ਼ੁਬੈਰ ਅਹਿਮਦ/68

* ਚਿੜਾ/ਸਈਦ ਭੁੱਟਾ/71

* ਆਪਣਾ ਆਪਣਾ ਦੋਜ਼ਖ਼/ਖ਼ਾਲਿਦ ਫਰਿਹਾਦ ਧਾਲੀਵਾਲ/79

* ਇਕ ਸੁਰ/ਕਰਾਮਤ ਅਲੀ ਮੁਗ਼ਲ/82

* ਸੱਪ/ਖ਼ਾਵਰ ਰਾਜਾ/90



ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸੁਖ਼ਨ ਗ੍ਰਾਫਿਕਸ, ਅੰਮ੍ਰਿਤਸਰ ਤੋਂ ਕੰਪੋਜ਼ ਕਰਵਾ ਕੇ ਪ੍ਰਿੰਟਵੈੱਲ ਅੰਮ੍ਰਿਤਸਰ ਤੋਂ ਛਪਵਾਇਆ ਤੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352/1, ਗੜ੍ਹਾ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।




## ਦੋਹਾਂ ਪੰਜਾਬਾਂ ਦੀ ਅਦਬੀ ਸਾਂਝ ਦਾ ਮਸਲਾ

ਪੰਜਾਬੀ ਸਾਹਿਤ ਲਈ ਇਹ ਕਦੇ ਵੀ ਫ਼ਖ਼ਰ ਵਾਲੀ ਗੱਲ ਨਹੀਂ ਰਹੀ ਕਿ ਇਸਦੇ ਰਚਨਹਾਰਾਂ ਦੇ ਤਿੰਨੇ ਗੁੱਟ ਕਦੇ ਇਕਸੁਰ ਹੋਏ ਹੋਣ, ਉਹਨਾਂ ਆਪਣੀ ਅਦਬੀ ਸਮਝ ਨੂੰ ਰਲ ਬਹਿ ਕੇ ਵਾਚਿਆ ਹੋਵੇ ਤੇ ਇਕ ਸਾਂਝਾ ਪਰਸਪਰ ਸਹਿਮਤੀ ਵਾਲਾ ਇਤਿਹਾਸ ਸਿਰਜਿਆ ਹੋਵੇ। ਪੰਜਾਬੀਆਂ ਦੇ ਸਿਰਾਂ 'ਤੇ ਫਿਰਕੂ ਜਨੂੰਨ ਹਮੇਸ਼ਾ ਭਾਰੂ ਰਿਹਾ ਤੇ ਉਹ ਲਿੱਪੀਆਂ ਦੇ ਆਧਾਰ 'ਤੇ ਵੰਡੇ ਰਹੇ। ਅਦਬੀ ਪਾੜਾ ਸੰਤਾਲੀ ਦੀ ਵੰਡ ਨਾਲ ਹੀ ਨਹੀਂ ਜੁੜਿਆ, ਇਸ ਤੋਂ ਪਹਿਲਾਂ ਵੀ, ਵੀਹਵੀਂ ਸਦੀ ਦੇ ਪਲੇਠੇ ਵਰ੍ਹਿਆਂ ਤੋਂ ਵੀ ਸਪਸ਼ਟ ਨਜ਼ਰ ਆਉਂਦਾ ਹੈ। ਸਿੱਖ ਲੇਖਕਾਂ ਵੱਲੋਂ ਸਿਰਜਣਾ ਦੇ ਅਮਲ ਲਈ ਗੁਰਮੁਖੀ ਲਿਪੀ ਦੀ ਵਰਤੋਂ, ਹਿੰਦੂ ਲੇਖਕਾਂ ਦਾ ਦੇਵਨਾਗਰੀ ਪ੍ਰਤੀ ਰੁਝਾਨ ਤੇ ਮੁਸਲਿਮ ਅਦੀਬਾਂ ਦਾ ਉਰਦੂ ਵੱਲ ਝੁਕਾਅ ਅਦਬੀ ਵਖਰੇਵੇਂ ਦਾ ਮੂਲ ਹੈ। ਇਹ ਫ਼ਾਸਲਾ ਵੰਡ ਤੋਂ ਪਹਿਲਾਂ ਵੀ ਬਰਕਰਾਰ ਸੀ ਤੇ ਤਿੰਨਾਂ ਗੁੱਟਾਂ ਵਿਚ ਸਾਹਿਤਕ ਸਾਂਝ ਪਹਿਲਾਂ ਵੀ ਨਾ-ਮਾਤਰ ਸੀ।

ਵੰਡ ਤੋਂ ਬਾਅਦ ਤਾਂ ਦ੍ਰਿਸ਼ ਵੱਖਰੀ ਭਾਂਤ ਦਾ ਹੋ ਗਿਆ। ਸਰਹੱਦਾਂ ਦੇ ਉਰਵਾਰ-ਪਾਰ ਬੈਠੇ ਪੰਜਾਬੀ ਇਕ ਦੂਜੇ ਦੀਆਂ ਸ਼ਕਲਾਂ ਤੋਂ ਵੀ ਬੇਗਾਨੇ ਹੋ ਗਏ। ਇਸ ਬੇਗਾਨਗੀ ਵਿਚੋਂ ਜੇ ਕਿਸੇ ਨੇ ਇਕ ਦੂਏ ਦੇ ਨੇੜੇ ਹੋਣ ਦੀ ਤਾਂਘ ਨੂੰ ਬਲ ਦਿੱਤਾ ਤਾਂ ਉਹ ਲੇਖਕ ਹੀ ਸਨ। ਚੜ੍ਹਦੇ ਪੰਜਾਬ ਵਿਚ ਪੰਜਾਬੀ ਦਾ ਅਧਿਆਪਨ/ਖੋਜ/ਪੜ੍ਹਨ ਪੜ੍ਹਾਉਣ ਦਾ ਸਿਲਸਿਲਾ ਤੁਰਿਆ ਤਾਂ ਲਹਿੰਦੇ ਪੰਜਾਬ ਵਿਚ ਲਿਖੇ ਜਾ ਰਹੇ ਸਾਹਿਤ ਨੂੰ ਵੇਖਣ/ਸਮਝਣ ਦੀ ਉਤਸੁਕਤਾ ਜਾਗੀ। ਇਹ ਪਹਿਲ ਕਦਮੀ ਚੜ੍ਹਦੇ ਪੰਜਾਬ ਵੱਲੋਂ ਹੀ ਵਿਖਾਈ ਗਈ। ਸਿੱਟੇ ਵਜੋਂ ਲਹਿੰਦੇ ਪੰਜਾਬ ਦੇ ਲੇਖਕਾਂ ਨੇ ਵੀ ਇਸਦਾ ਸੁਆਗਤ ਕਰਦਿਆਂ ਚੜ੍ਹਦੇ ਪੰਜਾਬ ਦੇ ਸਾਹਿਤ ਵਿਚ ਦਿਲਚਸਪੀ ਦਿਖਾਉਣ ਦੀ ਸ਼ੁਰੂਆਤ ਕੀਤੀ। ਪਰ ਜਿਸ ਵੇਲੇ ਇਹ ਪਹਿਲਕਦਮੀਆਂ ਹੋਈਆਂ ਉਦੋਂ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਨੂੰ ਬਹੁਤ ਪਿੱਛੇ ਧਕੇਲ ਦਿੱਤਾ ਗਿਆ ਸੀ। (ਇਹ ਗੱਲ ਵਰਨਣਯੋਗ ਹੈ ਕਿ ਪੰਜਾਬੀ ਦੀ ਪੜ੍ਹਾਈ ਲਈ ਫਾਰਸੀ ਰਸਮੁਲਖ਼ਤ ਕਦੇ ਵੀ ਮਾਧਿਅਮ ਨਹੀਂ ਰਿਹਾ ਤੇ ਪੰਜਾਬੀ ਪੜ੍ਹਨ ਲਈ ਗੁਰਮੁਖੀ ਲਿਪੀ ਕਦੇ ਵੀ ਇਸਲਾਮਿਕ ਤਹਿਜ਼ੀਬ ਨੂੰ ਰਾਸ ਨਹੀਂ ਆਈ) ਪਾਕਿਸ਼ਤਾਨ ਵਿਚ ਇਕ ਗਿਣੀ ਮਿਥੀ ਸਾਜਿਸ਼ ਤਹਿਤ ਪੰਜਾਬੀ ਤੇ ਕੁਹਾੜਾ ਚਲਾਇਆ ਗਿਆ। ਇਸ ਨੂੰ ਘਰਾਂ 'ਚੋਂ ਬੇਦਖ਼ਲ ਕਰਨ ਦਾ ਜ਼ੋਰਦਾਰ ਉਪਰਾਲਾ ਹੋਇਆ। ਪੰਜਾਬੀ ਨੂੰ ਬੋਲੀ ਵਜੋਂ ਨਕਾਰਨਾ (ਪੜ੍ਹਨਾ ਪੜ੍ਹਾਉਣਾ ਤਾਂ ਦੂਰ) ਵੱਡੀ ਪੱਧਰ ਤੇ ਹੋਇਆ। ਇਸ ਦਾ ਅਸਰ ਹੁਣ ਸਾਫ਼ ਨਜ਼ਰ ਆਉਂਦਾ ਹੈ। ਘਰਾਂ, ਦਫ਼ਤਰਾਂ, ਸਰਵਜਨਕ

ਥਾਵਾਂ 'ਤੇ ਉਰਦੂ ਪ੍ਰਧਾਨ ਹੈ। ਪੰਜਾਬੀ ਨੂੰ ਡਾਢੀ ਹਿਰਾਕਤ ਨਾਲ ਵੇਖਿਆ ਜਾਂਦਾ ਹੈ।

ਲਹਿੰਦੇ ਪੰਜਾਬ ਵਿਚ ਪੰਜਾਬੀ ਸਾਹਿਤ ਸਿਰਜਣ ਦਾ ਸਿਲਸਿਲਾ ਏਨਾ ਧੀਮਾ ਚੱਲਿਆ ਕਿ ਕੋਈ ਉਭਰਵੀਂ ਪੈੜ ਨਜ਼ਰ ਨਹੀਂ ਆਉਂਦੀ। ਲੇਖਕਾਂ ਦਾ ਆਪਸੀ ਸੰਪਰਕ ਮਾਧਿਅਮ ਵੀ ਕਿਧਰੇ ਕੋਈ ਨਹੀਂ। ਪੱਤਰਕਾਰੀ ਦਾ ਏਨਾ ਮੰਦਾ ਹਾਲ ਹੈ ਕਿ ਪੰਜਾਬੀ ਦੀ ਅਖ਼ਬਾਰ ਈ ਕੋਈ ਨਹੀਂ ਨਿਕਲਦੀ (ਹੁਣ 'ਖ਼ਬਰਾਂ' ਨਾਂ ਦੀ ਇਕ ਅਖ਼ਬਾਰ ਨਿਕਲੀ ਹੈ ਪਰ ਉਸਦਾ ਸਰਕੂਲੇਸ਼ਨ ਏਨਾ ਮਾਮੂਲੀ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਉਹਦੇ ਬਾਰੇ ਪਤਾ ਈ ਨਹੀਂ)। ਵਿਰਲੇ ਟਾਵੇਂ ਰਸਾਲੇ ਹਨ, ਜਿਨ੍ਹਾਂ ਦੀ ਸੀਮਤ ਜਿਹੀ ਪਹੁੰਚ ਹੈ। ਅਦਬ ਦੀ ਨਿੱਠ ਕੇ ਪੁਣਛਾਣ, ਪੜਚੋਲ ਦਾ ਕਿਤੇ ਕੋਈ ਬੱਝਵਾਂ ਕੰਮ ਨਜ਼ਰ ਨਹੀਂ ਆਉਂਦਾ। ਅਧਿਆਪਨ ਦੀਆਂ ਲੋੜਾਂ ਈ ਕਿਤੇ ਨਹੀਂ ਸਨ, ਭਾਸ਼ਾ ਦੀ ਲੋੜ ਵੀ ਕਿੰਨੀ ਕੁ ਪੈਣੀ ਸੀ ?

ਪੰਜਾਬੀ ਸਾਹਿਤ ਦੀ ਸੇਵਾ 'ਚ ਲੱਗੇ ਮਰਜੀਵੜੇ ਪ੍ਰਤੀਕੂਲ ਹਾਲਾਤਾਂ ਵਿਚ ਆਪੋ ਆਪਣੇ ਢੰਗ ਤਰੀਕਿਆਂ/ਵਸੀਲਿਆਂ ਨਾਲ ਸਿਰਜਣਾ ਦੇ ਅਮਲ 'ਚ ਜੁਟੇ ਰਹੇ। ਇਹ ਵੱਡੇ ਮਾਣ ਦੀ ਗੱਲ ਹੈ ਕਿ ਬੇਸ਼ੁਮਾਰ ਔਕੜਾਂ/ਮਾਰਸ਼ਲ ਲਾਆਂ ਜਿਹੇ ਦਮ ਘੁਟਵੇਂ ਮਾਹੌਲ, ਪੁਲਿਸ ਤੇ ਫੌਜ ਦੇ ਜ਼ੁਲਮਾਂ ਨੂੰ ਸਹਿ ਕੇ ਵੀ ਇਹ ਲੇਖਕ ਮਾਂ ਬੋਲੀ ਦੀ ਪਛਾਣ ਦੇ ਨਕਸ਼ਾਂ ਨੂੰ ਗੂੜ੍ਹਿਆਂ ਕਰਨ ਲਈ ਯਤਨਸ਼ੀਲ ਰਹੇ। ਲਹਿੰਦੇ ਪੰਜਾਬ ਦੇ ਮੁਕਾਬਲੇ ਚੜ੍ਹਦੇ ਪੰਜਾਬ ਵਿਚ ਵਿਧੀਵਤ ਕੰਮ ਹੁੰਦਾ ਰਿਹਾ। ਸਾਹਿਤ ਦੇ ਇਤਿਹਾਸ ਵਿਚ ਕੁਝ ਨਵਾਂ ਜੁੜਦਾ ਰਿਹਾ। ਪਰ ਲਿਪੀਆਂ ਦੇ ਵਖਰੇਵੇਂ ਨੇ ਇਕ ਦੂਜੇ ਨੂੰ ਪੜ੍ਹਨ ਸਮਝਣ ਤੋਂ ਮਹਿਰੂਮ ਹੀ ਰੱਖਿਆ। ਇਓਂ ਜਿਹੜਾ ਕਾਰਜ ਪਹਿਲਾਂ ਹੀ ਅਧੂਰਾ ਸੀ, ਉਹ ਅਧੂਰਾ ਈ ਰਿਹਾ ਤੇ ਅੱਜ ਵੀ ਹੈ।

ਪਿਛਲੇ ਇਕ ਡੇਢ ਦਹਾਕੇ ਵਿਚ ਜੋ ਕੁਝ ਸਿਫ਼ਤੀ ਤਬਦੀਲੀਆਂ ਵਾਪਰੀਆਂ ਨੇ ਉਹਨਾਂ ਨੇ ਦੋਹਾਂ ਪਾਸਿਆਂ ਦੇ ਪੰਜਾਬੀ ਲੇਖਕਾਂ ਨੂੰ ਕੁਝ ਹੱਦ ਤਕ ਕਰੀਬ ਲਿਆਂਦਾ ਹੈ। ਇਹ ਨੇੜਤਾ ਮਹਿਜ਼ ਮੁੱਢਲੀ ਪੱਧਰ ਦੀ ਹੈ। ਇਹ ਸਥਿਤੀ ਹਾਲੇ ਇਕ ਦੂਜੇ ਦਾ ਨਾਂ ਜਾਨਣ ਤੇ ਇਕ ਦੂਜੇ ਦੀਆਂ ਕਿਤਾਬਾਂ ਬਾਰੇ ਪਤਾ ਹੋਣ ਤੋਂ ਬਹੁਤੀ ਅਗੇਰੇ ਨਹੀਂ ਗਈ। ਇਕ ਦੂਜੇ ਦਾ ਇਧਰ ਉਧਰ ਆਉਣਾ ਜਾਣਾ ਉਪਭਾਵੁਕਤਾ ਨਾਲ ਭਰਿਆ ਹੈ। ਮਹਿਮਾਨ-ਨਿਵਾਜ਼ੀ ਤੇ ਮਿਲਣਾ-ਜੁਲਣਾ ਹੈ। ਸਾਹਿਤ ਨੂੰ ਸਹਿਜ ਰੂਪ ਵਿਚ ਸਮਝਣਾ ਤੇ ਉਹਦੇ ਬਾਰੇ ਨਿਰਪੱਖ ਦ੍ਰਿਸ਼ਟੀਕੋਣ ਅਪਨਾ ਸਕਣ ਦਾ ਪੜਾਅ ਹਾਲੇ ਬਹੁਤ ਅਗੇਰੇ ਹੈ। ਲਿਪੀਆਂ ਨੂੰ ਸਹਿਜ ਰੂਪ ਵਿਚ ਪੜ੍ਹਨ ਸਮਝਣ ਵਿਚ ਹਾਲੇ ਲੰਮਾ ਪੈਂਡਾ ਹੈ। ਲਿਪੀਅੰਤਰ ਹੋ ਕੇ ਆਏ ਜਾਂ ਗਏ ਸਾਹਿਤ ਤੋਂ ਕਿੰਨਾ ਕੁ ਨਿੱਠਵਾਂ ਮੁਤਾਲਿਆ ਜਾ ਸਕਦਾ ਹੈ ? ਨਿਰਸੰਦੇਹ ਇਹ ਬਹੁਤ ਵੱਡੀ ਸੀਮਾ ਹੈ ਤੇ ਇਸ ਸੀਮਾ ਨੇ ਬਹੁਤ ਚਿਰ ਤੱਕ ਇੰਜ ਹੀ ਬਣੇ ਰਹਿਣਾ ਹੈ।

ਇਹ ਸਾਡੀ ਦ੍ਰਿਸ਼ਟੀ ਹੈ ਬੇਸ਼ੱਕ ਸੀਮਤ ਹੀ ਹੈ ਕਿ ਚੜ੍ਹਦੇ ਪੰਜਾਬ ਦਾ ਕਥਾ ਸਾਹਿਤ ਜਿਨ੍ਹਾਂ ਆਲੋਚਨਾਤਮਕ ਮਿਆਰਾਂ ਦੇ ਹਾਣ ਦਾ ਹੈ ਲਹਿੰਦੇ ਪੰਜਾਬ ਦਾ ਓਨਾ ਨਹੀਂ। ਜਿਸ ਨਜ਼ਰ ਨਾਲ ਕਹਾਣੀ ਨੂੰ ਚੜ੍ਹਦੇ ਪੰਜਾਬ ਦੇ ਕਥਾ ਆਲੋਚਕ ਵੇਖਦੇ ਸਮਝਦੇ ਹਨ, ਉਸ ਭਾਂਤ ਦੀ ਨਜ਼ਰ ਪਾਕਿਸਤਾਨੀ ਪੰਜਾਬ ਵਿਚ ਨਹੀਂ ਲੱਭਦੀ। ਕਹਾਣੀ ਦੇ ਵਿਕਾਸ ਦੇ ਜਿਨ੍ਹਾਂ ਪੜਾਵਾਂ ਦੀ ਨਿਸ਼ਾਨਦੇਹੀ ਚੜ੍ਹਦੇ ਪੰਜਾਬ ਵਿਚ ਕਰਨ ਦਾ ਯਤਨ ਹੋਇਆ, ਉਹੋ ਜਿਹਾ ਯਤਨ ਲਹਿੰਦੇ ਪੰਜਾਬ ਵਿਚ ਨਹੀਂ ਹੋਇਆ। ਸਿੱਟੇ ਵਜੋਂ ਉਥੋਂ ਦੀ ਕਹਾਣੀ ਨੂੰ ਸਮੁੱਚਤਾ ਵਿਚ ਸਮਝਣਾ ਅੱਜ ਤਕ ਵੀ ਕਠਿਨ ਹੈ। ਪੰਜ-ਦਸ, ਵੀਹ ਜਾਂ ਪੰਜਾਹ ਕਹਾਣੀਆਂ ਸਾਹਮਣੇ ਰੱਖ ਕੇ ਕੁਝ ਇਸ਼ਾਰੇ ਮਾਤਰ ਹੀ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਇਹ ਸਮੱਸਿਆ ਸਾਡੇ ਉਹਨਾਂ ਅਧਿਆਪਕਾਂ ਲਈ ਵੀ ਹਨ ਜੋ ਯੂਨੀਵਰਸਿਟੀਆਂ ਦੇ ਪੰਜਾਬੀ ਵਿਭਾਗਾਂ ਵਿਚ



ਪਾਕਿਸਤਾਨੀ ਸਾਹਿਤ ਪੜ੍ਹਾ ਰਹੇ ਹਨ। ਇਹ ਸਮੱਸਿਆਵਾਂ ਮੇਰੇ ਜਿਹੇ ਲੇਖਕ ਲਈ ਵੀ ਹਨ, ਜੋ ਸ਼ਾਹਮੁਖੀ ਲਿਪੀ ਨੂੰ ਲਿਖ ਪੜ੍ਹ ਸਕਦਾ ਹੈ ਤੇ ਚਾਰ ਪੰਜ ਪਾਕਿਸਤਾਨ ਫੇਰੀਆਂ ਮਗਰੋਂ ਕੁਝ ਸਾਹਿਤਕ ਸਾਂਝਾਂ ਬਣਾਉਣ ਤੇ ਕੁਝ ਅਦਬ ਪ੍ਰਾਪਤ ਕਰਨ ਵਿਚ ਕਾਮਯਾਬ ਰਿਹਾ। ਇਸ ਗੱਲ ਤੋਂ ਕਦੇ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਇਕ ਦੂਜੇ ਮਾਹੌਲ ਨਾਲ ਬੇਗਾਨਗੀ, ਸਹਿਜ ਮੇਲ ਮਿਲਾਪ ਦੀ ਘਾਟ ਤੇ ਸਾਹਿਤ ਨੂੰ ਖੁਭ ਕੇ ਸਮਝਣ ਵੇਖਣ-ਪਰਖਣ ਦੇ ਸੀਮਤ ਵਸੀਲੇ ਇਸ ਜਾਂ ਅਜਿਹੀਆਂ ਹੋਰ ਚੋਣਾਂ ਨੂੰ ਸੰਪੂਰਨਤਾ ਦੇ ਨੇੜੇ ਲਿਆਉਣ ਵਿਚ ਵੱਡਾ ਖੱਪਾ ਹਨ। ਇਹਨਾਂ ਸੀਮਾਵਾਂ ਸਮੱਸਿਆਵਾਂ ਦੀ ਮੌਜੂਦਗੀ ਵਿਚ ਹੀ 'ਚਿਰਾਗ਼' ਦੇ ਇਸ 'ਪਾਕਿਸਤਾਨੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ' ਨੂੰ ਅਮਲੀ ਰੂਪ ਦਿੱਤਾ ਜਾ ਸਕਿਆ ਹੈ। ਮੇਰੇ ਲਾਹੌਰ ਦੇ ਮਿੱਤਰ ਜਮੀਲ ਅਹਿਮਦ ਪਾਲ, ਜ਼ੁਬੈਰ ਅਹਿਮਦ, ਆਸ਼ਿਕ ਰਹੀਲ, ਇਕਬਾਲ ਕੈਸਰ ਤੇ ਕਰਾਮਤ ਅਲੀ ਮੁਗ਼ਲ ਮੈਨੂੰ ਵੇਲੇ ਸੁਵੇਲੇ ਸੁਝਾਅ ਦਿੰਦੇ ਰਹੇ, ਜੋ ਮੇਰੇ ਲਈ ਹਮੇਸ਼ਾ ਲਾਹੇਵੰਦ ਰਹੇ।

ਇਹਨਾਂ ਕਹਾਣੀਆਂ ਦੀ ਚੋਣ ਕਰਦਿਆਂ ਇਹ ਧਿਆਨ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਹਨਾਂ ਵਿਚੋਂ ਲਹਿੰਦੇ ਪੰਜਾਬ ਦੇ ਪੇਂਡੂ/ਸ਼ਹਿਰੀ ਜੀਵਨ ਦੇ ਵਿਭਿੰਨ ਸਰੋਕਾਰਾਂ ਦੀ ਸ਼ਨਾਖ਼ਤ ਹੋ ਸਕੇ ਤੇ ਲੇਖਕਾਂ ਦੀ ਕਥਾ ਜੁਗਤ ਨਾਲ ਵੀ ਤੁਆਰਫ਼ ਹੋ ਸਕੇ। ਇਹਨਾਂ ਲੇਖਕਾਂ ਵਿਚ ਜਿਥੇ ਅਨਵਰ ਅਲੀ, ਅਫਜ਼ਲ ਤੌਸੀਫ਼, ਹੁਸੈਨ ਸ਼ਾਹਿਦ, ਆਸ਼ਿਕ ਰਹੀਲ, ਅਮੀਨ ਮਲਿਕ ਤੇ ਆਸ਼ਿਕ ਜਿਹੇ ਪ੍ਰੌਢ ਹਸਤਾਖ਼ਰ ਹਨ, ਉਥੇ ਸਈਦ ਭੁੱਟਾ, ਜਮੀਲ ਅਹਿਮਦ ਪਾਲ, ਜ਼ੁਬੈਰ ਅਹਿਮਦ, ਕਰਾਮਤ ਅਲੀ ਮੁਗਲ, ਖਾਲਿਦ ਫਰਿਹਾਦ ਜਿਹੇ ਨਵੀਂ ਪੀੜ੍ਹੀ ਦੇ ਲੇਖਕ ਵੀ ਹਨ। ਪਿਛਲੀ ਪੀੜ੍ਹੀ ਦੇ ਰਚਨਹਾਰ ਜਿਥੇ ਸਰਲ ਸਪਾਟ ਵਿਧੀ ਨਾਲ ਕਹਾਣੀ ਸਿਰਜਦੇ ਹਨ, ਉਥੇ ਨਵੀਂ ਪੀੜ੍ਹੀ ਦੇ ਲੇਖਕ ਪ੍ਰਤੀਕਾਂ ਰਾਹੀਂ ਵਲੇਵੇਂਦਾਰ ਵਿਧੀ ਨੂੰ ਵਰਤੋਂ ਵਿਚ ਲਿਆਉਂਦੇ ਹਨ। ਇਹ ਗੱਲ ਤਸੱਲੀ ਵਾਲੀ ਹੈ ਕਿ ਇਹ ਲੇਖਕ ਲਗਪਗ ਸਾਰੇ ਹੀ ਗੁਰਮੁਖੀ ਲਿਪੀ ਤੋਂ ਜਾਣੂ ਹਨ ਤੇ ਚੜ੍ਹਦੇ ਪੰਜਾਬੀ ਦੇ ਕਥਾ ਸਾਹਿਤ ਵਿਚ ਦਿਲਚਸਪੀ ਰੱਖਦੇ ਹਨ। ਉਹ ਆਪਣੀ ਕਹਾਣੀ ਸਿਰਜਣ ਦੀ ਜੁਗਤ ਵਿਚ ਵੀ ਸਿਫ਼ਤੀ ਤਬਦੀਲੀਆਂ ਲਿਆ ਰਹੇ ਹਨ।

ਇਹ ਅੰਕ ਮੇਰੀ ਕਈ ਮਹੀਨਿਆਂ ਦੀ ਨਿੱਠ ਕੇ ਕੀਤੀ ਮਿਹਨਤ ਦਾ ਫਲ਼ ਹੈ ਤੇ ਮੇਰਾ ਯਕੀਨ ਹੈ ਕਿ ਮੇਰੀਆਂ ਸੀਮਾਵਾਂ ਦੇ ਬਾਵਜੂਦ ਵੀ ਇਹ ਉਹਨਾਂ ਸਭ ਯਤਨਾਂ ਦੀ ਕੜੀ ਦਾ ਅਗਲਾ ਹਿੱਸਾ ਹੈ, ਜੋ ਇਸ ਖੇਤਰ ਵਿਚ ਪਹਿਲਾਂ ਹੋਏ ਹਨ ਤੇ ਇਹ ਉਸ ਸਮਝ ਦੇ ਦਾਇਰੇ ਨੂੰ ਅਵੱਸ਼ ਵਸੀਹ ਕਰਾਂਗਾ, ਜੋ ਪਹਿਲੇ ਯਤਨਾਂ ਨਾਲ ਲਹਿੰਦੇ ਪੰਜਾਬ ਦੀ ਕਹਾਣੀ ਬਾਰੇ ਪਾਠਕਾਂ ਆਲੋਚਕਾਂ ਦੀ ਬਣੀ ਹੈ। ਇਹ ਮੇਰਾ ਯਕੀਨ ਹੈ ਕਿ ਦੋਹਾਂ ਪੰਜਾਬਾਂ ਦਰਮਿਆਨ ਜਿਸ ਸਹਿਜ ਸਾਹਿਤਕ ਰਿਸ਼ਤੇ ਦੀ ਕਾਮਨਾ ਕਲਪਨਾ ਅਸੀਂ ਕਰਦੇ ਹਾਂ, ਉਸ ਤਕ ਇੰਜ ਦੇ ਹੀ ਯਤਨਾਂ ਤਕ ਅੱਪੜਿਆ ਜਾ ਸਕੇਗਾ।

ਮੇਰੇ ਦੋਸਤ ਸ. ਪਾਲ ਸਿੰਘ ਵੱਲਾ, ਜਿਨ੍ਹਾਂ ਆਪਣੀ ਬੀਮਾਰੀ ਤੇ ਮੁਕੰਮਲ ਆਰਾਮ ਕਰਨ ਦੀ ਨਸੀਹਤ ਦੀ ਹਾਲਤ ਦੇ ਬਾਵਜੂਦ ਵੀ ਇਸ ਅੰਕ ਲਈ ਜਿਵੇਂ ਚਿੰਤਾ ਕੀਤੀ ਤੇ ਕਹਾਣੀਆਂ ਲਿਪੀਅੰਦਰ ਕਰਨ ਵਿਚ ਮੇਰੀ ਮਦਦ ਕੀਤੀ, ਉਸ ਲਈ ਮੈਂ ਉਹਨਾਂ ਦਾ ਰਿਣੀ ਹਾਂ।

**-ਤਲਵਿੰਦਰ ਸਿੰਘ**

# ਦੋ ਪੰਜਾਬੀ ਸਾਹਿਤ ਸੰਸਥਾਵਾਂ ਦੀ ਤਰਾਸਦੀ

2005 ਦਾ ਵਰ੍ਹਾ, ਸਾਡੀਆਂ ਦੋ ਸਾਹਿਤ ਸੰਸਥਾਵਾਂ, ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦਾ ਗੋਲਡਨ ਜੁਬਲੀ ਵਰ੍ਹਾ ਸੀ ਭਾਵ ਇਹਨਾਂ ਦੀ ਸਥਾਪਨਾ ਨੂੰ ਪੰਜਾਹ ਵਰ੍ਹੇ ਹੋ ਗਏ ਹਨ। ਅਕੈਡਮੀ ਦਾ ਵਰ੍ਹਾ ਬਿਨਾਂ ਕਿਸੇ ਜਸ਼ਨ ਦੇ, ਔਸਰ ਦੀ ਕੁੱਖ ਵਾਂਗ ਖ਼ਾਲੀ ਰਹਿ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦਾ ਵਰ੍ਹਾ ਮੁੱਕਣ ਦੀਆਂ ਬਰੂਹਾਂ ਉਪਰ ਹੈ। ਇਹਨਾਂ ਸੰਸਥਾਵਾਂ ਦੀ ਇਸ ਤਰਾਸਦੀ ਸੰਬੰਧੀ ਅਸੀਂ ਆਪਣੀ ਸੰਵੇਦਨਾ ਅਤੇ ਵਿਚਾਰ 'ਪਾਕਿਸਤਾਨੀ ਕਹਾਣੀ ਦੇ ਵਿਸ਼ੇਸ਼ ਅੰਕ' ਵਿਚ ਸੰਪਾਦਕੀ ਵਜੋਂ ਪੇਸ਼ ਕਰਨੇ ਜ਼ਰੂਰੀ ਸਮਝਦੇ ਹਾਂ।

ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ ਦੀ ਸਥਾਪਨਾ ਪੰਜਾਬੀ ਸਾਹਿਤ ਦੀ ਖੋਜ ਅਤੇ ਵਿਕਾਸ ਲਈ ਕੀਤੀ ਗਈ ਸੀ। ਇਸ ਨੇ ਦਸੰਬਰ 2005 ਵਿਚ ਆਪਣੇ ਸਫ਼ਰ ਦੇ ਪੰਜਾਹ ਵਰ੍ਹੇ ਪੂਰੇ ਕਰ ਲਏ ਹਨ। ਪੂਰਾ ਸਾਲ, ਸੰਸਥਾ ਆਪਣੀਆਂ ਪ੍ਰਾਪਤੀਆਂ ਨੂੰ ਲੋਕਾਂ ਵਿਚ ਅਤੇ ਅਕਾਦਮਿਕ ਹਲਕਿਆਂ ਵਿਚ, ਉਹਨਾਂ ਦੇ ਸਹਿਯੋਗ ਨਾਲ, ਉਹਨਾਂ ਨਾਲ ਸਾਂਝਾ ਕਰਦੀ ਹੈ। ਉਹਨਾਂ ਨੂੰ, ਉਹਨਾਂ ਦੇ ਜੀਵਨ ਵਿਚ ਸਾਹਿਤ ਅਤੇ ਭਾਸ਼ਾ ਦੀ ਮਹੱਤਤਾ ਅਤੇ ਭੂਮਿਕਾ ਨੂੰ ਸਥਾਪਤ ਕਰਨ ਦਾ ਯਤਨ ਕਰਦੀ ਹੈ। ਇਸ ਤਰ੍ਹਾਂ ਇਹ ਉਤਸਵ ਸਮਾਗਮ, ਪ੍ਰਬੰਧਕਾਂ ਦੀ ਪ੍ਰਤੀਬੱਧਤਾ ਅਤੇ ਉਹਨਾਂ ਦੀ ਸੰਸਥਾ ਪ੍ਰਤੀ ਦ੍ਰਿਸ਼ਟੀ ਦੇ ਲਖਾਇਕ ਵਜੋਂ ਵੀ ਸਾਹਮਣੇ ਆਉਂਦੇ ਹਨ।

ਮੰਦੇ ਭਾਗਾਂ ਨੂੰ ਲੁਧਿਆਣਾ ਸਾਹਿਤ ਅਕਾਦਮੀ ਲਈ ਇਸ ਦੀ ਕਾਰਜ ਸਾਧਕ ਕਮੇਟੀ ਅਤੇ ਮੁਖੀ ਪ੍ਰਬੰਧਕਾਂ ਵੱਲੋਂ ਅਜਿਹਾ ਨਹੀਂ ਕੀਤਾ ਗਿਆ। ਅਸੀਂ ਜਾਣਦੇ ਹਾਂ ਕਿ ਅਕੈਡਮੀ ਦੇ ਪ੍ਰਧਾਨ ਸ੍ਰੀ ਸੁਰਜੀਤ ਪਾਤਰ ਪ੍ਰਸਿੱਧ ਕਵੀ ਹਨ ਅਤੇ ਦੂਸਰੇ ਅਹੁਦੇਦਾਰ ਅਤੇ ਅੰਤਰਿੰਗ ਕਮੇਟੀ ਮੈਂਬਰਾਂ ਵਿਚੋਂ ਅੱਧ ਤੋਂ ਬਹੁਤੇ ਤਾਂ ਸਥਾਪਤ ਪੰਜਾਬੀ ਸਾਹਿਤਕਾਰ ਹਨ। ਇਹਨਾਂ ਵਿਚੋਂ ਪਹਿਲੇ ਤਿੰਨ ਮੁੱਖ ਅਹੁਦੇਦਾਰ ਅਤੇ ਮੀਤ ਪ੍ਰਧਾਨਾਂ ਸਮੇਤ ਕੁਲ ਮੈਂਬਰ ਤਾਂ ਲਗਾਤਾਰ ਕਈ ਵਰ੍ਹਿਆਂ ਤੋਂ ਇਸ ਦੇ ਪ੍ਰਤੀਨਿਧ ਚੱਲੇ ਆ ਰਹੇ ਹਨ। ਇਥੇ ਇਹਨਾਂ ਦੀ ਪ੍ਰਬੰਧਕੀ ਯੋਗਤਾ ਉਪਰ ਗੰਭੀਰ ਕਿੰਤੂ ਕੀਤਾ ਜਾਣਾ ਬਣਦਾ ਹੈ। ਇਹਨਾਂ ਨੂੰ ਕਿਸ ਮਜਬੂਰੀ ਨੇ ਗੋਲਡਨ ਜੁਬਲੀ ਦੇ ਜਸ਼ਨਾਂ ਨੂੰ ਵਿਉਂਤਣ ਤੋਂ ਰੋਕਿਆ ਹੈ ? ਜਾਂ ਇਹ ਆਪਣੇ ਵੱਡੇ ਸਥਾਪਤ ਲੇਖਕ ਹੋਣ ਦੀ ਹਉਮੈਂ ਦੇ ਹੀ ਸ਼ਿਕਾਰ ਹੋ ਗਏ ਹਨ ? ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਅਕੈਡਮੀ ਦੇ ਮੁੱਖ ਅਹੁਦੇਦਾਰ, ਅਕੈਡਮੀ ਦੇ ਵਿਕਾਸ ਲਈ ਕਿਸੇ ਭਵਿੱਖੀ ਵਿਉਂਤਬੰਦੀ ਦੀ ਦੂਰ ਦ੍ਰਿਸ਼ਟੀ ਤੋਂ ਕਿਉਂ ਸੱਖਣੇ ਹਨ ? ਇਹ ਘੱਟੋ ਘੱਟ ਆਪਣੇ ਪਿਛਲੇ ਚਾਰ ਸਾਲਾਂ ਦੀਆਂ ਪ੍ਰਾਪਤੀਆਂ (ਜੇ ਕੋਈ ਇਹ ਕੀਤੀਆਂ ਸਮਝਦੇ ਹਨ) ਅਤੇ ਇੱਕੀਵੀਂ ਸਦੀ ਵਿਚਲੇ ਅੰਨ੍ਹੇ ਵਿਸ਼ਵੀਕਰਨ ਦੇ ਉਪਭੋਗਤਾਵਾਦ ਦੇ ਪ੍ਰਭਾਵਾਂ ਕਾਰਨ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਭਿਆਚਾਰ ਨੂੰ ਲੱਗ ਰਹੀ ਢਾਅ ਪ੍ਰਤੀ ਆਪਣੀ ਫ਼ਿਕਰਮੰਦੀ ਨੂੰ ਤਾਂ ਪਰਗਟ ਕਰ ਹੀ ਸਕਦੇ ਸਨ। ਇਸ ਤੋਂ ਇਹਨਾਂ



ਦੀ ਕਿਸੇ ਚਿੰਤਾ ਦਾ ਪ੍ਰਗਟਾਅ ਸਾਹਮਣੇ ਨਹੀਂ ਆ ਰਿਹਾ। ਸ਼ਾਇਦ ਇਹ ਇਹਨਾਂ ਦੀ ਉਤਰ-ਆਧੁਨਿਕਤਾ ਦਾ ਕਿਰਿਆਤਮਕ ਰੂਪ ਹੈ ਜੋ ਇਤਿਹਾਸ ਦਾ ਅੰਤ ਹੋਣ ਵਿਚ ਜਾਣਦੇ-ਅਣਜਾਣਦੇ ਹੋਏ ਵਿਸ਼ਵਾਸ ਕਰ ਰਹੇ ਹਨ। ਫਿਰ ਅਜਿਹੀ ਸਥਿਤੀ ਵਿਚ ਇਹਨਾਂ ਤੋਂ ਮੈਂਬਰਾਂ ਦੀਆਂ ਭਾਵਨਾਵਾਂ ਉਪਰ ਪੂਰਾ ਉਤਰਨ ਦੀ ਕਿਵੇਂ ਆਸ ਕੀਤੀ ਜਾ ਸਕਦੀ ਹੈ ?

ਜੇਕਰ ਇਹਨਾਂ ਪ੍ਰਬੰਧਕਾਂ ਨੂੰ ਅਕੈਡਮੀ ਦੇ ਗੌਰਵਸ਼ਾਲੀ ਇਤਿਹਾਸ ਦਾ ਜ਼ਰਾ ਜਿੰਨਾ ਅਹਿਸਾਸ ਹੁੰਦਾ ਅਤੇ ਆਪਣੀ ਗੁਲਡਨ ਜੁਬਲੀ ਵਰ੍ਹਾ ਮਨਾਉਣ ਦੀ ਸਮਰਥਾ ਦਾ ਪਤਾ ਸੀ ਤਾਂ ਇਹ ਇਸ ਲਈ ਕੋਈ ਹੋਰ ਕਮੇਟੀ ਸਥਾਪਤ ਕਰ ਸਕਦੇ ਸਨ। ਅਜਿਹੀ ਸਪੈਸ਼ਲ ਕਮੇਟੀ ਇਕ ਸਾਲ ਪਹਿਲਾਂ ਬਣਾਈ ਜਾ ਸਕਦੀ ਸੀ। ਇਹ ਕਮੇਟੀ ਜੁਬਲੀ ਵਰ੍ਹੇ ਦੇ ਸਮਾਗਮ, ਪੰਜਾਬ ਭਰ ਦੀਆਂ ਸਾਹਿਤ ਸਭਾਵਾਂ ਦੇ ਸਹਿਯੋਗ ਨਾਲ ਹਰ ਜ਼ਿਲ੍ਹੇ ਵਿਚ ਕਰ ਸਕਦੇ ਸਨ ਅਤੇ ਮੁਖ ਸਮਾਗਮ ਵਿਚ ਇਕ ਹਫ਼ਤੇ ਭਰ ਲਈ ਲੁਧਿਆਣੇ ਵਿਚ ਕਰ ਸਕਦੇ ਸਨ। ਇਹ ਯਾਦ ਰੱਖਣਾ ਚਾਹੀਦਾ ਸੀ ਕਿ ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ ਦੇ ਪੰਜਾਬੀ ਭਵਨ ਦਾ ਨੀਂਹ ਪੱਥਰ ਭਾਰਤ ਦੇ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਨੇ ਰੱਖਿਆ ਸੀ। ਕੋਈ ਕਾਰਨ ਨਹੀਂ ਸੀ ਕਿ ਇਸ ਦੇ ਗੋਲਡਨ ਜੁਬਲੀ ਵਰ੍ਹੇ ਲਈ ਭਾਰਤ ਦੇ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਨੂੰ ਨਹੀਂ ਸੀ ਬੁਲਾਇਆ ਜਾ ਸਕਦਾ। ਪਰੰਤੂ ਅਜਿਹਾ ਕਰਨ ਲਈ ਬਾਹਰਮੁਖੀ ਦ੍ਰਿਸ਼ਟੀ ਦਾ ਹੋਣਾ ਜ਼ਰੂਰੀ ਸੀ, ਜਿਸ ਦੀ ਥੁੜ ਅਕੈਡਮੀ ਦੇ ਪ੍ਰਬੰਧਕਾਂ ਵਿਚੋਂ ਆਪ ਮੂੰਹੋਂ ਬੋਲ ਰਹੀ ਹੈ।

ਗੋਲਡਨ ਜੁਬਲੀ ਦਾ ਵਰ੍ਹਾ ਨਾ ਮਨਾ ਕੇ ਅਕੈਡਮੀ ਦੇ ਪ੍ਰਬੰਧਕਾਂ ਦੀ ਇਸ ਦੇ ਉਦੇਸ਼ਾਂ ਤੋਂ ਬੇਮੁਖ ਹੋ ਕੇ, ਕੇਵਲ ਅਹੁਦੇਦਾਰੀਆਂ ਦੇ ਕਾਬਜ਼ ਹੋਣ ਅਤੇ ਕੋਈ ਹੋਰ ਵੀ ਮਨਸ਼ੇ ਹੋਣ, ਐਨ ਸੰਭਵ ਹੈ।

... ... ...

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਮੌਜੂਦਾ ਕਮੇਟੀ ਆਪਣੀ ਦੋ ਸਾਲਾਂ ਦੀ ਮਿਆਦ ਪੂਰੀ ਹੋਣ ਪਿੱਛੋਂ ਫਰਵਰੀ 2006 ਨੂੰ ਨਵੀਆਂ ਚੋਣਾਂ ਕਰਵਾਉਣ ਜਾ ਰਹੀ ਹੈ। ਇਸ ਕਮੇਟੀ ਦੇ ਮੁਖੀਆਂ, ਪ੍ਰਧਾਨ ਅਵਤਾਰ ਜੌੜਾ ਅਤੇ ਜਨਰਲ ਸਕੱਤਰ ਮੁਹਿੰਦਰਦੀਪ ਗਰੇਵਾਲ ਨੇ ਕਿਹੜੀਆਂ ਪ੍ਰਾਪਤੀ ਕਰਨ ਲਈ ਕਮੇਟੀ ਦੀ ਅਗਵਾਈ ਕੀਤੀ ਹੈ, ਬਾਰੇ ਕੋਈ ਪੁੱਛੇ ਤਾਂ ਕੀ ਪੁੱਛੇ ? ਸ਼ਾਇਦ ਚੋਣਾਂ ਦੇ ਦਿਨ ਇਹ ਕੋਈ ਰਿਪੋਰਟ ਨਾਂ ਦੀ ਚੀਜ਼ ਪੇਸ਼ ਕਰਨ। ਹਾਂ, ਖਰਚਿਆਂ ਦਾ ਲੇਖਾ ਜੋਖਾ, ਜੋ ਪਿਛਲੀ ਵਾਰ ਅਤੇ ਉਸ ਤੋਂ ਪਹਿਲਾਂ ਕਿਸੇ ਅਕਾਊਂਟੈਂਟ ਤੋਂ ਕਾਗ਼ਜ਼ਾਂ ਉਪਰ ਠੱਪਾ ਲਵਾ ਕੇ, ਉਸ ਦੀ ਘੁੱਗੀ ਮਰਵਾ ਕੇ, ਪਹਿਲਾਂ ਵਾਂਗੂੰ ਲੱਖਾਂ ਦੇ ਖਰਚ, ਕਾਨੂੰਨ ਦੀ ਨਜ਼ਰ ਵਿਚ ਸਹੀ ਹੋਣ ਦਾ ਸਰਟੀਫ਼ਿਕੇਟ ਬਣਵਾ ਕੇ ਜ਼ਰੂਰ ਪੇਸ਼ ਕਰਨਗੇ।

ਇਸ ਦਾ ਲੰਘੇ ਦੋ ਸਾਲਾਂ ਦਾ ਰਿਕਾਰਡ ਮਾਯੂਸੀਆਂ, ਜਮੂਦਾਂ ਅਤੇ ਅਹੁਦਿਆਂ ਦੇ ਨਸ਼ਿਆਂ ਨਾਲ ਭਰਿਆ ਪਿਆ ਹੈ। ਸ਼ਾਇਦ ਲੰਘੇ ਪੰਜਾਹ ਸਾਲਾਂ ਵਿਚ ਅਜਿਹੀ ਸ਼ਰਮਨਾਕ ਕਾਰਜਕਰਦਗੀ ਕਦੀ ਵੀ ਨਾ ਰਹੀ ਹੋਵੇ। ਸ਼ਾਇਦ ਮੈਂਬਰਾਂ ਨੂੰ ਇਸ 'ਮਹਾਨ ਸਭਾ' ਦੀ ਕਾਰਜ ਸਾਧਕ ਕਮੇਟੀ ਤੋਂ, ਵਿਸ਼ੇਸ਼ ਕਰਕੇ ਮੁਖ ਅਹੁਦੇਦਾਰਾਂ ਤੋਂ ਕੁਝ ਜਾਣਨ ਦੀ ਉਤਸੁਕਤਾ ਵੀ ਨਾ ਹੋਵੇ। ਉਤਸੁਕਤਾ ਦੀ ਖਿੱਚ ਤਦ ਹੀ ਪੈਦਾ ਹੁੰਦੀ ਹੈ ਜੇਕਰ ਇਸ ਦੇ ਅਖੌਤੀ ਪ੍ਰਧਾਨ ਸੈਕਟਰੀ ਆਪਣੇ ਗੁਣ ਅਤੇ ਪ੍ਰਾਪਤੀਆਂ ਆਪਣੇ ਕਾਰਜਕਾਲ ਵਿਚ ਸਿੱਧ ਕਰਕੇ ਵਿਖਾਉਂਦੇ।

ਸਾਹਿਤ, ਸਾਹਿਤਕਾਰ ਅਤੇ ਸਮਾਜ (ਪਾਠਕ) ਨੂੰ ਜੋੜਨ ਵਾਲੀ ਕੜੀ, ਸਾਹਿਤ ਸਭਾ ਹੁੰਦੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), 80 ਤੋਂ ਵੱਧ ਸਾਹਿਤ ਸਭਾਵਾਂ ਦੀ ਪ੍ਰਤੀਨਿਧਤਾ ਕਰਦੀ ਹੈ, ਜਿਸ ਨਾਲ 2000 ਦੇ ਕਰੀਬ ਮੈਂਬਰ ਹਨ। (ਇਹਨਾਂ ਵਿਚ ਵੋਟ ਬੈਂਕ ਵਿਚ ਕੰਮ

ਆਉਣ ਵਾਲੇ ਅਲੇਖਕ ਮੈਂਬਰ ਵੀ ਸ਼ਾਮਲ ਹਨ।) ਲੰਘੇ ਦੋ ਸਾਲਾਂ ਦੀ ਕਮੇਟੀ ਨੇ ਇਸ ਸਭਾ ਨੂੰ ਸੇਖੋਂ ਸਭਾ ਦੀ, ਫੋਟੋ ਸਟੇਟ ਕਾਪੀ ਵਰਗੀਆਂ ਅਲਾਮਤਾਂ ਦੇ ਸਮਰੂਪ ਬਣਨ ਤਕ ਪਹੁੰਚਾ ਦਿੱਤਾ ਹੈ। ਇਹੋ ਕਾਰਨ ਹੈ ਕਿ ਇਹ ਆਪਣੀ ਸਥਾਪਨਾ ਦੇ ਗੋਲਡਨ ਜੁਬਲੀ ਵਰ੍ਹੇ ਦੀ ਮਹੱਤਤਾ ਨੂੰ ਅਣਡਿੱਠ ਕਰਨ ਦਾ ਗੁਨਾਹ ਕਰਨ ਦੀ ਭਾਗੀ ਬਣ ਗਈ ਹੈ। ਗੋਲਡਨ ਜੁਬਲੀ ਦੋ ਗ਼ਜ਼ ਕੱਪੜੇ ਉਪਰ ਲਿਖ ਕੇ ਕੰਧ ਉਪਰ ਟੰਗ ਦੇਣ ਨਾਲ ਨਹੀਂ ਮਨਾ ਹੋ ਜਾਂਦੀ। ਇਸ ਲਈ ਸਾਲ ਭਰ ਪਹਿਲਾਂ ਬਕਾਇਦਾ ਕਮੇਟੀ ਬਣਾਈ ਜਾਣੀ ਚਾਹੀਦੀ ਸੀ ਜੋ ਇਸ ਦੀ ਵਿਰਾਸਤ ਰੂਪ ਰੇਖਾ ਉਲੀਕਦੀ, ਜਿਸ ਵਿਚ ਪੰਜਾਬੀ ਵੱਡੇ ਪੱਧਰ ਉਪਰ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਂਦਾ। ਇਸ ਨੂੰ ਕਿਸੇ ਤੱਟ ਫੱਟ ਮਜਮੇ ਵਰਗਾ ਸਮਾਗਮ ਕਰਕੇ ਵੀ ਪੂਰਿਆ ਨਹੀਂ ਜਾ ਸਕਦਾ ਸੀ। ਉਹ ਆਪਣੇ ਆਪ ਵਿਚ ਕਿੰਨਾ ਵੀ ਪ੍ਰਭਾਵਸ਼ਾਲੀ ਕਿਉਂ ਨਾ ਹੋਵੇ।

ਕੁਝ ਸਥਾਨਕ ਸਾਹਿਤ ਸਭਾਵਾਂ ਨਾਲ ਮਿਲ ਕੇ ਗੋਲਡਨ ਜੁਬਲੀ ਵਰ੍ਹੇ ਦੇ ਨਾਂ ਹੇਠ ਇੱਕੜ ਦੁੱਕੜ ਸਮਾਗਮ ਕੀਤੇ ਗਏ ਹਨ। ਇਹਨਾਂ ਵਿਚ ਆਦਿ ਗ੍ਰੰਥ ਸਾਹਿਬ ਉਪਰ ਕੀਤਾ ਗਿਆ, ਚੰਡੀਗੜ੍ਹ ਦਾ ਗੋਸ਼ਟੀ ਪ੍ਰੋਗਰਾਮ ਵਧੀਆ ਸੀ। ਗ਼ਜ਼ਲ ਉਪਰ ਗੋਸ਼ਟੀ ਤਾਂ ਕੇਂਦਰੀ ਸਭਾ ਦੇ ਹੱਥੋਂ ਹੀ ਨਿਕਲ ਕੇ ਮਹਿਜ਼ ਸਹਿਯੋਗੀ ਬਣ ਕੇ ਹੀ ਰਹਿ ਗਈ। ਸਮੁੱਚੇ ਤੌਰ ਉਪਰ ਇਹ ਸਭਾਵਾਂ ਦੇ ਸਹਿਯੋਗ ਨਾਲ ਕੀਤੇ, ਕੇਂਦਰੀ ਸਭਾ ਦੇ ਪ੍ਰੋਗਰਾਮਾਂ ਦੀ ਥਾਂ ਸਭਾਵਾਂ ਦੇ ਪ੍ਰੋਗਰਾਮ ਹੀ ਨਜ਼ਰ ਆਉਂਦੇ ਸਨ। ਏਸੇ ਕਾਰਨ ਮਨਾਂ ਵਿਚ ਇਹ ਅਹਿਸਾਸ ਪੈਦਾ ਕਰਨ ਵਾਲੇ ਸਮਾਗਮ ਦਾ ਪ੍ਰਭਾਵ ਉੱਕਾ ਹੀ ਸਿਰਜ ਨਹੀਂ ਸਕੇ। ਇਸ ਤੋਂ ਬਿਨਾਂ ਕਿਸੇ ਵੀ ਸਮਾਗਮ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਗੋਲਡਨ ਜੁਬਲੀ ਵਰ੍ਹੇ ਦੇ ਮਨਾਏ ਜਾਣ ਦੀ ਮਹੱਤਤਾ, ਇਸ ਦੀ ਸਥਾਪਨਾ ਦਾ ਇਤਿਹਾਸ, ਇਸ ਦੇ ਉਦੇਸ਼, ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਇਸ ਦੀ ਦੇਣ, ਅਜੋਕੇ ਸਮੇਂ ਵਿਚ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਦਰਪੇਸ਼ ਵੱਡੀਆਂ ਵੰਗਾਰਾਂ, ਵਿਸ਼ਵੀਕਰਨ ਦੇ ਦੌਰ ਵਿਚ ਅੰਗਰੇਜ਼ੀ ਦੀ ਚੜ੍ਹਤ, ਸਰਕਾਰ ਦੀ ਸਿਖਿਆ ਨੀਤੀ ਆਦਿ ਵਰਗੇ ਵਿਸ਼ਿਆਂ ਨੂੰ ਨਾ ਵਿਚਾਰਨਾ ਕੇਂਦਰੀ ਸਭਾ ਦੇ ਜ਼ਿੰਮੇਵਾਰ ਵਿਅਕਤੀਆਂ ਨੂੰ ਜੁਆਬਦੇਹ ਬਣਾਉਂਦਾ ਹੈ।

ਜੇਕਰ ਇਹ ਸਹੀ ਅਰਥਾਂ ਵਿਚ ਜਿਵੇਂ ਸੰਸਥਾਵਾਂ ਵੱਲੋਂ ਸਿਲਵਰ ਜਾਂ ਗੋਲਡਨ ਜੁਬਲੀ ਸਮਾਗਮ ਮਨਾਏ ਜਾਂਦੇ ਹਨ, ਮਨਾਇਆ ਗਿਆ ਹੁੰਦਾ ਤਾਂ ਇਸ ਦੇ ਲਈ ਕੇਂਦਰੀ ਸਭਾ ਦੀ ਅਗਵਾਈ ਵਿਚ ਇਕ ਵਿਸ਼ੇਸ਼ ਕਮੇਟੀ ਦੇ ਇਸ ਨੂੰ ਸਪੁਰਦ ਕੀਤਾ ਜਾਣਾ ਚਾਹੀਦਾ ਸੀ। ਇਸ ਦੇ ਸਮਾਗਮਾਂ ਦੀਆਂ ਵਿਸਤਰਤ ਰਿਪੋਰਟਾਂ, ਮੀਡੀਏ ਵਿਚ ਛਾਪੀਆਂ ਅਤੇ ਪਰਸਾਰਤ ਕੀਤੀਆਂ ਗਈਆਂ ਹੁੰਦੀਆਂ। ਜੇਕਰ ਅਜਿਹਾ ਹੁੰਦਾ ਤਾਂ ਹੀ ਇਸ ਦੀਆਂ ਗੱਲਾਂ ਕੀਤੀਆਂ ਜਾਣੀਆਂ ਸੀ ਅਤੇ ਇਹ ਲੋਕ ਮਨਾਂ ਵਿਚ ਇਕ ਯਾਦ ਅਤੇ ਪ੍ਰਭਾਵ ਛੱਡ ਕੇ ਗਿਆ ਹੁੰਦਾ। ਅਜਿਹਾ ਪ੍ਰਭਾਵ ਨਜ਼ਰ ਨਾ ਆਉਣਾ ਹੀ ਕੇਂਦਰੀ ਸਭਾ ਦੀ ਵੱਡੀ ਅਸਫ਼ਲਤਾ ਦਾ ਲਖਾਇਕ ਬਣ ਗਿਆ ਹੈ।

ਅਦਾਰਾ ਚਿਰਾਗ਼ ਸਮੁੱਚੇ ਪੰਜਾਬੀ ਸਾਹਿਤਕ ਸੰਸਾਰ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਆਓ, ਇਹਨਾਂ ਮਹਾਨ ਸੰਸਥਾਵਾਂ ਦੀ ਪੁਨਰ ਸਿਰਜਣਾ ਲਈ ਆਪਣੀਆਂ ਜ਼ਿੰਮੇਵਾਰੀਆਂ ਨੂੰ ਪਛਾਣੀਏ। ਇਹਨਾਂ ਦੇ ਪ੍ਰਬੰਧਕਾਂ ਨੂੰ ਇਹਨਾਂ ਦੀ ਮਹੱਤਤਾ ਨੂੰ ਅਣਡਿੱਠ ਕਰਨ ਲਈ ਜ਼ਿੰਮੇਵਾਰ ਠਹਿਰਾਈਏ।

ਆਸ ਹੈ ਸਾਡੇ ਪਾਠਕ ਅਤੇ ਇਹਨਾਂ ਸੰਸਥਾਵਾਂ ਦੇ ਮੈਂਬਰ ਸਾਹਿਬਾਨ ਸਾਡੀ ਫ਼ਿਕਰਮੰਦੀ ਨਾਲ ਜ਼ਰੂਰ ਸਹਿਮਤ ਹੋਣਗੇ।

-ਸੰਪਾਦਕੀ ਮੰਡਲ





## – ਹਮਜ਼ਾਦ

ਅਨਵਰ ਅਲੀ –

ਮੈਨੂੰ ਅਬਦੁਲ ਰਹਿਮਾਨ ਨਾਲ ਇਕ ਕੰਮ ਪੈ ਗਿਆ ਤੇ ਪਤਾ ਨਹੀਂ ਉਹ ਪਾਕਿਸਤਾਨ ਬਣਨੋਂ ਬਾਅਦ ਲੁਧਿਆਣੇ ਤੋਂ ਕਿਥੇ ਤੁਰ ਗਿਆ ਏ ? ਇਹ ਅਬਦੁਲ ਰਹਿਮਾਨ ਇਕ ਤਰਖਾਣ ਸੀ ਤੇ ਜਿਹੜੇ ਲੋਕੀਂ ਉਹਦੀ ਹੱਟੀ ਉੱਤੇ ਬੈਠ ਕੇ ਉਹਦੇ ਕੋਲੋਂ ਯੂਸਫ਼ ਜ਼ੁਲੈਖਾਂ ਸੁਣਦੇ, ਉਹਨਾਂ ਦਾ ਕਹਿਣਾ ਸੀ, ਕਿ ਅਬਦੁਲ ਰਹਿਮਾਨ ਬੜਾ ਕਾਰੀਗਰ ਤਰਖਾਣ ਏ। ਉਹਦੇ ਵਰਗੀਆਂ ਜੋੜੀਆਂ ਤੇ ਚੌਖਟਾਂ ਸ਼ਹਿਰ ਵਿਚ ਕੋਈ ਦੂਜਾ ਤਰਖਾਣ ਨਹੀਂ ਬਣਾ ਸਕਦਾ। ਮੈਂ ਤੇ ਉਹਨੂੰ ਹਮੇਸ਼ ਮੰਜੀਆਂ ਪੀੜ੍ਹੀਆਂ ਠੋਕਦੇ ਈ ਵੇਖਿਆ ਏ ਜਾਂ ਫੇਰ ਯੂਸਫ਼ ਜ਼ੁਲੈਖਾਂ ਪੜ੍ਹਦਿਆਂ। ਕੁਝ ਲੋਕੀਂ ਇਹ ਵੀ ਕਹਿੰਦੇ ਕਿ ਉਹਨੇ ਜਿੰਨ ਕਾਬੂ ਕੀਤੇ ਹੋਏ ਨੇ। ਯੂਸਫ਼ ਜ਼ੁਲੈਖਾਂ ਤੋਂ ਵੱਖ ਉਹਦੇ ਕੋਲ ਇਕ ਹੋਰ ਕਿਤਾਬ ਵੀ ਸੀ, ਜਿਹਦਾ ਨਾਂ ਸੀ "ਅਸਲੀ ਬੰਗਾਲ ਕਾ ਜਾਦੂ"। ਮੈਂ ਅਸਲ ਵਿਚ ਅਬਦੁਲ ਰਹਿਮਾਨ ਦੀ ਹੱਟੀ ਉੱਤੇ ਏਸ ਅਸਲੀ ਬੰਗਾਲ ਦੇ ਜਾਦੂ ਖ਼ਾਤਰ ਬੈਠਦਾ ਸੀ। ਕਦੀ ਕਦੀ ਏਸ ਕਿਤਾਬ ਵਿਚੋਂ ਅਮਲੇ ਹੁਬ ਤੇ ਤਸਖ਼ੀਰ ਦੇ ਨੁਸਖ਼ੇ ਪੜ੍ਹ ਕੇ ਸੁਣਾਂਦਾ ਸੀ। ਇਹਨਾਂ ਨੁਸਖ਼ਿਆਂ ਵਿਚੋਂ ਇਕ ਨੁਸਖ਼ਾ ਹਮਜ਼ਾਦ ਨੂੰ ਕਾਬੂ ਕਰਨ ਦਾ ਵੀ ਸੀ। ਮੈਨੂੰ ਹਮਜ਼ਾਦ ਕਾਬੂ ਕਰਨ ਦੀ ਬੜੀ ਇੱਛਾ ਸੀ। ਕਿਉਂਕਿ ਕਿਤਾਬ ਕਹਿੰਦੀ ਸੀ ਕਿ ਹਮਜ਼ਾਦ ਤੁਹਾਡੇ ਲਈ ਬੇਮੌਸਮੇ ਫਲ ਲਿਆ ਸਕਦਾ ਏ, ਤਲਿੱਸਮੀ ਟੋਪੀ ਲਿਆ ਸਕਦਾ ਏ, ਜਿਹੜੀ ਤੁਸੀਂ ਪਾ ਲਵੋ ਤੇ ਆਪੇ ਤੇ ਸਾਰਿਆਂ ਨੂੰ ਵੇਖੋ, ਪਰ ਤੁਹਾਨੂੰ ਕੋਈ ਨਾ ਵੇਖ ਸਕੇ। ਮੈਨੂੰ ਹਮਜ਼ਾਦ ਦੀਆਂ ਇਹ ਗੱਲਾਂ ਬੜੀਆਂ ਚੰਗੀਆਂ ਲੱਗਦੀਆਂ ਸਨ। ਪਰ ਹਮਜ਼ਾਦ ਨੂੰ ਕਾਬੂ ਕਰਨ ਦਾ ਅਮਲ ਕੁਝ ਔਖਾ ਜਿਹਾ ਸੀ। ਪਹਿਲੇ ਤੇ ਸਵਾ ਸੇਰ ਆਟਾ ਉੜਾਣਾ ਬੜਾ ਔਖਾ ਸੀ। ਫੇਰ ਏਸ ਸਵਾ ਸੇਰ ਆਟੇ ਦੀਆਂ ਇਕ ਸੌ ਇਕ ਇਕੋ ਜਿਹੀਆਂ ਗੋਲੀਆਂ ਬਨਾਣਾ। ਫੇਰ ਉਹਨਾਂ ਇਕ ਸੌ ਇਕ ਗੋਲੀਆਂ ਨੂੰ ਸੂਰਜ ਛੁਪਿਆਂ ਬਾਰੀ ਬਾਰੀ ਜਾਦੂ ਪੜ੍ਹ ਕੇ ਦਰਿਆ ਵਿਚ ਪਾਣਾ। ਤੇ ਫੇਰ ਇਹ ਕੁਲ ਅਮਲ ਚਾਲੀ ਦਿਨ ਤੀਕਰ ਬਗ਼ੈਰ ਨਾਗਿਓਂ ਕਰਨਾ। ਜੇ ਅੱਜ ਮੈਨੂੰ ਉਸ ਜਾਦੂ ਦੇ ਅੱਖਰ ਯਾਦ ਹੋਣ ਤੇ ਮੈਂ ਇਹ ਅਮਲ ਬੜੇ ਆਰਾਮ ਨਾਲ ਕਰ ਸਕਦਾਂ। ਪਰ ਉਦੋਂ ਮੈਂ ਨਿਆਣਾ ਹੁੰਦਾ ਸੀ ਤੇ ਪਿਉ ਮੇਰਾ ਬੜਾ ਜ਼ਾਲਮ। ਉਂਜ ਤੇ ਮਾਂ ਵੀ ਮੇਰੀ ਘੱਟ ਨਹੀਂ ਸੀ, ਪਰ ਜਿਸ ਤਰ੍ਹਾਂ ਉਹ ਮੈਨੂੰ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਫੈਂਟੀ ਚਾੜ੍ਹਦਾ ਸੀ, ਲੋਕੀਂ ਪਿੱਠ ਪਿੱਛੇ ਉਹਨੂੰ ਕਸਾਈ ਕਹਿੰਦੇ। ਮੈਂ ਬੜੇ

ਦਿਨ ਕਸਾਈ ਤੇ ਹਮਜ਼ਾਦ ਬਾਰੇ ਸੋਚਦਾ ਰਿਹਾ। ਅਖ਼ੀਰ ਇਕ ਦਿਨ ਮੈਂ ਗੋਲੀਆਂ ਦਰਿਆ ਵਿਚ ਪਾ ਈ ਆਇਆ। ਦੂਜੇ ਦਿਨ ਗੋਲੀਆਂ ਦੇਰ ਨਾਲ ਪਾਈਆਂ ਤੇ ਮਾਰ ਵੀ ਖਾਧੀ। ਤੀਜੀ ਸ਼ਾਮੀਂ ਮੇਰਾ ਪਿਉ ਹੁੱਕਾ ਲੈ ਕੇ ਬੂਹਿਓਂ ਬਾਹਰ ਥੜ੍ਹੀ ਉੱਤੇ ਬਹਿ ਗਿਆ। ਏਸ ਤਰ੍ਹਾਂ ਹਮਜ਼ਾਦ ਕਾਬੂ ਆਉਂਦਾ ਆਉਂਦਾ ਮੇਰੇ ਹੱਥੋਂ ਨਿਕਲ ਗਿਆ ਤੇ ਮੇਰੇ ਕੁਲ ਮਨਸੂਬੇ ਰੁੜ੍ਹ ਗਏ। ਇਕ ਗੱਲ ਦਾ ਮੈਨੂੰ ਬੜੀ ਦੇਰ ਤੀਕਰ ਡਰ ਰਿਹਾ ਕਿ ਅਮਲ ਵਿਚਕਾਰ ਛੱਡਣ ਨਾਲ ਹਮਜ਼ਾਦ ਕਿਤੇ ਉਲਟ ਨਾ ਗਿਆ ਹੋਵੇ। ਕਦੀ ਕਦੀ ਸਕੂਲੋਂ ਨੱਠਣ ਤੋਂ ਜਾਂ ਨਕਲ ਮਾਰਨ ਤੋਂ ਮਾਰ ਪੈਂਦੀ ਤੇ ਮੈਨੂੰ ਲੱਗਦਾ ਕਿ ਇਹ ਹਮਜ਼ਾਦ ਦੀ ਕਾਰਸਤਾਨੀ ਏ। ਪਰ ਫੇਰ ਮੈਂ ਇਹ ਸੋਚਦਾ ਕਿ ਇਹ ਗੱਲਾਂ ਤੇ ਮੇਰੇ ਨਾਲ ਪਹਿਲੇ ਵੀ ਹੁੰਦੀਆਂ ਰਹੀਆਂ ਸਨ।

ਵਕਤ ਲੰਘਦਾ ਗਿਆ ਤੇ ਮੈਂ ਆਟੇ ਦੀਆਂ ਗੋਲੀਆਂ ਤੇ ਹਮਜ਼ਾਦ ਨੂੰ ਭੁੱਲ ਗਿਆ। ਪਰ ਹਮਜ਼ਾਦ ਮੈਨੂੰ ਨਹੀਂ ਸੀ ਭੁੱਲਿਆ। ਸ਼ੁਰੂ ਵਿਚ ਤੇ ਮੈਂ ਇਹ ਸਮਝਦਾ ਰਿਹਾ, ਕਿ ਐਵੇਂ ਇਕ ਹਕੀਰ ਨਾਮੁਰਾਦ ਮੱਖੀ ਏ ਜੀਹਨੂੰ ਮੈਨੂੰ ਡੰਗ ਕਰਦਿਆਂ ਮਜ਼ਾ ਆਉਂਦਾ ਏ। ਪਰ ਏਸ ਮੱਖੀ ਦੀਆਂ ਬਾਕੀ ਕਾਰੀਗਰੀਆਂ ਵੇਖ ਕੇ ਮੈਨੂੰ ਯਾਦ ਆ ਗਿਆ ਕਿ ਇਹ ਮੇਰਾ ਹਮਜ਼ਾਦ ਏ। ਹਾੜ ਤੇ ਸਾਉਣ ਭਾਦੋਂ ਦੇ ਦਿਨਾਂ ਵਿਚ ਤੇ ਕਦੀ ਕਦੀ ਦੂਸਰੇ ਮੌਸਮਾਂ ਵਿਚ ਵੀ ਇਹ ਮੱਖੀ ਬਣ ਕੇ ਆਉਂਦਾ ਏ। ਇਹਨੇ ਆਪਨੇ ਛੇਆਂ ਪੈਰਾਂ ਵਿਚ ਨੱਠਣ ਵਾਲਿਆਂ ਵਾਲੇ ਕਿੱਲਾਂ ਵਾਲੇ ਬੂਟ ਪਾਏ ਹੁੰਦੇ ਨੇ ਤੇ ਆਪਨੀ ਸੁੰਡ ਨਾਲ ਇਕ ਚਾਕੂ ਬੰਨ੍ਹਿਆ ਹੁੰਦਾ ਏ। ਏਸ ਤਰ੍ਹਾਂ ਛੁਰੀਆਂ ਕਾਂਟਿਆਂ ਨਾਲ ਲੱਦਿਆ ਇਹ ਮੇਰੇ ਸਰੀਰ ਦੇ ਕੁਲ ਅਣ-ਢੱਕੇ ਅੰਗਾਂ ਹੱਥ, ਕੰਨ, ਨੱਕ, ਮੂੰਹ ਤੇ ਪੈਰਾਂ ਨੂੰ ਬਾਗੇ ਜਿਨਾਹ ਦਾ ਲਾਅਨ ਸਮਝ ਕੇ ਉਹਨਾਂ ਉੱਤੇ ਚਹਿਲ ਕਦਮੀ ਕਰਦਾ ਏ। ਕਿਤੇ ਕਿਤੇ ਰੁਕ ਕੇ ਮੇਰੇ ਸਰੀਰ ਦੀ ਉੱਚੀ ਨੀਵੀਂ ਮਿੱਟੀ ਨੂੰ ਆਪਨੇ ਸੁੰਡ ਵਾਲੇ ਚਾਕੂ ਨਾਲ ਪੱਧਰੀ ਵੀ ਕਰਦਾ ਏ। ਇਹਨੂੰ ਮਾਰਨ ਲਈ ਮੈਂ ਥੱਪੜਾਂ ਮੁੱਕੀਆਂ ਨਾਲ ਆਪਨੇ ਪਿੰਡੇ ਵਿਚ ਚਿੱਬ ਪਾ ਲੈਨਾਂ ਵਾਂ, ਪਰ ਇਹਦਾ ਕੁਝ ਨਹੀਂ ਵਿਗੜਦਾ। ਕਦੀ ਕਦੀ ਮੇਰਾ ਥੱਪੜ ਬਿਲਕੁਲ ਨਿਸ਼ਾਨੇ 'ਤੇ ਲੱਗਦਾ ਏ, ਪਰ ਜਦ ਮੈਂ ਆਪਨਾ ਹੱਥ ਨਿਸ਼ਾਨੇ ਤੋਂ ਚੁੱਕਦਾ ਆਂ ਤੇ ਨਿਸ਼ਾਨੇ ਵਾਲੀ ਥਾਂ ਉੱਤੇ ਸਿਵਾਏ ਮੇਰੀਆਂ ਉਂਗਲਾਂ ਦੀਆਂ ਲਾਸਾਂ ਤੋਂ ਹੋਰ ਕੁਝ ਨਹੀਂ ਹੁੰਦਾ। ਫੇਰ ਇਹ ਚੁੱਪ ਕਰਕੇ ਕਿਤੋਂ ਆਉਂਦਾ ਏ ਤੇ ਮੇਰੇ ਨੱਕ ਦੀ ਨੋਕ ਉੱਤੇ ਬੈਠ ਜਾਂਦਾ ਏ। ਨੱਕ ਉੱਤੇ ਮੱਖੀ ਕੌਣ ਬੈਠਣ ਦੇਂਦਾ ਏ ? ਭਾਵੇਂ ਇਹ ਮੱਖੀ ਤੁਹਾਡਾ ਹਮਜ਼ਾਦ ਈ ਕਿਉਂ ਨਾ ਹੋਵੇ। ਨੱਕ ਉੱਤੇ ਬੈਠੀ ਮੱਖੀ ਮਾਰਨ ਦਾ ਇਕੋ ਈ ਤਰੀਕਾ ਏ। ਜੇ ਤੁਸੀਂ ਆਪਨੀਆਂ ਦੋਨੋਂ ਅੱਖੀਆਂ ਟੀਰੀਆਂ ਕਰਕੇ ਨੱਕ ਦੀ ਨੋਕ ਨੂੰ ਨਜ਼ਰ ਦੀ ਸੇਧ ਵਿਚ ਕਰ ਲਵੋ। ਫੇਰ ਆਪਨਾ ਸੱਜਾ ਜਾਂ ਖੱਬਾ, ਜਿਹੜਾ ਵੀ ਹੱਥ ਵੱਧ ਚੱਲਦਾ ਹੋਵੇ, ਉਹਦੀਆਂ ਪਹਿਲੀਆਂ ਦੋ ਉਂਗਲੀਆਂ ਦੀ ਇਕ ਚਪੇੜ ਜਿਹੀ ਬੜਾ ਲਵੋ। ਹੁਣ ਏਸ ਚਪੇੜ ਵਾਲੇ ਹੱਥ ਨੂੰ ਮੋਢੇ ਦੇ ਐਨ ਪਿੱਛੇ ਲੈ ਜਾਵੋ ਕਿ ਮੱਖੀ ਨੂੰ ਇਹ ਹੱਥ ਨਜ਼ਰ ਨਾ ਆਵੇ, ਫੇਰ ਠੀਕ ਵਕਤ ਤੇ ਫੁਰਤੀ ਤੇ ਨਿਸ਼ਾਨੇ ਨਾਲ ਇਹ ਦੋ ਉਂਗਲੀ ਚਪੇੜ ਏਸ ਤਰ੍ਹਾਂ ਚਲਾਵੋ ਕਿ ਮੱਖੀ ਮਰ ਵੀ ਜਾਵੇ ਤੇ ਏਸ ਮਰਨ ਦੇ ਅਮਲ ਵਿਚ ਤੁਹਾਡੇ ਨੱਕ ਉੱਤੇ ਵੀ ਨਾ ਚੰਬੜੇ। ਮੈਂ ਜਦੋਂ ਇਹ ਕਰਨਾ ਆਂ ਤੇ ਜਾਂ ਤੇ ਮੇਰਾ ਹੱਥ ਹਮਜ਼ਾਦ ਦੇ ਉਪਰੋਂ ਲੰਘ ਜਾਂਦਾ ਏ ਜਾਂ ਮੇਰੀ ਨਕਸੀਰ ਫੁੱਟ ਜਾਂਦੀ ਏ। ਤੇ ਹਰ ਵਾਰੀ ਉਹ ਉੱਡ ਕੇ ਹੋਰ ਥਾਂ ਜਾਂ ਬਹਿੰਦਾ ਏ। ਕਦੀ ਕਦੀ ਉਹ ਮੇਰੇ ਗਿਰੇਬਾਨ ਵਿਚ ਜਾ ਵੜਦਾ ਏ ਤੇ ਉਥੇ ਕੋਈ ਸ਼ੈ ਢੂੰਡਦਾ ਫਿਰਦਾ ਏ। ਉਹਦੀ ਇਹ ਮਸਖ਼ਰੀ ਮੈਨੂੰ ਸਭ ਤੋਂ ਵੱਧ ਭੈੜੀ ਲੱਗਦੀ ਏ। ਮੈਂ ਛਾਤੀ ਤੇ ਹੱਥ ਮਾਰਾਂ ਤੇ ਉਹ ਪਿੱਠ ਉੱਤੇ ਜਾ ਬਹਿੰਦਾ ਏ। ਜੇ ਮੈਂ ਆਪਨੀ ਖੱਬੀ ਬਾਂਹ ਦੀ ਅਸਤਰੀ ਤਰੋੜ ਮਰੋੜ ਕੇ ਰੱਖ ਦੇਵਾਂ ਤੇ ਉਹ ਮੇਰੀ ਸੱਜੀ ਬਾਂਹ ਵਿਚ ਟਪੂਸੀਆਂ ਮਾਰਦਾ ਫਿਰਦਾ ਏ। ਗੁਸਲਖਾਨੇ ਜਾ ਕੇ ਮੈਂ



ਮਾਦਰਜ਼ਾਦ ਹਾਲਤ ਵਿਚ ਆਪਨੇ ਕੁਲ ਕੱਪੜਿਆਂ ਦੇ ਬਖੀਏ ਉਧੇੜ ਦੇਨਾ ਆਂ ਤੇ ਉਹ ਗੁਸਲਖ਼ਾਨੇ ਦੀ ਕਿਸੇ ਨੁੱਕਰੇ ਲੱਗਾ ਆਪਨੇ ਅਗਲੇ ਦੋ ਪੈਰਾਂ ਨਾਲ ਤਾੜੀਆਂ ਮਾਰ ਰਿਹਾ ਹੁੰਦਾ ਏ। ਪਿਛਲੇ ਦੋ ਪੈਰਾਂ ਨਾਲ ਪਹਿਲੇ ਉਹ ਆਪਨੇ ਪੈਰਾਂ ਨੂੰ ਪੂੰਝਦਾ ਏ, ਫੇਰ ਇਹਨਾਂ ਦੋ ਪੈਰਾਂ ਨੂੰ ਆਪਸ ਵਿਚ ਮਲ ਮਲ ਕੇ ਉਹਨਾਂ ਤੋਂ ਉਹ ਗੰਦ ਮੰਦ ਝਾੜਦਾ ਏ। ਜਿਹੜਾ ਉਹਦੇ ਖ਼ਿਆਲ ਵਿਚ ਮੇਰੇ ਪਿੰਡੇ ਤੋਂ ਉਹਦੇ ਪਿੰਡੇ ਤੇ ਪਰਾਂ ਨੂੰ ਲੱਗ ਗਿਆ ਹੁੰਦਾ ਏ। ਜਦੋਂ ਕਦੀ ਮੈਂ ਜੀ ਛੱਡ ਕੇ ਉਹਨੂੰ ਖੁੱਲ੍ਹੀ ਛੁੱਟੀ ਦੇ ਦੇਂਦਾ ਆਂ ਤੇ ਉਹ ਮੈਨੂੰ ਛੱਡ ਕੇ ਮੇਰੇ ਸਾਹਮਣੇ ਪਈ ਕਿਸੇ ਸ਼ੈ ਉੱਤੇ ਜਾ ਬਹਿੰਦਾ ਏ ਤੇ ਫੇਰ ਆਪਨੇ ਪਰ ਝਾੜ ਝਾੜ ਕੇ ਤੇ ਆਪਨੇ ਪਰਾਂ ਨੂੰ ਆਪਸ ਵਿਚ ਮਲ ਮਲ ਕੇ ਮੈਨੂੰ ਦੰਦੀਆਂ ਚਿੜਾਂਦਾ ਏ। ਰੱਬਾ ! ਏਸ ਤੇਰੀ ਦੁਨੀਆ ਵਿਚ ਸ਼ਰੀਫ ਆਦਮੀ ਨੂੰ ਕਿਸੇ ਤਰ੍ਹਾਂ ਵੀ ਜੀਣਾ ਨਹੀਂ ਮਿਲਦਾ।

ਮੈਨੂੰ ਚੰਗੀ ਤਰ੍ਹਾਂ ਯਾਦ ਏ ਕਿ ਜਦ ਮੈਂ ਜਵਾਨ ਤੇ ਬੇਵਕੂਫ਼ ਹੁੰਦਾ ਸੀ, ਮੈਨੂੰ ਇਕ ਕੁੜੀ ਨਾਲ ਪਿਆਰ ਹੋ ਗਿਆ। ਇਹ ਸਿੱਖ ਕੁੜੀ ਕਾਲਜ ਵਿਚ ਮੇਰੇ ਨਾਲ ਪੜ੍ਹਦੀ ਸੀ ਤੇ ਹਰ ਵੇਲੇ ਬਾਪੂ ਜੀ ਦੀਆਂ ਗੱਲਾਂ ਕਰਦੀ ਰਹਿੰਦੀ ਤੇ ਮੈਂ ਉਹਨੂੰ ਕਾਇਨਾਤ ਦਾ ਫ਼ਲਸਫ਼ਾ ਸਮਝਾਂਦਾ ਰਹਿੰਦਾ। ਹੁਣ ਮੈਂ ਆਪਨੇ ਕਸਾਈ ਪਿਉ ਬਾਰੇ ਉਹਦੇ ਨਾਲ ਕੀ ਗੱਲ ਕਰਦਾ ? ਕਦੀ ਕਦੀ ਮੈਨੂੰ ਉਹਦੀ ਗੱਲ ਯਾਦ ਆਉਂਦੀ ਏ, ਜਦੋਂ ਉਹਨੇ ਮੈਨੂੰ ਕਿਹਾ ਸੀ ਕਿ ਮੈਂ ਆਪਨੇ ਬਾਪੂ ਜੀ ਨੂੰ ਕਹਾਂ ਕਿ ਉਹ ਉਹਦੇ ਬਾਪੂ ਜੀ ਨੂੰ ਮਿਲਣ ਤਾਂ ਉਹਦੀ ਏਸ ਗੱਲ ਦਾ ਮਤਲਬ ਕੀ ਸੀ ? ਉਦੋਂ ਉਹਦੀ ਇਹ ਗੱਲ ਮੇਰੇ ਪੱਲੇ ਨਹੀਂ ਪਈ ਤੇ ਮੈਂ ਉਹਨੂੰ ਅਜ਼ਲੋਂ ਪੁਰਾਣੀ ਬਹਿਸ, "ਮਨ ਦੀ ਆਜ਼ਾਦੀ" ਦੀਆਂ ਗੁੰਝਲਾਂ ਵਿਚ ਪਾ ਦਿੱਤਾ। ਇਕ ਦਿਨ ਅਸੀਂ ਦੋਨੋਂ ਕੰਪਨੀ ਬਾਗ ਦੀ ਇਕ ਬੈਂਚ ਉੱਤੇ ਬੈਠੇ ਸੀ। ਉਹ ਬਾਪੂ ਜੀ ਦੀਆਂ ਗੱਲਾਂ ਕਰਦੀ ਸੀ ਤੇ ਮੈਂ ਅੰਦਰੋਂ ਅੰਦਰੀ ਕੋਈ ਬੜੇ ਈ ਹੰਝੂਆਂ ਭਰੇ ਫਿਕਰੇ ਜੋੜ ਰਿਹਾ ਸੀ ਤਾਂ ਕਿ ਉਹ ਮੇਰੀ ਜਨਮ ਸਾਖੀ ਬਣਨਾ ਕਬੂਲ ਫ਼ਰਮਾ ਲਵੇ। ਐਨ ਉਸ ਵੇਲੇ ਇਹ ਹਮਜ਼ਾਦ ਕਿਤੋਂ ਬੂਟਿਆਂ ਵਿਚੋਂ ਨਿਕਲ ਕੇ ਭੀਂ ਭੀਂ ਕਰਦਾ ਮੇਰੇ ਕੰਨ ਦੇ ਕੋਲ ਦੀ ਲੰਘ ਗਿਆ। ਇਹ ਉਹਦਾ ਠੱਠਾ ਮਾਰਨ ਦਾ ਤਰੀਕਾ ਏ। ਮੈਂ ਇਕ ਝੁਣਝੁਣੀ ਲੈ ਕੇ ਆਪਨਾ ਲੱਕ ਸਿੱਧਾ ਕੀਤਾ ਤੇ ਉਹ ਕਹਿਣ ਲੱਗੀ, "ਤੁਹਾਡੀ ਤਬੀਅਤ ਤੇ ਠੀਕ ਏ ਨਾ ?"

ਮੈਂ ਕਿਹਾ, "ਐਵੇਂ ਕੁਝ ਠੰਡ ਜਿਹੀ ਲੱਗਦੀ ਏ।"

"ਪਰ ਤੁਹਾਨੂੰ ਤੇ ਤਰੇਲੀਆਂ ਆਉਂਦੀਆਂ ਨੇ।"

ਮੈਨੂੰ ਤਰੇਲੀਆਂ ਕਿਉਂ ਨਾ ਆਉਂਦੀਆਂ ? ਹੁਣ ਉਹ ਮੇਰੇ ਬੂਟ ਉੱਤੇ ਬੈਠਾ ਸੀ। ਫੇਰ ਉਹ ਉੱਡ ਕੇ ਮੇਰੇ ਵਾਲਾਂ ਵਿਚ ਜਾ ਵੜਿਆ। ਮੁਸ਼ਕਲਾਂ ਨਾਲ ਉਥੋਂ ਕੱਢਿਆ ਤੇ ਉਹ ਮੇਰੇ ਕੰਨ ਉੱਤੇ ਆ ਕੇ ਬਹਿ ਗਿਆ। ਉਹ ਬਾਪੂ ਜੀ ਦੀਆਂ ਗੱਲਾਂ ਕਰਦੀ ਗਈ ਤੇ ਉਹ ਮੇਰੇ ਚਿਹਰੇ ਦੇ ਟੋਇਆਂ ਟਿੱਬਿਆਂ ਨੂੰ ਨਾਪਣ ਲੱਗ ਪਿਆ। ਫੇਰ ਉਹ ਮੇਰੀ ਨੱਕ ਉੱਤੇ ਆ ਕੇ ਰੁਕ ਗਿਆ ਤੇ ਉਹਦੀਆਂ ਚੁੱਪ ਬੜ੍ਹਕਾਂ ਨੱਕ ਥਾਣੀਂ ਮੇਰੇ ਸਿਰ ਵਿਚ ਜਾ ਕੇ ਮੇਰਾ ਦਿਮਾਗ਼ ਫੜਨ ਲੱਗ ਪਈਆਂ। ਮੈਂ ਫਿਕਰੇ ਤੇ ਪਹਿਲੇ ਈ ਭੁੱਲ ਚੁੱਕਿਆ ਸੀ। ਹੁਣ ਇਹ ਵੀ ਭੁੱਲ ਗਿਆ ਕਿ ਮੈਂ ਇਕ ਕੁੜੀ ਨਾਲ ਕੰਪਨੀ ਬਾਗ਼ ਦੀ ਇਕ ਬੈਂਚ ਉੱਤੇ ਬੈਠਾਂ। ਉਹ ਮੇਰੀ ਸੱਜੀ ਨਾਸ ਉੱਤੇ ਬੈਠਾ ਸੀ ਤੇ ਕੁੜੀ ਵੀ ਮੇਰੇ ਸੱਜੇ ਹੱਥ ਬੈਠੀ ਸੀ। ਬੜੀ ਕੋਲ ਕਰਕੇ ਹੌਲੀ ਹੌਲੀ ਕਰਦਿਆਂ ਉਹ ਨੱਕ ਦੀ ਨੋਕ ਉੱਤੇ ਅੱਪੜਿਆ। ਫੇਰ ਜ਼ਰੀ ਦੇਰ ਸਾਹ ਲੈਣ ਤੋਂ ਬਾਅਦ ਮੇਰੀ ਖੱਬੀ ਨਾਸ ਦੀ ਉਠਾਣ ਉੱਤੇ ਆ ਕੇ ਬਹਿ ਗਿਆ। ਮੇਰਾ ਖੱਬਾ ਹੱਥ ਬੜਾ ਈ ਨਾਫਰਮਾਨ ਏ। ਇਹਨੇ ਮੇਰਾ ਆਖਿਆ ਕਦੇ ਨਹੀਂ ਮੰਨਿਆ ਤੇ ਖੱਬੀ ਨਾਸ ਉੱਤੇ ਉਹ ਏਸ ਤਰ੍ਹਾਂ ਭਸੱਕੜਾ ਮਾਰ ਕੇ ਬਹਿ ਗਿਆ, ਜਿਵੇਂ ਕੜਕ ਕੁਕੜੀ ਆਂਡਿਆਂ ਉੱਤੇ ਬੈਠੀ ਹੋਵੇ ਤੇ ਹੁਣ ਪੂਰੇ ਇੱਕੀ ਦਿਨਾਂ ਬਾਅਦ ਈ

ਉੱਠੇਗਾ। ਮੈਂ ਆਪਣੀ ਦੋ-ਉਂਗਲੀ ਚਪੇੜ ਬਣਾਈ ਬੈਠਾ ਰਿਹਾ।

"ਪਿੰਡ ਦੇ ਜੱਟ ਤੇ ਸੱਯਦ ਆਪਣੀਆਂ ਕਿਰਪਾਨਾਂ ਤੇ ਤਲਵਾਰਾਂ ਲਿਸ਼ਕਾਣ ਲੱਗ ਪਏ।" ਕੁਲਤਾਰ ਕੌਰ ਕੋਈ ਇਕਾਨਵੀ ਵਾਰੀ ਮੈਨੂੰ ਆਪਣੇ ਪਿੰਡ ਦੀ ਗੱਲ ਸੁਣਾ ਰਹੀ ਸੀ। ਏਸ ਗੱਲ ਵਿਚ ਸਿੱਖਾਂ ਦੀ ਇਕ ਕੁੜੀ ਸੱਯਦਾਂ ਦੇ ਇਕ ਮੁੰਡੇ ਨਾਲ ਨੱਠ ਜਾਂਦੀ ਏ ਤੇ ਸਿੱਖ ਤੇ ਸੱਯਦ ਆਪਣੀਆਂ ਛਵ੍ਹੀਆਂ ਕਿਰਪਾਨਾਂ ਚਮਕਾਂਦੇ ਨੇ। ਮੁੰਡੇ ਤੇ ਕੁੜੀ ਸ਼ਹਿਰ ਜਾ ਕੇ ਇਕ ਮਜਿਸਟ੍ਰੇਟ ਅੱਗੇ ਹਲਫੀਆ ਬਿਆਨ ਦੇ ਕੇ ਆਪਣਾ ਵਿਆਹ ਕਰ ਲੈਂਦੇ ਨੇ। ਹੁਣ ਉਹ ਮੇਰੀ ਨਾਸ ਤੋਂ ਉੱਤਰ ਕੇ ਉਸ ਥਾਂ ਬਹਿ ਗਿਆ, ਜਿਥੇ ਨਾਸ ਤੇ ਉਪਰਲੇ ਬੁੱਲ੍ਹ ਦਾ ਉਪਰਲਾ ਹਿੱਸਾ ਮਿਲਦੇ ਨੇ। ਮੁੰਡਾ ਕਲਰਕੀ ਕਰ ਲੈਂਦਾ ਏ ਤੇ ਕੁੜੀ ਉਹਦੀਆਂ ਰੋਟੀਆਂ ਪਕਾਂਦੀ ਏ। ਏਸ ਓਟ ਵਾਲੀ ਥਾਂ ਵਿਚ ਮੈਂ ਉਹਦਾ ਕੁਝ ਨਹੀਂ ਸੀ ਵਿਗਾੜ ਸਕਦਾ। ਸਿੱਖ ਤੇ ਸੱਯਦ ਇਕੱਠੇ ਹੋ ਕੇ ਸ਼ਹਿਰ ਜਾਂਦੇ ਨੇ ਤੇ ਮੁੰਡੇ ਤੇ ਕੁੜੀ ਨੂੰ ਪਿੰਡ ਲੈ ਆਉਂਦੇ ਨੇ। ਜਦ ਉਹ ਮੇਰੀ ਖੱਬੀ ਨਾਸ ਅੰਦਰ ਵੜਨ ਲੱਗਾ ਤੇ ਮੈਂ ਮੂੰਹ ਬੰਦ ਕਰਕੇ ਜ਼ੋਰ ਨਾਲ ਨੱਕ ਥਾਣੀਂ ਸਾਹ ਕੱਢੀ ਤੇ ਉਹ ਉੱਡ ਕੇ ਮੇਰੀ ਸੱਜੀ ਗੱਲ੍ਹ ਉੱਤੇ ਜਾ ਉਤਰਿਆ। ਹੁਣ ਸੱਯਦਾਂ ਦਾ ਮੁੰਡਾ ਆਪਣੀ ਸਿੱਖ ਧਰਮ ਪਤਨੀ ਨਾਲ ਗੁਰਦੁਆਰੇ ਜਾਂਦਾ ਏ ਤੇ ਸਿੱਖਾਂ ਦੀ ਕੁੜੀ ਆਪਣੇ ਮੁਸਲਮਾਨ ਕੰਤ ਨਾਲ ਅਮਾਮਬਾੜੇ ਜਾਂਦੀ ਏ। ਉਹ ਆਪਣੇ ਸੁੰਡ ਵਾਲੇ ਚਾਕੂ ਨਾਲ ਮੇਰੀ ਗੱਲ੍ਹ ਦੇ ਛਿੱਲੜ ਲਾਹ ਰਿਹਾ ਸੀ। ਮੈਂ ਆਪਣੀ ਚਪੇੜ ਤਿਆਰ ਰੱਖੀ। ਕੋਈ ਤਿੰਨਾਂ ਵਰ੍ਹਿਆਂ ਬਾਅਦ...ਜਦ ਉਹ ਮੇਰੀ ਨੱਕ ਦੀ ਨੋਕ ਉੱਤੇ ਅਪੜਿਆ ਤੇ ਮੈਂ ਚਪੇੜ ਕੱਢ ਮਾਰੀ। ਮੈਂ ਪਹਿਲੇ ਈ ਏਸ ਗੱਲ ਦਾ ਰੋਣਾ ਰੋ ਚੁੱਕਿਆ ਆਂ ਕਿ ਮੇਰੇ ਖੱਬੇ ਹੱਥ ਮੇਰਾ ਆਖਾ ਕਦੇ ਨਹੀਂ ਮੰਨਿਆ। ਉਹ ਨੱਕ ਦੀ ਨੋਕ ਤੋਂ ਕੋਈ ਇਕ ਮੀਲ ਉਪਰ ਦੀ ਲੰਘ ਗਿਆ ਤੇ ਨਕਸੀਰ ਕੁਲਤਾਰ ਕੌਰ ਦੀ ਫੁੱਟ ਗਈ। ਬਾਜ਼ੀਆਂ ਕੁੜੀਆਂ ਵੇਖਣ ਵਿਚ ਤੇ ਬੜੀਆਂ ਭੋਲ਼ੀਆਂ ਲੱਗਦੀਆਂ ਨੇ, ਪਰ ਕਿਸੇ ਨਿੱਕੀ ਜਿਹੀ ਗੱਲ ਉੱਤੇ ਸੂਈ ਹੋਈ ਗਿੱਦੜੀ ਵਾਂਗੂੰ ਤੁਹਾਡੇ ਪਿੱਛੇ ਪੈ ਜਾਂਦੀਆਂ ਨੇ। ਦੂਜੇ ਇਹ ਗੱਲ ਪੱਲੇ ਬੰਨ੍ਹ ਲਵੋ ਕਿ ਜਿੰਨਾ ਕੋਈ ਕੰਪਨੀ ਬਾਗ ਸੁੰਨਾ ਨਜ਼ਰ ਆਵੇ, ਓਨੇ ਈ ਵੱਧ ਬੰਦੇ ਉਹਦੇ ਬੂਟਿਆਂ ਬੇਲਾਂ ਵਿਚ ਲੁਕੇ ਹੋਏ ਇਹ ਉਡੀਕਦੇ ਹੁੰਦੇ ਨੇ ਕਿ ਕੋਈ ਕੁੜੀ ਤੁਹਾਡੇ ਨਾਲ ਔਖਾ ਬੋਲੇ ਤਾਂ ਉਹ ਨਿਕਲ ਕੇ ਤੁਹਾਨੂੰ ਚਾਰੋਂ ਪਾਸਿਓਂ ਘੇਰਾ ਪਾ ਲੈਣ। ਮੇਰੀ ਵਾਰੀ ਇਹਨਾਂ ਵਿਚ ਇਕ ਸਿੱਖ ਪੁਲੀਸ ਵਾਲਾ ਵੀ ਸੀ। ਉਹਨੇ ਜਦੋਂ ਕੁੜੀ ਦੀ ਬਾਂਹ ਵਿਚ ਕੜਾ ਵੇਖਿਆ ਤੇ ਉਹਦੀ ਸਿੱਖੀ ਜੋਸ਼ ਵਿਚ ਆ ਗਈ ਤੇ ਉਹ ਕੁੜੀ ਨੂੰ ਘਰੇ ਜਾਣ ਲਈ ਕਹਿ ਕੇ ਮੈਨੂੰ ਥਾਣੇ ਖੜ੍ਹਨ ਦੇ ਪੇਸ਼ ਪੈ ਗਿਆ। ਹੁਣ ਕੁਲਤਾਰ ਕੌਰ ਮੈਨੂੰ ਜਾਂਦੀ ਵਾਰ ਦੀ ਇਕ ਹੋਰ ਲੱਤ ਮਾਰੀ, ਉਹ ਇਹ ਕਿ ਉਹ ਸਿਪਾਹੀ ਨਾਲ ਇਕ ਜੱਟਾਂ ਵਾਲੀ ਅੜੀ ਲਾ ਬੈਠੀ ਕਿ ਜੇਕਰ ਤੂੰ ਇਹਨੂੰ ਥਾਣੇ ਖੜੇਂਗਾ ਤੇ ਮੈਂ ਵੀ ਨਾਲ ਈ ਥਾਣੇ ਚੱਲਾਂਗੀ। ਸਿੱਖ ਸਿਪਾਹੀ ਧੀ ਕਾਕੋ ਨੂੰ ਬੜਾ ਸਮਝਾਂਦਾ ਰਿਹਾ, ਪਰ ਉਹ ਨਾ ਮੰਨੀ। ਅਖ਼ੀਰ ਉਹ ਸਾਨੂੰ ਦੋਹਾਂ ਨੂੰ ਛੱਡ ਕੇ ਆਪੋਂ 'ਕੱਲਾ ਥਾਣੇ ਟੁਰ ਗਿਆ। ਮੈਂ ਉਸ ਕੁੜੀ ਦੇ ਵੀਹ ਗਜ਼ ਪਿੱਛੇ ਸਾਈਕਲ ਉੱਤੇ ਉਹਦੇ ਹੋਸਟਲ ਤੀਕਰ ਗਿਆ। ਪਰ ਉਹ ਪਿੱਛੇ ਮੁੜ ਕੇ ਵੇਖਿਆ ਬਿਨਾਂ ਈ ਗੇਟ ਵਿਚ ਵੜ ਗਈ।

ਕੁਤਲਾਰ ਕੌਰ ਆਪਣੇ ਮਾਂ ਪਿਉ ਦੀ 'ਕੱਲੀ ਧੀ ਸੀ। ਏਸ ਤਰ੍ਹਾਂ ਕੁਲਤਾਰ ਕੌਰ ਤੇ ਉਹਦੇ ਬਾਪੂ ਜੀ ਦੀ ਪੰਜ ਸੌ ਮੁਰੱਬੇ ਜ਼ਮੀਨ ਮੇਰੇ ਹੱਥੋਂ ਨਿਕਲ ਗਈ ਤੇ ਮੈਨੂੰ ਆਪਣੀ ਦਾਲ ਰੋਟੀ ਲਈ ਆਈ.ਸੀ. ਐੱਸ. ਦਾ ਇਮਤਿਹਾਨ ਦੇਣਾ ਪੈ ਗਿਆ। ਏਸ ਇਮਤਿਹਾਨ ਵਿਚ ਮੇਰੇ ਹਮਜ਼ਾਦ ਮੇਰੇ ਪਰਚੇ ਖ਼ਰਾਬ ਕਰਵਾ ਦਿੱਤੇ ਤੇ ਮੈਂ ਫੇਲ੍ਹ ਹੋ ਗਿਆ। ਪੀ.ਸੀ.ਐੱਸ. ਦੇ



ਇੰਟਰਵਿਊ ਉੱਤੇ ਉਹ ਮੈਥੋਂ ਪਹਿਲੇ ਈ ਇੰਟਰਵਿਊ ਦੇ ਕਮਰੇ ਵਿਚ ਅੱਪੜ ਗਿਆ ਤੇ ਭੀਂ ਭੀਂ ਕਰਦਿਆਂ ਮੈਨੂੰ ਕੁਲ ਜਵਾਬ ਭੁਲਾ ਦਿੱਤੇ। ਇਕ ਹੋਰ ਨਿੱਕੀ ਜਿਹੀ ਨੌਕਰੀ ਲਈ ਮੈਂ ਗਿਆ ਤੇ ਉਹ ਮੈਨੂੰ ਛੱਡ ਕੇ ਇੰਟਰਵਿਊ ਕਰਨ ਵਾਲੇ ਦੇ ਪਿੱਛੇ ਪੈ ਗਿਆ। ਉਸ ਭਾਈ ਉਹ ਹੱਥ ਪੈਰ ਚਲਾਏ ਕਿ ਮੈਥੋਂ ਹਾਸਾ ਨਾ ਰੁਕ ਸਕਿਆ। ਮੈਂ ਹੱਸਦਿਆਂ ਹੱਸਦਿਆਂ ਬਾਹਰ ਨਿਕਲਿਆ ਤੇ ਦੂਜੇ ਉਮੀਦਵਾਰ ਮੇਰੇ ਕੋਲੋਂ ਸਵਾਲ ਪੁੱਛਣ ਲੱਗ ਪਏ। ਮੈਂ ਉਹਨਾਂ ਨੂੰ ਕੀ ਦੱਸਦਾ ਕਿ ਉਹਨਾਂ ਤੇ ਮੈਨੂੰ ਸਵਾਲ ਪੁੱਛਣ ਬਿਨਾਂ ਈ ਬਾਹਰ ਕੱਢ ਦਿੱਤਾ ਏ।

ਹੁਣ ਤੀਕਰ ਮੈਂ ਬੜੇ ਈ ਜਤਨ ਕੀਤੇ, ਪਰ ਹਰ ਵਾਰੀ ਮੇਰਾ ਹਮਜ਼ਾਦ ਮੇਰੇ ਨਾਲ ਹੱਥ ਕਰ ਗਿਆ। ਇਕ ਵਾਰੀ ਉਹ ਮੇਰੀ ਚਾਹ ਦੀ ਪਿਆਲੀ ਵਿਚ ਡਿੱਗ ਕੇ ਮਰ ਗਿਆ, ਪਰ ਜਿਸ ਵੇਲੇ ਮੈਂ ਉਹਨੂੰ ਚਾਹ ਸਣੇ ਪਰਨਾਲੇ ਵਿਚ ਰੋੜ੍ਹ ਕੇ ਖੁਸ਼ ਖੁਸ਼ ਮੁੜਿਆ ਤੇ ਉਹ ਪਹਿਲੇ ਈ ਮੇਰੀ ਸਿਗਰਟਾਂ ਦੀ ਡੱਬੀ ਉੱਤੇ ਬੈਠਾ ਮੈਨੂੰ ਦੰਦੀਆਂ ਚਿੜਾ ਰਿਹਾ ਸੀ। ਮੈਂ ਘਰੋਂ ਦਫ਼ਤਰ ਜਾਣਾ ਤੇ ਉਹ ਬਿਨਾਂ ਪੁੱਛਿਆਂ ਈ ਮੇਰੇ ਸਾਈਕਲ ਉੱਤੇ ਬਹਿ ਜਾਂਦਾ ਏ। ਬਸ ਕੰਡਕਟਰਾਂ ਕਦੇ ਉਹਨੂੰ ਟਿਕਟ ਨਹੀਂ ਪੁੱਛਿਆ। ਇਕ ਵਾਰੀ ਹਵਾਈ ਜਹਾਜ਼ ਵਿਚ ਇਕ ਸਵਾਰੀ ਰੌਲਾ ਪਾ ਦਿੱਤਾ ਕਿ ਜਹਾਜ਼ ਵਿਚ ਮੱਖੀਆਂ ਨੇ। ਸਟੂਇਰਡਾਂ ਤੇ ਜਹਾਜ਼ ਦੀਆਂ ਟੈਡੀ ਕੁੜੀਆਂ ਫਲਿਟ ਮਾਰ ਮਾਰ ਕੇ ਜਹਾਜ਼ ਨੂੰ ਗੈਸ ਚੈਂਬਰ ਬਣਾ ਦਿੱਤਾ, ਪਰ ਉਹ ਭਾਈ ਸ਼ਿਕਾਇਤ ਦਾ ਫਾਰਮ ਭਰਦਾ ਰਿਹਾ। ਅਖ਼ੀਰ ਐਲਾਨ ਹੋਇਆ, "ਖਵਾਤੀਨ ਵ ਹਜ਼ਰਾਤ। ਕਰਾਚੀ ਦਾ ਹਵਾਈ ਅੱਡਾ ਬਿਲਕੁਲ ਨੇੜੇ ਆ ਗਿਆ ਏ। ਉਥੇ ਦਾ ਮੌਸਮ ਬੜਾ ਚੰਗਾ ਏ। ਕੁਲ ਮੁਸਾਫ਼ਰ ਆਪਣੀਆਂ ਪੇਟੀਆਂ ਬੰਨ੍ਹ ਲੈਣ ਤੇ ਸਿਗਰਟਨੋਸ਼ੀ ਤੋਂ ਪਰਹੇਜ਼ ਕਰਨ। ਸ਼ੁਕਰੀਆ। ਹਾਂ ਤੇ ਜਿਹੜੇ ਮੁਸਾਫ਼ਰ ਸਾਹਿਬਾਨ ਆਪਣੇ ਨਾਲ ਮੱਖੀਆਂ ਲਿਆਏ ਨੇ, ਉਹ ਉਤਰਦਿਆਂ ਉਹਨਾਂ ਨੂੰ ਆਪਣੇ ਨਾਲ ਈ ਲੈ ਜਾਣ।" ਉਸ ਵੇਲੇ ਉਹ ਮੇਰੇ ਸੱਜੇ ਹੱਥ ਦੇ ਉਲਟੇ ਪਾਸੇ ਦੀ ਇਕ ਨਾੜ ਉੱਤੇ ਚੜ੍ਹ ਰਿਹਾ ਸੀ। ਬੜੀ ਵਾਰੀ ਮੈਨੂੰ ਖ਼ਿਆਲ ਆਇਆ ਕਿ ਦਰਜਨ ਦੋ ਦਰਜਨ ਸੌਣ ਵਾਲੀਆਂ ਗੋਲੀਆਂ ਖਾ ਕੇ ਸੌਂ ਜਾਵਾਂ, ਪਰ ਮੇਰੇ ਨਿੱਕੇ ਨਿੱਕੇ ਬੱਚੇ ਨੇ ਤੇ ਜਿਹੜੇ ਕਾਲਜ ਪਾਸ ਵੀ ਕਰ ਗਏ ਨੇ, ਉਹ ਵੀ ਅਜੇ ਤੀਕਰ ਘਰੋਂ ਖਰਚਾ ਮੰਗਵਾਉਂਦੇ ਨੇ। ਜੇ ਕਿਸੇ ਪੜ੍ਹਨ ਸੁਣਨ ਵਾਲੇ ਨੂੰ ਅਬਦੁਲ ਰਹਿਮਾਨ ਦਾ ਪਤਾ ਹੋਵੇ, ਉਹ ਮੈਨੂੰ ਜ਼ਰੂਰ ਉਹਦਾ ਪਤਾ ਲਿਖੇ। ਜੇਕਰ ਉਹ ਆਪ ਪੜ੍ਹੇ ਜਾਂ ਸੁਣੇ ਤੇ ਆਪੂੰ ਮੈਨੂੰ ਹਮਜ਼ਾਦ ਦੇ ਉਲਟੇ ਹੋ ਜਾਣ ਦਾ ਉਪਾਓ ਲਿਖ ਭੇਜੇ। ਮੈਂ ਤੇ ਮੇਰੀ ਆਲ ਔਲਾਦ ਉਹਨੂੰ ਦੁਆਵਾਂ ਦੇਵਾਂਗੇ।

●

#325, ਜਹਾਂਜੇਬ ਬਲਾਕ, ਅਲਾਮਾ ਇਕਬਾਲ ਟਾਊਨ, ਲਾਹੌਰ।
ਟੈਲੀਫ਼ੋਨ : 42-7831110, 5423325, e-mail : ajazart@brain.net.pk

ਉੱਘੇ ਕਾਰਟੂਨਿਸਟ ਤੇ ਕਹਾਣੀਕਾਰ **ਅਨਵਰ ਅਲੀ** ਦਾ ਕਹਾਣੀ-ਸੰਗ੍ਰਹਿ

**ਹਮਜ਼ਾਦ**

ਜਿਸ ਵਿਚ ਉਸ ਦੀਆਂ ਦੋਵੇਂ ਕਿਤਾਬਾਂ ਕਾਲੀਆਂ ਇੱਟਾਂ ਕਾਲੇ ਰੋੜ ਤੇ ਨੂਰੀ ਦੀਆਂ ਕਹਾਣੀਆਂ ਸੰਕਲਤ ਹਨ।

ਸੰਪਾਦਕ : **ਤਲਵਿੰਦਰ ਸਿੰਘ**, ਲਿਪੀਅੰਤਰ : **ਪਾਲ ਸਿੰਘ ਵੱਲਾ**

**ਲੋਕਗੀਤ ਪ੍ਰਕਾਸ਼ਨ, 26-27, ਸੈਕਟਰ 34ਏ, ਚੰਡੀਗੜ੍ਹ**

# – ਸੱਤ ਪੌੜੀਆਂ

ਹੁਸੈਨ ਸ਼ਾਹਿਦ –

ਇਸ਼ਕ ਦੀਆਂ ਗੱਲਾਂ ਸੁਣ ਸੁਣ ਕੇ ਲੋਕਾਂ ਦੇ ਕੰਨ ਪੱਕ ਗਏ ਨੇ ਪਰ ਇਨਸਾਨ ਕੋਲ ਅਨਾਜ ਭੁੱਕਣ ਤੇ ਇਸ਼ਕ ਕਰਨ ਤੋਂ ਅੱਡ ਹੋਰ ਕੋਈ ਕੰਮ ਹੈ ਵੀ ? ਆਖਦੇ ਨੇ ਜਿਹੜਾ ਕੰਮ ਰੋਜ਼ ਰੋਜ਼ ਕੀਤਾ ਜਾਵੇ, ਉਹਦੇ ਤੋਂ ਮਨੁੱਖ ਦਾ ਦਿਲ ਅੱਕ ਜਾਂਦਾ ਏ, ਪਰ ਇਹ ਆਖਣੀ ਰੋਟੀ ਤੇ ਇਸ਼ਕ ਬਾਰੇ ਸੱਚੀ ਨਹੀਂ। ਬੰਦਾ ਜੰਮਦਿਆਂ ਸਾਰ ਈ ਇਸ਼ਕ ਤੇ ਰੋਟੀ ਦੇ ਵੱਸ ਪੈ ਜਾਂਦਾ ਏ ਤੇ ਮਰਨ ਤਾਈਂ ਇਹਨਾਂ ਦੀ ਦਬ ਥੱਲਿਓਂ ਨਹੀਂ ਨਿਕਲਦਾ। ਦੋਵੇਂ ਕੰਮ ਰੋਜ਼ ਕਰਦਾ ਏ, ਪੁਰ ਨਾ ਅੱਕਦਾ ਏ, ਨਾ ਥੱਕਦਾ ਏ।

ਮੇਰੇ ਇਸ਼ਕ ਦੀ ਗੱਲ ਕੋਈ ਨਵੇਕਲੀ ਨਹੀਂ। ਨਾ ਉਹ ਹੂਰ ਪਰੀ ਸੀ ਤੇ ਨਾ ਮੈਂ ਸ਼ਹਿਜ਼ਾਦਾ ਸਾਂ। ਬਸ ਉਹ ਕੁੜੀ ਸੀ ਤੇ ਮੈਂ ਮੁੰਡਾ ਸਾਂ। ਸਾਨੂੰ ਇਕ ਦੂਜੇ ਦੀਆਂ ਆਦਤਾਂ ਚੰਗੀਆਂ ਲੱਗਦੀਆਂ ਸਨ। ਦੋਹਾਂ ਦੇ ਸੁਭਾ ਵੀ ਰਲਦੇ ਸਨ ਤੇ ਸੋਚਾਂ ਵੀ। ਪਹਿਲੋਂ ਇਕ ਦੂਜੇ ਨੂੰ ਚੰਗੇ ਲੱਗੇ, ਫੇਰ ਹੋਰ ਚੰਗੇ ਲੱਗੇ ਤੇ ਅਖ਼ੀਰ ਇਸ਼ਕ ਵਾਲੀ ਮੰਜ਼ਿਲ ਤਾਈਂ ਅੱਪੜ ਗਏ। ਜਦੋਂ ਪਸੰਦ ਕਰਦੇ ਸਾਂ ਤਾਂ ਇਕ ਦੂਜੇ ਨਾਲ ਗੱਲਬਾਤ ਵੀ ਕਰ ਲੈਂਦੇ ਸਾਂ। ਇਸ਼ਕ ਦੀ ਵੱਟ ਉੱਤੇ ਚੜ੍ਹੇ ਤੇ ਚੁੱਪ ਕਰ ਗਏ। ਇਹ ਸਾਰਾ ਕੁਝ ਆਪਣੇ ਆਪ ਈ ਹੋ ਗਿਆ। ਨਾ ਮਜਲਸਾਂ ਬੈਠੀਆਂ, ਨਾ ਮਤੇ ਪੱਕੇ ਤੇ ਨਾ ਆਢੇ ਲੱਗੇ। ਏਸ ਵਾਪਰੀ ਵਿਚ ਕੋਈ ਸੁਣਾਉਣ ਵਾਲੀ ਗੱਲ ਹੈ ਵੀ ਤੇ ਉਹ ਇਹੋ ਚੁੱਪ ਚੁਪੀਤੇ ਇਸ਼ਕ ਦੀ ਗੱਲ।

ਮੇਰੇ ਯਾਰ ਮੈਨੂੰ ਡਰਾਕਲ ਆਖਦੇ ਨੇ। ਪਰ ਮੇਰਾ ਦਿਲ ਇਹ ਗੱਲ ਨਹੀਂ ਮੰਨਦਾ। ਮੈਨੂੰ ਦੁਨੀਆ ਦੀ ਹਰ ਸ਼ੈਅ ਦਿਸਦੀ ਏ। ਨਹੀਂ ਦਿਸਦੀ ਤੇ ਆਪਣੀ ਬੁਜ਼ਦਿਲੀ ਨਹੀਂ ਦਿਸਦੀ। ਮੇਰੀ ਜ਼ਾਤ ਵਿਚ ਸੱਤਾਂ ਪੌੜੀਆਂ ਦਾ ਖੱਪਾ ਪੈ ਗਿਆ ਵੇ। ਯਾਰ ਆਖਦੇ ਨੇ ਮੇਰੀ ਬੁਜ਼ਦਿਲੀ ਹੱਥੋਂ ਪਿਆ ਵੇ। ਕੀ ਪਤਾ ਏ ਉਹ ਸੱਚੇ ਈ ਹੋਵਣ। ਜੇ ਸੱਚ ਝੂਠ ਦਾ ਨਤਾਰਾ ਐਨਾ ਸੌਖਾ ਹੁੰਦਾ ਤੇ ਫੇਰ ਨਾ ਰਾਂਝੇ ਰਾਂਝੇ ਹੁੰਦੇ, ਨਾ ਹੀਰਾਂ ਹੀਰਾਂ ਹੁੰਦੀਆਂ। ਮੈਂ ਪਤਾ ਨਹੀਂ ਕੀ ਵਾਂ, ਪਰ ਏਸ ਗੱਲ ਦੀ ਜ਼ੁੰਮੇਵਾਰੀ ਮੇਰੇ 'ਤੇ ਈ ਆਉਂਦੀ ਏ ਕਿ ਅੱਜ ਮੇਰੀ ਮੌਤ ਮੇਰੇ ਵੱਲ ਟੁਰ ਕੇ ਨਹੀਂ ਆਉਂਦੀ, ਚਖੁਰਿਆਂ ਨੱਠੀ ਆਉਂਦੀ ਏ।

ਮੇਰੇ ਅੰਦਰ ਇਸ਼ਕ ਨੇ ਪਾਸਾ ਪਰਤਿਆ ਤੇ ਮੈਂ ਯਾਰਾਂ ਨਾਲ ਇਹਦਾ ਭੇਗ ਭੰਨ ਦਿੱਤਾ। ਆਖਣ ਲੱਗੇ, ਉਹਦੇ ਤੇ ਆਪਣਾ ਹਾਲ ਜ਼ਾਹਰ ਕਰ। ਇਹ ਕਰ, ਉਹ ਕਰ।



ਮੈਂ ਆਖਿਆ, ਇਹਦੀ ਕੀ ਲੋੜ ਏ ? ਇਹ ਥੋੜ੍ਹਾ ਏ ਪਈ ਜਦੋਂ ਉਹ ਮੇਰੇ ਵੱਲੇ ਹੱਸ ਕੇ ਵਿੰਹਦੀ ਏ ਤੇ ਮੈਂ ਸਿਕੰਦਰ ਦੀ ਫ਼ੌਜ ਅੱਗੇ 'ਕੱਲਾ ਈ ਖਲੋਵਣ ਨੂੰ ਤਿਆਰ ਹੋ ਜਾਨਾ ਵਾਂ। ਵੱਡੇ ਵੇਲੇ ਉਹਨੂੰ ਕਾਲਜ ਵਿਚ ਇਕ ਵਾਰੀ ਵੇਖ ਲਵਾਂ ਤੇ ਸਾਰਾ ਦਿਨ ਇੰਜ ਭੱਜਾ ਫਿਰਨਾ ਜਿਵੇਂ ਮੈਨੂੰ ਜਿੰਨ ਚੰਬੜਿਆ ਹੋਵੇ।

ਮੈਂ ਜਦੋਂ ਵੀ ਇਹੋ ਜਿਹੇ ਗੱਲ ਕੀਤੀ, ਮੇਰੇ ਯਾਰ ਭੱਠੀ ਵਿਚ ਭੁੱਜਦੀ ਮਕੱਈ ਵਾਂਗੂੰ ਹੱਸ ਪਏ ਤੇ ਮੈਨੂੰ ਮਜਨੂੰ ਦੇ ਤਖ਼ਤ ਦਾ ਵਾਰਸ ਆਖ ਕੇ ਛੇੜਦੇ ਰਹੇ। ਕਦੀ ਕਦੀ ਉਹ ਇਹ ਵੀ ਆਖਦੇ ਪਈ ਯਾਰ ਯਾਰੀਆਂ ਤੋਂ ਪਛਾਣੇ ਜਾਂਦੇ ਨੇ, ਤੇਰੇ ਵਰਗੇ ਅੱਧ ਮਰਦੇ ਨਾਲ ਸਾਡਾ ਬਹਿਣ ਖਲੋਣ ਵੇਖ ਕੇ ਉਹ ਸਾਡੇ ਬਾਰੇ ਕੀ ਸੋਚਦੀ ਹੋਵੇਗੀ ?

ਕਦੀ ਕਦੀ ਮੈਂ ਵੀ ਉਹਨਾਂ ਨੂੰ ਹੱਕ ਤੇ ਜਾਣਿਆ। ਪਰ ਸਾਡੇ ਸਮੇਂ ਜਿਥੇ ਇਸ਼ਕ ਹੁੰਦਾ ਸੀ, ਓਥੇ ਕਣਕ ਦੀ ਖੁਮਾਰੀ ਤੋਂ ਵੱਖ ਕੋਈ ਹੋਰ ਸ਼ੈਅ ਵੀ ਆ ਡੇਰਾ ਲਾਂਦੀ ਸੀ, ਤੇ ਉਹੋ ਸ਼ੈਅ ਇਸ਼ਕ ਦੀ ਗੱਲ ਨੂੰ ਬੁੱਲ੍ਹਾਂ 'ਤੇ ਨਹੀਂ ਸੀ ਆਵਣ ਦੇਂਦੀ। ਮੇਰਾ ਖ਼ਿਆਲ ਏ, ਸਾਡੇ ਤੋਂ ਅਗਲੀ ਪੀੜ੍ਹੀ ਉਸ ਸ਼ੈਅ ਦੀ ਸ਼ਨਾਖਤ ਨਹੀਂ ਕਰ ਸਕਦੀ। ਸਾਡੇ ਵੇਲੇ ਵੀ ਕੋਈ ਕੋਈ ਕਰਦਾ ਸੀ। ਮੈਂ ਉਸ ਸ਼ੈਅ ਦੀ ਲੱਜ਼ਤ ਵਿਚੋਂ ਕਿਸੇ ਵੇਲੇ ਬਾਹਰ ਈ ਨਹੀਂ ਸਾਂ ਆਂਵਦਾ। ਗੱਲ ਕਿਹੜੇ ਵੇਲੇ ਕਰਦਾ ? ਇਸ਼ਕ ਦੀ ਕਹਾਣੀ ਉਸ ਲੱਜ਼ਤ ਤੋਂ ਟੁਰਦੀ ਏ। ਫੇਰ ਕਣਕ ਆਉਂਦੀ ਏ। ਫੇਰ ਗੋਸ਼ਤ ਆਉਂਦਾ ਏ। ਗੋਸ਼ਤ ਵਿਆਹ ਮੰਗਦਾ ਏ। ਵਹੁਟੀ ਗਲਮੇ ਦਾ ਢੋਲ ਬਣ ਜਾਂਦੀ ਏ। ਫੇਰ ਬੱਚੇ ਤੇ ਉਹਨਾਂ ਦੇ ਬੱਚੇ। ਇੰਜ ਇਸ਼ਕ ਨਵੀਆਂ ਨਵੀਆਂ ਆਡਾਂ ਖਿਲਾਰਦਾ ਰਹਿੰਦਾ ਏ। ਪਰ ਉਹ ਪਹਿਲਾਂ ਵਾਲੀ ਲੱਜ਼ਤ ਹੱਥ ਨਹੀਂ ਆਉਂਦੀ। ਜਿਹਨੂੰ ਇਹਦਾ ਚਸਕਾ ਪੈ ਜਾਏ ਉਹ ਗੋਸ਼ਤ ਵਾਲੀ ਪੌੜੀ ਲੱਥਣ ਦਾ ਨਾਂ ਨਹੀਂ ਲੈਂਦਾ।

ਯਾਰ ਗੱਲ ਖੋਲ੍ਹਣ ਲਈ ਮੇਰੇ ਪਿੱਛੇ ਪਏ ਰਹੇ ਤੇ ਮੈਂ ਉਹਨਾਂ ਨੂੰ ਬੁਤੇ ਦੇਂਦਾ ਰਿਹਾ। ਅਸਲ ਵਿਚ ਮੈਂ ਗੱਲ ਕਰਨਾ ਈ ਨਹੀਂ ਸਾਂ ਚਾਹੁੰਦਾ। ਕਿਉਂ ਜੇ ਉਹਨੂੰ ਵੇਖ ਕੇ ਮੈਂ ਵੇਲੇ ਤੇ ਵਾਟ ਤੋਂ ਉੱਚਾ ਹੋ ਜਾਂਦਾ ਸਾਂ। ਪਰ ਜਿਹੜਾ ਵੇਲੇ ਤੇ ਵਾਟ ਦੇ ਵਜੂਦ ਤੋਂ ਮੁਨਕਰ ਹੋਵੇ, ਵੇਲਾ ਤੇ ਵਾਟ ਉਹਦੀਆਂ ਬੇੜੀਆਂ ਮਿਣ ਛੱਡਦੇ ਨੇ, ਜਿਵੇਂ ਮੇਰੀਆਂ ਮਿਣੀਆਂ ਗਈਆਂ ਨੇ।

ਵੇਲੇ ਤੇ ਵਾਟ ਦੀ ਪਹਿਲੀ ਛੀਟੀ ਮੈਨੂੰ ਏਸ ਵੀਚਾਰ ਨੇ ਮਾਰੀ ਪਈ, ਇਮਤਿਹਾਨ ਹੋਵਣ ਵਿਚ ਛੇ ਮਹੀਨੇ ਰਹਿ ਗਏ ਨੇ। ਫੇਰ ਅਸਾਂ ਆਪੋ ਆਪਣੇ ਰਾਹ ਪੈ ਜਾਣਾ ਏ। ਮੈਂ ਲੱਜ਼ਤ ਦੀ ਜਿਹੜੀ ਕੋਠੜੀ ਵਿਚ ਰਹਿੰਦਾ ਸਾਂ ਉਹਨੂੰ ਸੰਨ੍ਹ ਲੱਗਣ ਲੱਗ ਪਈ ਸੀ। ਮੈਂ ਸੋਚਿਆ ਪਈ ਕਣਕੋਂ ਉੱਚੀ ਲੱਜ਼ਤ ਵਿਚ ਵਸੇਬਾ ਸਦਾ ਨਹੀਂ ਰਹਿਣ ਦੇਂਦਾ ਏਸ ਲਈ ਗੋਸ਼ਤ ਦਾ ਰਿਸ਼ਤਾ ਜੋੜਨਾ ਬਰਹੱਕ ਏ। ਮੈਂ ਨੀਤੋਂ ਪੱਕ ਕਰ ਲਿਆ ਪਈ ਜਿੰਨੀ ਛੇਤੀ ਹੋ ਸਕਿਆ ਉਹਦੇ ਨਾਲ ਗੱਲ ਕਰ ਲੇਸਾਂ।

ਇਹਦੇ ਤੋਂ ਪਿੱਛੋਂ ਦੋ ਵਾਰੀ ਗੱਲ ਕਰਨ ਦਾ ਢੋਵਾ ਲੱਗਾ, ਪਰ ਇਕ ਵਾਰੀ ਵੇਲਾ ਮਿਹਰਬਾਨ ਸੀ ਤੇ ਮੇਰੇ ਕੋਲੋਂ ਵਾਟ ਨਾ ਉਲੰਘੀ ਗਈ ਤੇ ਦੂਜੀ ਵਾਰੀ ਵਾਟ ਮਿਟ ਗਈ ਪਰ ਮੇਰੇ ਬੋਲਣ ਤੋਂ ਪਹਿਲਾਂ ਵੇਲਾ ਮੁੱਕ ਗਿਆ ਤੇ ਇੰਜ ਮੈਂ ਕਣਕੋਂ ਉੱਚੀ ਲੱਜ਼ਤ ਤੋਂ ਵੀ ਵਾਂਝਿਆ ਗਿਆ ਤੇ ਗੋਸ਼ਤ ਦੀ ਲੱਜ਼ਤ ਤੋਂ ਵੀ।

ਇਕ ਦਿਨ ਤੇ ਉਹ ਸੀ ਜਦੋਂ ਕਾਲਜ ਦੇ ਮੇਨ ਗੇਟ ਕੋਲ ਅੱਪੜਿਆ ਤੇ ਦੂਜੇ ਪਾਸਿਓਂ ਉਹ ਲਗੀ ਆਂਵਦੀ ਸੀ। ਜਦੋਂ ਤਾਈਂ ਮੈਂ ਉਹਨੂੰ ਨਹੀਂ ਸੀ ਵੇਖਿਆ ਮੈਂ ਆਪਣੇ ਪੈਰੀਂ ਮੁੜਿਆ ਆਉਂਦਾ ਸਾਂ, ਪਰ ਉਹਨੂੰ ਵੇਖ ਕੇ ਮੈਂ ਉਹਦੀ ਪੈਰੀਂ ਮੁੜਿਆ ਤਾਂ ਜੇ ਗੇਟ ਤੋਂ ਅੱਡ ਵਾਟ 'ਤੇ ਹੁੰਦਿਆਂ ਹੋਇਆਂ ਵੀ ਗੇਟ ਤੋਂ ਉਹਦੇ ਨਾਲ ਰਲ ਜਾਵਾਂ। ਇੰਜੇ ਈ ਹੋਇਆ। ਉਸ ਗੇਟ ਦੇ

ਇਕ ਪਾਸੇ ਖਹਿ ਕੇ ਮੋੜ ਕੱਟਿਆ ਤੇ ਦੂਜੇ ਪਾਸੇ ਨਾਲ ਅੱਗੋਂ ਅਸੀਂ ਸੜਕ 'ਤੇ ਟੁਰ ਪਏ। ਜਿਵੇਂ ਦੋ ਮੁੰਡੇ ਕੋਲ ਕੋਲ ਖਲੋ ਕੇ ਦੋ ਪਤੰਗਾਂ ਚਾੜ੍ਹਦੇ ਨੇ। ਪਤੰਗਾਂ ਦੀ ਡੋਰ ਪਤਾ ਨਹੀਂ ਕਿਹੜਿਆਂ ਹੱਥਾਂ ਵਿਚ ਸੀ। ਇਹਨਾਂ ਹੱਥਾਂ ਦਾ ਕੋਈ ਨਾਂ ਨਹੀਂ ਹੁੰਦਾ। ਲੋਕ ਦਿਲ ਨੂੰ ਖਲਿਹਾਰਨ ਵਾਸਤੇ ਇਹਨਾਂ ਦਾ ਨਾਂ ਤਕਦੀਰ ਰੱਖਦੇ ਨੇ।

ਗੇਟ ਤੋਂ ਟੁਰ ਕੇ ਕਾਲਜ ਦੇ ਕੋਠੇ ਤਾਈਂ ਦੋ ਵਿਘਿਆਂ ਦੀ ਵਿਥ ਹੋਣੀ ਏ। ਇਹ ਥੋੜ੍ਹੀ ਵਿੱਥ ਨਹੀਂ ਹੁੰਦੀ। ਏਸ ਵਿਚ ਬਰੂਟਸ ਤੇ ਕੀਟਸ ਦੀਆਂ ਅੱਖਾਂ ਸੀਜ਼ਰ ਦੇ ਕਤਲ ਦਾ ਮਤਾ ਪਕਾ ਸਕਦੀਆਂ ਨੇ ਤੇ ਇਕ ਮੁੰਡੇ ਕੁੜੀ ਦੀਆਂ ਅੱਖਾਂ ਜਿਸਮ ਦਾ ਸਵਾਲ ਜਵਾਬ ਨਹੀਂ ਸਮਝ ਸਕਦੀਆਂ ? ਪਰ ਜ਼ੁੰਮੇਵਾਰੀ ਮੇਰੀ ਏ। ਮੈਂ ਦਿਲ ਦੇ ਪੂਰੇ ਇਰਾਦੇ ਨਾਲ ਉਹਦੇ ਵੱਲ ਤੱਕਿਆ। ਉਹ ਆਪਣੇ ਧਿਆਨ ਸੜਕ ਦੇ ਦੂਜੇ ਕੰਢੇ ਟੁਰੀ ਜਾਂਦੀ ਸੀ। ਸਾਡੇ ਵਿਚ ਇਕ ਸੜਕ ਦੀ ਵਿੱਥ ਸੀ। ਪਰ ਜਦੋਂ ਮੈਂ ਇਹ ਵਿੱਥ ਪਾਰ ਕਰਨ ਲਈ ਪਹਿਲਾ ਪੈਰ ਪੁੱਟਿਆ ਤੇ ਮੈਨੂੰ ਇੰਜ ਲੱਗਾ ਜਿਵੇਂ ਉਹ ਦੁਨੀਆ ਦੇ ਪਰਲੇ ਕੰਢੇ ਤੇ ਵੇ ਤੇ ਮੈਂ ਉਰਲੇ ਕੰਢੇ 'ਤੇ ਵਾਂ। ਕਾਲਜ ਦੇ ਢਿੱਡ ਵਿਚ ਅੱਪੜਣ ਤਾਈਂ ਮੈਂ ਉਹਦੇ ਨੇੜੇ ਜਾਣ ਦੇ ਕਈ ਕਈ ਯਤਨ ਕੀਤੇ ਪਰ ਹਰ ਵਾਰੀ ਜਦੋਂ ਮੈਂ ਆਪਣੇ ਵੱਲੋਂ ਉਹਦੇ ਨੇੜੇ ਤੋਂ ਨੇੜੇ ਸਾਂ ਉਦੋਂ ਵੀ ਸਾਡੇ ਵਿਚਕਾਰ ਪੂਰੀ ਸੜਕ ਦੀ ਵਿੱਥ ਸੀ।

ਦੂਜੀ ਵਾਰੀ ਉਹ ਮੈਨੂੰ ਲਾਇਬ੍ਰੇਰੀ ਵਿਚ ਮਿਲੀ। ਉਹ ਅੰਦਰ ਵੜਦੀ ਪਈ ਸੀ ਤੇ ਮੈਂ ਉਹਦੇ ਪਿੱਛੇ ਸਾਂ। ਉਹ ਅਲਮਾਰੀਆਂ ਪਿੱਛੇ ਲੁਕ ਗਈ ਤੇ ਮੈਂ ਏਧਰ ਉਧਰ ਵੇਖਦਾ ਰਿਹਾ। ਕਿਸੇ ਪਾਸੇ ਕੋਈ ਖੜਾਕ ਨਹੀਂ ਸੀ। ਮੈਨੂੰ ਪੱਕ ਹੋ ਗਿਆ ਪਈ ਉਹ ਅੰਦਰ 'ਕੱਲੀ ਏ। ਕਿਤਾਬਾਂ ਵਾਲੀਆਂ ਅਲਮਾਰੀਆਂ ਦੀਆਂ ਅੱਗੜ ਪਿੱਛੜ ਪਾਲਾਂ ਲੱਗੀਆਂ ਹੋਈਆਂ ਸਨ। ਇਕ ਪਾਲ ਅੱਗੇ ਤੇ ਇਕ ਪਿੱਛੇ। ਮੈਂ ਸੋਚਿਆ ਉਹ ਕਿਸੇ ਪਾਲ ਉਹਲੇ ਤੇ ਮਿਲ ਈ ਜਾਏਗੀ। ਮੈਂ ਪਾਲਾਂ ਵੱਲ ਟੁਰਿਆ, ਜਿਵੇਂ ਅਸਮਾਨਾਂ ਵੱਲ ਟੁਰਿਆ ਹੋਵਾਂ। ਏਸੇ ਉਲੇਲ ਵਿਚ ਤਿੰਨ ਆਸਮਾਨ ਪਾਰ ਕਰ ਗਿਆ ਤੇ ਉਹ ਸਾਹਮਣੇ ਖਲੋਤੀ ਹੋਈ ਸੀ। ਮੇਰੇ ਪੈਰਾਂ ਦਾ ਖੜਾਕ ਸੁਣ ਕੇ ਮੇਰੇ ਵੱਲ ਤੱਕਿਆ ਤੇ ਹੱਸ ਪਈ। ਮੈਂ ਵੇਲੇ ਤੇ ਵਾਟ ਤੋਂ ਉੱਚਾ ਹੋਣ ਹੀ ਲੱਗਾ ਸਾਂ ਪਰ ਮੈਂ ਆਪਣੇ ਆਪ ਨੂੰ ਸਾਂਭ ਲਿਆ। ਅਸਾਂ ਇਕ ਦੂਜੇ ਨੂੰ ਸਲਾਮ ਆਖਿਆ। ਮੈਂ ਉਹਦੇ ਕੋਲ ਅੱਪੜ ਗਿਆ। ਦਿਲ ਵਿਚ ਇਹ ਧਈਆ ਕਰ ਕੇ ਪਈ ਅੱਜ ਭਾਵੇਂ ਵਾਰਸ ਸ਼ਾਹ ਕੋਲੋਂ ਜ਼ਬਾਨ ਮੰਗਣੀ ਪਵੇ ਮੈਂ ਇਸ਼ਕ ਵਾਲੀ ਗੱਲ ਦੀ ਬੋਹਣੀ ਕਰਕੇ ਛੱਡਣੀ ਏ। ਹੁਣ ਤਾਂ ਮੇਰੇ ਅੰਦਰ ਸ਼ਾਹ ਹੁਸੈਨ ਦਾ ਡੇਰਾ ਸੀ। ਜਿਹੜਾ ਮਰਨੋਂ ਅੱਗੇ ਮਰ ਰਹਿਣ ਦਾ ਦਰਸ ਦੇਂਦਾ ਏ। ਮੈਂ ਉਹਦੇ ਐਨਾ ਨੇੜੇ ਹੋ ਗਿਆ ਪਈ ਜੇ ਏਸ ਤੋਂ ਰਤਾ ਕੁ ਵੱਧ ਨੇੜੇ ਹੁੰਦਾ ਤੇ ਸੜ ਕੇ ਸਵਾਹ ਹੋ ਜਾਂਦਾ। ਹੁਣ ਵੇਲੇ ਦੀਆਂ ਵਾਗਾਂ ਮੇਰੇ ਹੱਥ ਵਿਚ ਸਨ ਪਰ ਨਾਲ ਈ ਅਲਮਾਰੀਆਂ ਦੇ ਦੂਜੇ ਪਾਸੇ ਕਿਸੇ ਦੇ ਆਵਣ ਦਾ ਖੜਾਕ ਹੋਇਆ। ਵਾਗਾਂ ਮੇਰੇ ਹੱਥੋਂ ਛੁੱਟ ਗਈਆਂ ਤੇ ਵੇਲਾ ਮਤਾਨੇ ਘੋੜੇ ਵਾਂਗੂੰ ਸ਼ੂਟ ਵੱਟ ਗਿਆ।

ਇਹਦੇ ਤੋਂ ਪਿੱਛੋਂ ਅੱਜ ਤੀਕ ਮੇਰੇ ਲੇਖਾਂ ਵਿਚ ਇਹ ਸਹਿਕਵਣੀ ਲਿਖੀ ਗਈ ਪਈ ਦੁਨੀਆ ਦੀ ਕੋਈ ਤਾਕਤ ਇਹਨਾਂ ਦਿਨਾਂ ਨੂੰ ਇਕ ਵਾਰੀ ਪਿਛਾਂਹ ਮੋੜ ਲਿਆਵੇ, ਪਰ ਵੇਲੇ ਦੀ ਫਿਲਮ ਵਿਚ ਰੀ-ਟੇਕ ਦਾ ਸਵਾਲ ਈ ਪੈਦਾ ਨਹੀਂ ਹੁੰਦਾ।

ਇਮਤਿਹਾਨ ਤੋਂ ਇਕ ਮਹੀਨਾ ਅਗਦੋਂ ਕਲਾਸਾਂ ਫਰੀ ਕਰ ਦਿੱਤੀਆਂ ਗਈਆਂ। ਇਹਨਾਂ ਛੁੱਟੀਆਂ ਵਿਚ ਮੈਂ ਪਹਿਲੀ ਵਾਰੀ ਜੁਦਾਈ ਦੀ ਠਿੱਬੀ ਖਾਧੀ। ਹੁਣ ਤੀਕਰ ਮੈਂ ਪਧਰੇ ਭਾਅ ਟੁਰਿਆ ਜਾਂਦਾ ਸਾਂ। ਪਹਿਲਾ ਠੇਡਾ ਲੱਗਾ ਤੇ ਮੈਂ ਮੂਧਾ ਜਾ ਪਿਆ। ਪਰ ਅਜੇ ਜ਼ੋਰਾਂ ਵਿਚ ਸਾਂ ਏਸ ਲਈ ਉੱਠ ਖਲੋਤਾ, ਪਰ ਬੀਤੇ ਵੇਲੇ ਦਾ ਭਾਂਗਾ ਕੱਢਣ ਜੋਗਾ ਨਹੀਂ ਸਾਂ। ਮੈਨੂੰ ਯਾਰਾਂ ਦਾ



ਹਟਕਣਾ ਹੋੜਨਾ ਬੜਾ ਯਾਦ ਆਇਆ। ਇੰਜ ਜਾਪਦਾ ਸੀ ਜਿਵੇਂ ਮੇਰੇ ਚੁਫ਼ੇਰੇ ਭੋਏਂ ਤੋਂ ਲੈ ਕੇ ਅਸਮਾਨ ਤੀਕਰ ਕੰਧਾਂ ਚਿਣੀਆਂ ਗਈਆਂ ਹੋਣ। ਸੂਰਜ ਸਵਾ ਨੇਜ਼ੇ 'ਤੇ ਆ ਗਿਆ। ਜ਼ਮੀਨ ਤਰਾਮੇ ਵਾਂਗੂੰ ਤਪ ਗਈ। ਕੰਧਾਂ ਦੇ ਘੇਰੇ ਵਿਚ ਆ ਕੇ ਮੈਨੂੰ ਲਾਹਦ ਹੋਈ ਪਈ ਉਹਦੇ ਥੀਂ ਬਿਨਾਂ ਮੈਂ ਕਿੰਨਾ 'ਕੱਲਾ ਹਾਂ। ਜੇ ਉਹ ਮੇਰੇ ਨਾਲ ਨਾ ਰਲੀ ਤੇ ਮੈਂ ਇਕਲਾਪੇ ਦੇ ਵੇਲਣੇ ਵਿਚ ਆ ਜਾਵਾਂਗਾ। ਤੇ ਹੁਣ ਮੈਂ ਦਿਲ ਵਿਚ ਮਿਥ ਲਈ ਜੇ ਇਕ ਵਾਰ ਵੀ ਮੇਰਾ ਉਹਦਾ ਟਾਕਰਾ ਹੋ ਗਿਆ ਤੇ ਗੱਲ ਕਰਨ ਦਾ ਮਣਖ ਜ਼ਰੂਰ ਲਾਹਵਾਂਗਾ। ਜਿਹੜੀ ਗੱਲ ਤੇ ਯਾਰਾਂ ਦੀਆਂ ਦਲੀਲਾਂ ਮੈਨੂੰ ਐਨਾ ਚਿਰ ਤਿਆਰ ਨਾ ਕਰ ਸਕੀਆਂ, ਜੁਦਾਈ ਨੇ ਇਕੋ ਸੇਕਾ ਚਾੜ੍ਹਿਆ ਤੇ ਮੈਂ ਉਹਦੇ ਲਈ ਲੱਕ ਬੰਨ੍ਹ ਲਿਆ। ਦੁਹਾਈ ਉਏ, ਏਸ ਦੁਨੀਆ ਵਿਚ ਦੂਜੇ ਦੇ ਸਮਝਾਇਆਂ ਕੋਈ ਨਹੀਂ ਜੇ ਸਮਝਦਾ।

ਲੱਜ਼ਤ ਦਾ ਉਤਲਾ ਖੋਲਰ ਲੱਥ ਗਿਆ ਹੋਇਆ ਸੀ। ਪਿੰਡਾ ਪਿੰਡੇ ਦਾ ਠੁੰਮਣਾ ਭਾਲਦਾ ਸੀ। ਪਰ ਹੁਣ ਪਿੰਡਾ ਛੱਡ ਕੇ ਉਹਦਾ ਪਰਛਾਵਾਂ ਵੀ ਕਿਧਰੇ ਨਹੀਂ ਸੀ। ਮੈਂ ਛੁੱਟੀਆਂ ਦੇ ਦਿਹਾੜੇ ਕਾਲਜ ਦਾ ਪਾਹੜੂ ਬਣਿਆ ਰਿਹਾ ਪਰ ਜਿਹੜੇ ਛੇੜੂ ਹੱਥੋਂ ਵੇਲੇ ਦਾ ਵਗ ਖਿੱਲਰ ਜਾਵੇ ਉਹ ਕਿਸੇ ਵੰਝਲੀ ਨਾਲ ਵੀ ਉਹਨੂੰ 'ਕੱਠਿਆਂ ਨਹੀਂ ਕਰ ਸਕਦਾ।

ਕਾਲਜ ਦਾ ਪਹਿਰਾ ਦੇਂਦਿਆਂ ਦੇਂਦਿਆਂ ਇਕ ਦਿਨ ਮੈਂ ਨੋਟਿਸ ਬੋਰਡ 'ਤੇ ਇਹ ਹਦਾਇਤ ਪੜ੍ਹੀ ਪਈ ਇਮਤਿਹਾਨ ਦੇਣ ਵਾਲੇ ਮੁੰਡੇ ਕੁੜੀਆਂ ਫਲਾਣੀ ਤਾਰੀਖ਼ ਨੂੰ ਕਾਲਜ ਨਾਲ ਲੇਖਾ ਮੁਕਾ ਕੇ ਆਪਣੇ ਰੋਲ ਨੰਬਰ ਲੈ ਜਾਣ। ਇਹ ਅਖ਼ੀਰਲੀ ਵਾਰ ਸੀ ਜਦੋਂ ਤੋਬਾ ਦਾ ਦਰਵਾਜ਼ਾ ਇਕ ਵਾਰੀ ਫਿਰ ਖੁੱਲ੍ਹਿਆ।

ਰੋਲ ਨੰਬਰ ਲੈਣ ਵਾਲੀ ਤਾਰੀਖ਼ ਨੂੰ ਮੈਂ ਛੇਤੀ ਛੇਤੀ ਹਸ਼ਰ ਦੇ ਮੈਦਾਨ ਵਿਚ ਅੱਪੜਿਆ। ਝਬਦੇ ਈ ਰੋਲ ਨੰਬਰ ਲੈ ਕੇ ਵਿਹਲਾ ਹੋ ਗਿਆ ਤੇ ਉਹਨੂੰ ਉਡੀਕਣ ਲੱਗ ਪਿਆ। ਉਹ ਆਈ ਤੇ ਸਿੱਧੀ ਲਾਇਬ੍ਰੇਰੀ ਨੂੰ ਗਈ। ਲਾਇਬ੍ਰੇਰੀ ਉਤਲੀ ਮੰਜ਼ਲ 'ਤੇ ਸੀ। ਮੈਂ ਵੀ ਉਹਦੇ ਪਿੱਛੇ ਪਿੱਛੇ ਗਿਆ। ਤਕਦੀਰ ਦਾ ਲੇਖਾ ਹੋਣ ਵਾਲਾ ਹੋਵੇ ਤੇ ਬੰਦੇ ਦਾ ਦਿਲ ਅੰਦਰ ਬਾਹਰ ਹੁੰਦਾ ਰਹਿੰਦਾ ਏ। ਖੌਰੇ ਹੁਣੇ ਕੀ ਹੋਵੇਗਾ ? ਗੱਲ ਪੁੱਠੀ ਪਵੇਗੀ ਕਿ ਸਿੱਧੀ ? ਮੈਂ ਕਰਨ ਤੇ ਨਾ ਕਰਨ ਦੀਆਂ ਦਲੀਲਾਂ ਵਿਚ ਫਾਥਾ ਹੋਇਆ ਸਾਂ। ਪਿੱਛੋਂ ਕੰਡੀ ਤੇ ਸੋਚਦਾ ਸਾਂ ਪਈ ਜਿਥੇ ਮਿਲ ਗਈ ਵਗਾਹਤੀ ਮਾਰਾਂਗਾ, ਪਰ ਵੇਲੇ ਸਿਰ ਖ਼ੌਰੇ ਉਹ ਗੱਲ ਸੀ ਜਿਹਨੂੰ ਮੇਰੇ ਯਾਰ ਮੇਰੀ ਬੁਜ਼ਦਿਲੀ ਆਖਦੇ ਨੇ, ਜਾਂ "ਨਾਂਹ" ਸੁਣਨ ਦਾ ਖ਼ੌਫ ਜਾਂ ਮੈਂ ਲੱਜ਼ਤ ਦੀ ਜਿਹੜੀ ਕੋਠੜੀ ਬਣਾਈ ਹੋਈ ਸੀ ਉਹਦੇ ਢਹਿਣ ਦਾ ਅੰਦੇਸ਼ਾ ਸੀ। ਕੋਈ ਸ਼ੈਅ ਹੀ ਸੀ ਜਿਹੜੀ ਮੈਨੂੰ ਉਹਦੇ ਨਾਲ ਗੱਲ ਕਰਨ ਲੱਗਿਆਂ ਘੇਰਾ ਪਾ ਲੈਂਦੀ ਸੀ ਤੇ ਫੇਰ ਇਹ ਘੇਰਾ ਮੇਰੇ ਲਈ ਸਿਕੰਦਰ ਦੀ ਫ਼ੌਜ ਦਾ ਘੇਰਾ ਬਣ ਜਾਂਦਾ ਸੀ। ਫੇਰ ਵੀ ਪੌੜੀਆਂ ਚੜ੍ਹਦਿਆਂ ਹੋਇਆ ਮੈਂ ਦਿਲ ਨਾਲ ਪੱਕ ਕਰ ਲਿਆ ਪਈ ਪਰਤ ਕੇ ਆਉਂਦੀ ਏ ਤੇ ਇਹਨਾਂ ਪੌੜੀਆਂ ਵਿਚ ਉਹਨੂੰ ਡੱਕਾਂਗਾ।

ਉਹ ਲਾਇਬ੍ਰੇਰੀਅਨ ਨਾਲ ਹਿਸਾਬ ਮੁਕਾਣ ਲੱਗ ਪਈ ਤੇ ਮੈਂ ਅਲਮਾਰੀਆਂ ਵਿਚ ਲੱਗੀਆਂ ਹੋਈਆਂ ਕਿਤਾਬਾਂ ਦੀਆਂ ਕੰਡਾਂ ਉੱਤੇ ਉਹਨਾਂ ਦੇ ਨਾਂ ਪੜ੍ਹਨ ਲੱਗ ਪਿਆ। ਧਿਆਨ ਮੇਰਾ ਹਰ ਵੇਲੇ ਉਹਦੇ ਵੱਲ ਸੀ। ਮੈਂ ਇਕ ਦੋ ਮਿੰਟ ਪੂਰੀ ਤਵੱਜੋ ਨਾਲ ਜਾਚਿਆ ਪਈ ਕੋਈ ਅਜਿਹੀ ਕਿਤਾਬ ਤੇ ਨਹੀਂ ਆ ਗਈ ਜਿਹੜੀ ਮੈਂ ਅਜੇ ਤਾਈਂ ਡਿੱਠੀ ਨਾ ਹੋਵੇ। ਦੋ ਮਿੰਟਾਂ ਲਈ ਮੇਰਾ ਧਿਆਨ ਉਹਦੇ ਵੱਲੋਂ ਖੁੰਝਿਆ ਰਿਹਾ। ਉਸ ਵੇਲੇ ਮੈਂ ਹਿਸਟਰੀ ਆਫ਼ ਲਿਟਰੇਚਰਜ਼ ਦੀ ਅਲਮਾਰੀ ਸਾਹਮਣੇ ਸਾਂ। ਜਦੋਂ ਮੈਂ ਅੱਭੜਵਾਹੇ ਜਾਗ ਕੇ ਕਾਉਂਟਰ ਵੱਲ ਵੇਖਿਆ ਤੇ ਮੇਰੀ ਨਫ਼ਸੀਆਤੀ ਤਵਾਰੀਖ ਇਕ ਨਵਾਂ ਮੋੜ ਮੁੜ ਗਈ ਹੋਈ ਸੀ। ਉਹ ਕਾਉਂਟਰ ਤੋਂ ਗਾਇਬ

ਸੀ। ਜਾ ਓ ਜਾਂਦੀਏ।

ਉਸੇ ਵੇਲੇ ਨੱਸਿਆ ਤੇ ਅੱਖ ਦੇ ਪਲਕਾਰੇ ਵਿਚ ਪੌੜੀਆਂ ਤਾਈਂ ਅੱਪੜ ਗਿਆ। ਉਹ ਪੋਲੇ ਭਾਅ ਪੌੜੀਆਂ ਉਤਰਦੀ ਪਈ ਸੀ ਤੇ ਮੈਂ ਖਿਟ ਕਰੀ ਆਉਂਦਾ ਸਾਂ। ਮੇਰੇ ਪਿੱਛੇ ਰਹਿ ਜਾਵਣ ਹੱਥੋਂ ਕਿੰਨੀਆਂ ਸਾਰੀਆਂ ਪੌੜੀਆਂ ਖੁੰਝ ਗਈਆਂ ਤੇ ਅਖ਼ੀਰ ਜਿਹੜੀ ਪੌੜੀ ਤੇ ਮੈਂ ਉਹਨੂੰ ਜਾ ਰਲਿਆ ਉਹ ਭੋਏਂ ਤੋਂ ਗਿਣਿਆਂ ਸਤਵੀਂ ਪੌੜੀ ਸੀ। ਮੈਨੂੰ ਕਾਹਲੀ ਕਾਹਲੀ ਪਿੱਛੇ ਆਉਂਦਿਆਂ ਵੇਖ ਕੇ ਉਹ ਖਲੋ ਗਈ। ਮੈਂ ਵੀ ਉਹਦੇ ਕੋਲ ਜਾ ਖਲੋਤਾ। ਉਸ ਵੇਲੇ ਜ਼ਮੀਨ, ਅਸਮਾਨ, ਸੂਰਜ, ਰੁਖ, ਇਮਾਰਤ ਕਿਸੇ ਸ਼ੈਅ ਦਾ ਵਜੂਦ ਬਾਕੀ ਨਹੀਂ ਸੀ। ਬਸ ਉਹ ਸੀ ਤੇ ਮੈਂ ਸਾਂ। ਉਸ ਗਰਦਨ ਮੋੜ ਕੇ ਮੇਰੇ ਵੱਲ ਵੇਖਿਆ...ਸਾਡਾ ਸਾਰਾ ਆਲਾ ਦੁਆਲਾ ਉਹਦੀ ਗਰਦਨ ਦੇ ਨਾਲ ਨਾਲ ਮੁੜ ਰਿਹਾ ਸੀ।

ਸਾਡੀਆਂ ਅੱਖਾਂ ਮਿਲੀਆਂ ਤੇ ਉਥੇ ਨਾ ਕੋਈ ਮੈਂ ਸਾਂ ਤੇ ਨਾ ਉਹ ਸੀ। ਸਿਰਫ਼ ਉਹਦੇ ਚਿਹਰੇ ਦੀ ਰੁੱਖੀ ਰੁੱਖੀ ਸੰਜੀਦਗੀ ਸੀ ਜਿਹੜੀ ਮੇਰੇ ਕੋਲ ਖਲੋਤਿਆਂ ਹੋਇਆਂ ਅੱਜ ਪਹਿਲੀ ਵਾਰ ਉਹਦੇ ਨਕਸ਼ਾਂ 'ਤੇ ਆਈ ਹੋਈ ਸੀ। ਮੈਨੂੰ ਏਸ ਸੰਜੀਦਗੀ ਦਾ ਪਹਿਲੋਂ ਕੋਈ ਤਜਰਬਾ ਨਹੀਂ ਸੀ। ਕਿਉਂ ਜੇ ਅੱਗੇ ਇਹਦੀ ਥਾਂ ਸਾਰੀ ਦੁਨੀਆ ਤੇ ਚਾਨਣ ਖਿਲਾਰਨ ਵਾਲਾ ਹਾਸਾ ਹੁੰਦਾ ਸੀ। ਉਹ ਹਾਸਾ ਜਿਹਦੀ ਲੱਜ਼ਤ ਨੇ ਮੈਨੂੰ ਸ਼ਾਹ ਹੁਸੈਨ ਦਾ ਪਰਛਾਵਾਂ ਬਣਾ ਦਿੱਤਾ ਹੋਇਆ ਸੀ।

ਸੱਤ ਪੌੜੀਆਂ ਤੋਂ ਥੱਲੇ ਸਿਕੰਦਰ ਦੀ ਫ਼ੌਜ
ਸੱਤ ਪੌੜੀਆਂ ਤੋਂ ਥੱਲੇ ਇਕਲਾਪੇ ਦੀਆਂ ਕੰਧਾਂ
ਸੱਤ ਪੌੜੀਆਂ ਤੋਂ ਥੱਲੇ ਜੰਨਤ

ਸੱਤ ਪੌੜੀਆਂ ਤੇ ਉਹਦੇ ਚਿਹਰੇ 'ਤੇ ਹਾਸੇ ਦੀ ਥਾਂ ਰੁੱਖੀ ਸੰਜੀਦਗੀ। ਕਰਾਂ ਤੇ ਕੀ ਕਰਾਂ! ਜਾਵਾਂ ਤੇ ਕਿਥੇ ਜਾਵਾਂ!!

ਹਯਾਤੀ ਦੀ ਲੀਹ ਉੱਤੇ ਕਈ ਵਾਰੀ ਸਾਡੇ ਸਾਹਮਣੇ ਅਜਿਹੇ ਮੋੜ ਆਉਂਦੇ ਨੇ ਜਿਥੋਂ ਇਕ ਤੋਂ ਵੱਧ ਰਾਹ ਨਿਕਲਦੇ ਨੇ। ਅਸੀਂ ਵੇਲੇ ਤੇ ਵਾਟ ਦੇ ਬੰਦੀਵਾਨ ਕੋਈ ਇਕ ਰਾਹ ਈ ਫੜ ਸਕਦੇ ਹਾਂ। ਰੱਬ ਤਵੱਕਲੀ ਅਸੀਂ ਇਕ ਰਾਹ ਪੈ ਜਾਂਦੇ ਹਾਂ ਤੇ ਬਾਕੀ ਦੀ ਹਯਾਤੀ ਇਹ ਜਾਨਣ ਦੀ ਸਿੱਕ ਵਿਚ ਜੀਉਂਦੇ ਰਹਿੰਨੇ ਆਂ ਜੇ ਦੂਜੇ ਰਾਹ ਜਾਂਦੇ ਤੇ ਖ਼ੌਰੇ ਕੀ ਹੁੰਦਾ?

ਜੇ ਸੱਤਾਂ ਪੌੜੀਆਂ ਵਿਚਾਲੇ ਮੈਂ ਉਹਦੇ ਨਾਲ ਗੱਲ ਕਰ ਲੈਂਦਾ ਤੇ ਖ਼ੌਰੇ ਕੀ ਹੁੰਦਾ...ਪਰ ਮੈਂ ਤੇ ਗੱਲ ਕਰ ਈ ਨਾ ਸਕਿਆ। ਸੱਤਾਂ ਪੌੜੀਆਂ ਦਾ ਇਹ ਸੰਗ ਜਿਹੜਾ ਹਯਾਤੀ ਵਿਚ ਪਹਿਲੀ ਤੇ ਛੇਕੜਲੀ ਵਾਰ ਨਸੀਬ ਹੋਇਆ ਸੀ ਚੁੱਪ ਚਪੀਤੇ ਬੀਤ ਗਿਆ। ਉਹਦੇ ਮੁਹਾਂਦਰੇ 'ਤੇ ਹਾਸੇ ਦੀ ਥਾਂ ਰੁੱਖੀ ਸੰਜੀਦਗੀ ਨੇ ਮੇਰੀ ਜ਼ਬਾਨ ਬੰਦ ਕਰ ਦਿੱਤੀ। ਅਸੀਂ ਅੱਖ ਝਮਕਣ ਵਿਚ ਸੱਤੇ ਪੌੜੀਆਂ ਉਤਰ ਗਏ ਤੇ ਫੇਰ ਰਹਿੰਦੀ ਦੁਨੀਆ ਤਾਈਂ ਵਿਛੜ ਗਏ।

ਗੱਲ ਕਰ ਲੈਂਦਾ ਤੇ ਪਤਾ ਨਹੀਂ ਕੀ ਹੁੰਦਾ? ਪਰ ਗੱਲ ਨਾ ਕਰਨ ਨਾਲ ਇਹ ਹੋਇਆ ਏ ਕਿ ਮੇਰੀ ਮੌਤ ਮੇਰੇ ਵੱਲ ਨਾਰਮਲ ਰਫ਼ਤਾਰ ਨਾਲੋਂ ਕਿਧਰੇ ਤ੍ਰਿਖੀ ਨੱਸੀ ਆਉਂਦੀ ਏ। ਗੱਲ ਕਰ ਲੈਂਦਾ ਤੇ ਖ਼ੌਰੇ ਸੀ ਐਸ. ਪੀ. ਦੇ ਚੁਬਾਰੇ ਚੜ੍ਹ ਜਾਂਦਾ। ਪਰ ਗੱਲ ਨਾ ਕਰ ਸਕਿਆ ਤੇ ਪੌੜੀਆਂ ਤੋਂ ਦੂਰ ਜਾਣ ਜੋਗਾ ਨਾ ਰਿਹਾ। ਏਸ ਕਰਕੇ ਐਮ.ਏ. ਕਰਕੇ ਉਸੇ ਕਾਲਜ ਵਿਚ ਲੈਕਚਰਰ ਹੋ ਗਿਆ ਤੇ ਅੱਜ ਤਾਈਂ ਹਯਾਤੀ ਵਿਚ ਇਕ ਦਿਨ ਵੀ ਅਜਿਹਾ ਨਹੀਂ ਆਇਆ ਜਦੋਂ ਮੈਂ ਕਾਲਜ ਤੇ ਗਿਆ ਹੋਵਾਂ ਪਰ ਪੌੜੀਆਂ ਦੇ ਦਰਬਾਰ ਵਿਚ ਹਾਜ਼ਰੀ ਨਾ ਦਿੱਤੀ ਹੋਵੇ।

ਲੈਕਚਰਰ ਲੱਗ ਕੇ ਮੈਂ ਤੇਲੀ ਦੇ ਢੱਗੇ ਵਾਂਗੂੰ ਵਗਣ ਲੱਗ ਪਿਆ। ਇਕ ਦਿਨ ਮਾਪਿਆਂ



ਨੇ ਢੱਗੇ ਨੂੰ ਪੁੱਛਿਆ, "ਢੱਗਿਆ, ਵਿਆਹ ਕਰਨਾ ਈ?"

ਢੱਗੇ ਨੇ ਖੁਪਿਆਂ ਸਣੇ ਸਿਰ ਹਿਲਾ ਦਿੱਤਾ। ਮਾਪਿਆਂ ਸਮਝਿਆ "ਹਾਂ" ਪਿਆ ਕਰਦਾ ਏ ਤੇ ਇੰਜ ਮੇਰਾ ਵਿਆਹ ਹੋ ਗਿਆ, ਜਿਵੇਂ ਬੰਦਾ ਖਾ ਲੈਂਦਾ ਏ, ਪਾਣੀ ਪੀ ਲੈਂਦਾ ਏ। ਘਰ ਦਾ ਚੁਬਾਰਾ ਸਾਡੇ ਦੋਹਾਂ ਦੀ ਵੱਸੋਂ ਲਈ ਵਿਹਲਾ ਕਰ ਦਿੱਤਾ ਗਿਆ।

ਅਜੇ ਮੇਰੀ ਵਹੁਟੀ ਪਹਿਲੀਆਂ ਫੇਰੀਆਂ ਵਿਚ ਆਈ ਸੀ। ਅਜੇ ਮੈਂ ਉਹਨੂੰ "ਤੂੰ" ਕਰਕੇ ਸੱਦਣਾ ਵੀ ਸ਼ੁਰੂ ਨਹੀਂ ਸੀ ਕੀਤਾ ਕਿ ਇਕ ਦਿਨ ਮੈਂ ਉਹਨੂੰ ਸੁੱਤੀ ਪਈ ਨੂੰ ਛੱਡ ਕੇ ਥੱਲੇ ਉਤਰਨ ਲੱਗਾ। ਪੌੜੀਆਂ ਉਤਰਦਿਆਂ ਹੋਇਆਂ ਪਤਾ ਨਹੀਂ ਕੀ ਹੋਣੀ ਵਰਤੀ ਕਿ ਮੈਨੂੰ ਬੀਤੇ ਵੇਲੇ ਨੂੰ ਹਾਕ ਮਾਰਨ ਦਾ ਉਸਕਲ ਆ ਗਿਆ। ਮੈਂ ਸੋਚਿਆ ਇਕ ਕੁੜੀ ਮੇਰੇ ਨਾਲ ਪੌੜੀਆਂ ਉਤਰਦੀ ਉਤਰਦੀ ਪਤਾ ਨਹੀਂ ਕਿਹੜੇ ਵਾਵਰੋਲੇ ਨਾਲ ਉੱਡ ਗਈ ਏ ਤੇ ਦੂਜੀ ਰੋਜ਼ ਪੌੜੀਆਂ ਚੜ੍ਹ ਕੇ ਮੇਰੀ ਵਾਤ ਲੈਣ ਆ ਜਾਂਦੀ ਏ। ਅੱਜ ਕੁੜੀ ਦੇ ਏਸ ਰੂਪ ਨੂੰ ਪੌੜੀਆਂ ਵਿਚ ਡੱਕ ਕੇ ਗਵਾਚੇ ਵੇਲੇ ਦੀ ਭਾਲ ਕੀਤੀ ਵੰਜੇ ਪਰ ਏਸ ਪਾਸੇ ਮੇਰਾ ਖ਼ਿਆਲ ਈ ਨਾ ਗਿਆ ਕਿ ਉਹਨੂੰ ਸੱਤਾਂ ਪੌੜੀਆਂ ਵਿਚ ਖਲਿਹਾਰ ਉਹਦੇ ਨਾਲ ਗੱਲ ਕੀ ਕਰਨੀ ਏ। ਹੱਸਣ ਖੇਡਣ ਦਾ ਐਡਾ ਚਾਅ ਚੜ੍ਹਿਆ ਕਿ ਮਕਾਲਮੇ ਯਾਦ ਕਰਨ ਦਾ ਧਿਆਨ ਈ ਕੋਈ ਨਾ ਗਿਆ।

ਮੈਂ ਕੋਠੇ 'ਤੇ ਗਿਆ। ਘਰ ਵਾਲੀ ਨੂੰ ਜਗਾਇਆ ਤੇ ਉਹਨੂੰ ਆਖਿਆ ਪਈ ਛੇਤੀ ਨਾਲ ਥੱਲੇ ਆਵੇ। ਆਪ ਉਹਦੇ ਤੋਂ ਪਹਿਲਾਂ ਥੱਲੇ ਵੱਲੋਂ ਸਤਵੀਂ ਪੌੜੀ 'ਤੇ ਬਹਿ ਗਿਆ। ਉਹ ਮੈਨੂੰ ਇੰਜ ਬੈਠਾ ਵੇਖ ਕੇ ਠਠੰਬਰ ਗਈ। ਪਹਿਲਾਂ ਉਸ ਜ਼ਬਾਨ ਨਾਲ ਪੁੱਛਿਆ ਪਈ ਮੈਂ ਏਸ ਹਾਲ ਵਿਚ ਕਿਉਂ ਬੈਠਾ ਵਾਂ, ਪਰ ਮੈਂ ਕੋਈ ਜਵਾਬ ਨਾ ਦਿੱਤਾ। ਫੇਰ ਉਹਨੇ ਮੇਰੀ ਬਾਂਹ ਫੜ ਕੇ ਮੈਨੂੰ ਉਠਾਇਆ। ਮੈਂ ਉੱਠ ਕੇ ਉਹਦੇ ਵੱਲ ਵੇਖਿਆ। ਉਹਦੇ ਚਿਹਰੇ 'ਤੇ ਸਵਾਲਾਂ ਦੀ ਹਾਜ਼ਰੀ ਵਰਗੀ ਕਿਤਾਬ ਲਿਖੀ ਹੋਈ ਸੀ। ਮੈਂ ਆਪਣਾ ਆਪ ਛੱਡ ਦਿੱਤਾ ਤੇ ਮੇਰਾ ਸਿਰ ਉਹਦੇ ਸੀਨੇ 'ਤੇ ਜਾ ਡਿੱਗਾ। ਉਹਨੇ ਪਿਆਰ ਨਾਲ ਘੁੱਟਿਆ ਤੇ ਪਤਾ ਨਹੀਂ ਕਿਹੜੇ ਵੇਲੇ ਦੀ ਡੱਕੀ ਹੋਈ ਬਦਲੀ ਫਿਸ ਪਈ। ਮੈਂ ਕਿਸੇ ਮਾਂ ਮਹਿਟਰ ਬਾਲ ਵਾਂਗੂੰ ਬਰਲੀ ਬਰਲੀ ਰੋਣ ਲੱਗ ਪਿਆ। ਦੋ ਘੜੀਆਂ ਦੇ ਏਸ ਤਜਰਬੇ ਦੀ ਨੀਂਹ 'ਤੇ ਇਹ ਦਾਹਵਾ ਬੰਨ੍ਹ ਸਕਦਾ ਜੇ ਪਈ ਜਿਹਨੇ ਹਯਾਤੀ ਵਿਚ ਰੋ ਕੇ ਨਹੀਂ ਡਿੱਠਾ ਉਸ ਦੁਨੀਆ ਤੋਂ ਕੁਝ ਨਹੀਂ ਖੱਟਿਆ।

ਹੁਣ ਉਹ ਪੁੱਛਣ ਦੇ ਖਹਿੜੇ ਪੈ ਗਈ ਪਈ ਗੱਲ ਕੀ ਏ? ਮੈਂ ਉਹਦੇ ਨਾਲ ਕੋਈ ਵੀ ਗੱਲ ਕਰ ਸਕਦਾ ਸਾਂ। ਪਹਿਲਾਂ ਤੋਂ ਕੁਝ ਵੀ ਨਹੀਂ ਸੀ ਸੋਚਿਆ ਹੋਇਆ ਏਸ ਲਈ ਮੇਰੇ ਬੁੱਲ੍ਹਾਂ 'ਤੇ ਲਾਟਰੀ ਦੀ ਪਰਚੀ ਖੋਲ੍ਹਣ ਵਾਂਗੂੰ ਕੋਈ ਵੀ ਗੱਲ ਆ ਸਕਦੀ ਸੀ। ਉਸ ਵੇਲੇ ਮੇਰੇ ਵਜੂਦ ਓੜਕ ਛੂਹਿਆ ਜਿਹਾ ਹੋਇਆ ਪਿਆ ਸੀ। ਮੈਂ ਲਾਟਰੀ ਵਿਚੋਂ ਜਿਹੜੀ ਪਰਚੀ ਕੱਢੀ ਉਹ ਇਹ ਸੀ।

"ਤੁਸਾਂ ਵਿਆਹ ਤੋਂ ਪਹਿਲਾਂ ਕਿਸੇ ਨਾਲ ਇਸ਼ਕ ਤੇ ਨਹੀਂ ਸੀ ਕੀਤਾ?"

ਉਸ ਇੰਜ ਤੜਫ਼ ਕੇ ਮੇਰੇ ਵੱਲੋਂ ਵੇਖਿਆ ਜਿਵੇਂ ਮੈਂ ਉਹਨੂੰ ਨੇਜ਼ੇ ਦੀ ਨੋਕ 'ਤੇ ਪਰੋਣ ਲੱਗਾ ਹੋਵਾਂ। ਮੈਨੂੰ ਸਮਝ ਆ ਗਈ ਪਈ ਚਾਲ ਪੁੱਠੀ ਪੈ ਗਈ ਏ, ਪਰ ਹੁਣ ਮੈਂ ਪੂਰੀ ਬਾਜ਼ੀ ਖੇਡਣਾ ਚਾਹੁੰਦਾ ਸਾਂ। ਮੈਂ ਉਹਨੂੰ ਨਾਲ ਲੈ ਕੇ ਛੇਵੀਂ ਪੌੜੀ 'ਤੇ ਆ ਗਿਆ ਤੇ ਪੁੱਛਿਆ, ਜੇ ਪਿਆਰ ਕੀਤਾ ਸੀ ਤੇ ਇਹ ਚੁੱਪ ਚਪੀਤਾ ਸੀ ਜਾਂ ਗੱਲਬਾਤ ਹੋਈ ਸੀ?

ਉਹਨੇ ਧਿਆਨ ਦੂਜੇ ਪਾਸੇ ਕਰ ਲਿਆ। ਮੈਂ ਪੰਜਵੀਂ ਪੌੜੀ 'ਤੇ ਆ ਗਿਆ ਤੇ ਇਹ ਸਵਾਲ ਕੀਤਾ, "ਜੇ ਕੌਲ ਕਰਾਰ ਹੋਏ ਸਨ ਤੇ ਫੇਰ ਮੇਰੇ ਨਾਲ ਕਿਹੜੀ ਮਜਬੂਰੀ ਹੱਥੋਂ ਵਿਆਹ ਕਰਾ ਲਿਆ ਸੀ?"

ਬੀਵੀ ਨੇ ਮੇਰੇ ਵੱਲ ਕੈਦੀ ਹਰਨੀ ਵਾਂਗੂੰ ਵੇਖਿਆ। ਹੁਣ ਤਾਈਂ ਉਹਦੀਆਂ ਅੱਖਾਂ ਵਿਚ

ਦੁੱਖਾਂ ਦੀਆਂ ਹਨੇਰੀਆਂ ਝੁੱਲ ਪਈਆਂ ਸਨ। ਪਰ ਉਹਦੇ ਬੁੱਲ੍ਹਾਂ 'ਤੇ ਚੁੱਪ ਦੇ ਜਿੰਦਰੇ ਸਨ। ਅਸੀਂ ਚੌਥੀ ਪੌੜੀ 'ਤੇ ਆ ਗਏ ਤੇ ਮੈਂ ਆਖਿਆ।

"ਜੇ ਮੈਂ ਤੁਹਾਨੂੰ ਛੱਡ ਦਿਆਂ ਤੇ ਉਹ ਹੁਣ ਵੀ ਤੁਹਾਨੂੰ ਕਬੂਲ ਕਰ ਲਵੇਗਾ ?"

ਮੈਂ ਏਸੇ ਤਰ੍ਹਾਂ ਲਾਟਰੀ ਵਾਲੇ ਡੱਬੇ ਵਿਚੋਂ ਪਰਚੀਆਂ ਕੱਢਦਾ ਕੱਢਦਾ ਪਹਿਲੀ ਪੌੜੀ 'ਤੇ ਆ ਗਿਆ। ਉਸ ਵੇਲੇ ਤਾਈਂ ਸਾਡੇ ਵਿਚਕਾਰ ਭਲਿਆ ਮਾਣਸਾਂ ਦਾ ਇਕ ਵਾਇਦਾ ਹੋ ਚੁੱਕਿਆ ਸੀ ਜਿਹੜਾ ਪੂਰਾ ਕਰਨ ਲਈ ਕੁਝ ਦਿਨਾਂ ਪਿੱਛੋਂ ਉਹਨੂੰ ਤਲਾਕ ਦੇ ਦਿੱਤਾ ਤੇ ਅੱਜ ਉਹ ਦੋਵੇਂ ਜੀਅ ਸੁੱਖੀਂ ਵੱਸਦੇ ਪਏ ਨੇ।

ਨਾ ਵਿਆਹ ਹੋਣਾ ਮੈਨੂੰ ਕੋਈ ਅਨੋਖੀ ਗੱਲ ਜਾਪੀ ਤੇ ਨਾ ਬੀਵੀ ਨੂੰ ਤਲਾਕ ਦੇ ਕੇ ਕੋਈ ਹਲੂਣਾ ਆਇਆ। ਇਹ ਦੋਵੇਂ ਗੱਲਾਂ ਇੰਜ ਈ ਸਨ ਜਿਵੇਂ ਢੱਗੇ ਦੇ ਵਗਦਿਆਂ ਵਗਦਿਆਂ ਤੇਲੀ ਨੇ ਦੋ ਘਾਣ ਪਾਏ ਹੋਵਣ ਪਰ ਇਹਦੇ ਤੋਂ ਪਿੱਛੋਂ ਜੋ ਕੁਝ ਹੋਇਆ ਉਸ ਮੇਰੀ ਜ਼ਫ਼ਰ ਜਾਲ ਕੇ ਕੀਤੀ ਹੋਈ ਕਮਾਈ ਨੂੰ ਡਾਕਟਰਾਂ ਦੇ ਨਾਂ ਲਾ ਦਿੱਤਾ। ਮੈਨੂੰ ਜੀਊਂਦੀ ਜਾਨੇ ਮਾਰ ਘੱਤਿਆ।

ਇਕ ਦਿਨ ਮੈਨੂੰ ਕਿਸੇ ਨੇ ਸਟਾਫ਼ ਰੂਮ ਵਿਚ ਦੱਸਿਆ ਕਿ ਬਾਹਰ ਮੈਨੂੰ ਕੋਈ ਬੀਬੀ ਉਡੀਕਦੀ ਪਈ ਏ। ਬੀਬੀ ਨੇ ਪਹਿਲੋਂ ਮੇਰਾ ਨਾ ਥੇਹ ਪੁੱਛ ਕੇ ਪੱਕ ਕੀਤਾ, ਪਈ ਮੈਂ ਮੈਂ ਈ ਆਂ ਤੇ ਫੇਰ ਸਿੱਧਾ ਜਿਹਾ, ਰੁੱਖਾ ਜਿਹਾ ਸਵਾਲ ਜੜ ਦਿੱਤਾ, "ਤੁਹਾਨੂੰ ਇਕ ਕੁੜੀ ਨਸੀਮ ਅਹਿਮਦ ਅਲੀ ਯਾਦ ਏ ?"

ਇਹ ਨਾਂ ਸੁਣ ਕੇ ਮੇਰੇ ਅੰਦਰ ਚਿਮਟਾ ਜੋੜੀ ਵੱਜਣ ਲੱਗ ਪਿਆ। ਦਿਲ ਕੀਤਾ ਕੱਪੜੇ ਪਾੜ ਦਿਆਂ। ਪਰ ਐਮ.ਏ. ਤੇ ਜੋਗ ਵਿਚ ਬੜੀਆਂ ਲੰਮੀਆਂ ਵਾਟਾਂ ਜੇ। ਜਦੋਂ ਐਮ.ਏ. ਦੇ ਨਾਲ ਪ੍ਰੋਫੈਸਰੀ ਵੀ ਜੁੜ ਜਾਵੇ ਤੇ ਜੋਗ ਹੋਰ ਦੁਰਾਡਾ ਹੋ ਜਾਂਦਾ ਏ। ਜੋਗ ਤੇ ਮੈਂ ਕੀ ਲੀਤਾ ਸੀ ਪਰ ਉਹਨੂੰ ਕੋਈ ਜਵਾਬ ਵੀ ਤਾਂ ਈ ਦੇਂਦਾ ਜੇ ਅੰਦਰੋਂ ਚਿਮਟਾ ਜੋੜੀ ਖਲੋ ਜਾਂਦਾ। ਉਸ ਬੀਬੀ ਨੇ ਜਵਾਬ ਉਡੀਕਿਆਂ ਬਿਨਾਂ ਮੇਰੇ ਚਿਮਟੇ ਜੋੜੀ ਨਾਲ ਆਪਣੀ ਵੈਣ ਪਾਂਦੀ ਸਰੰਗੀ ਰਲਾ ਦਿੱਤੀ। ਆਖਿਆ ਸੂ, "ਨਸੀਮ ਮੇਰੀ ਭੈਣ ਸੀ। ਉਹ ਅਗਲੇ ਦਿਹਾੜੇ ਟੀ.ਬੀ. ਨਾਲ ਮਰ ਗਈ ਏ। ਮਰਨ ਤੋਂ ਪਹਿਲੋਂ ਉਹਨੇ ਮੈਨੂੰ ਇਹ ਡਾਇਰੀ ਦਿੱਤੀ ਸੀ, ਪਈ ਤੁਹਾਨੂੰ ਪੁਚਾ ਦਿਆਂ...ਇਹ ਲਉ...ਫੜੋ ਨਾ।"

ਚੋਖੇ ਚਿਰ ਪਿੱਛੋਂ ਮੇਰੇ ਦੋਵੇਂ ਹੱਥ ਅੱਗੇ ਵਧੇ। ਉਹਨੇ ਡਾਇਰੀ ਮੇਰੇ ਹੱਥਾਂ 'ਤੇਂ ਇੰਜ ਟਿਕਾਈ ਜਿਵੇਂ ਉਹ ਨਸੀਮ ਦੀ ਲੋਥ ਹੋਵੇ। ਉਹੋ ਨਸੀਮ ਜਿਹੜੀ ਅੱਜ ਤੋਂ ਕੁਝ ਵਰ੍ਹੇ ਪਹਿਲੋਂ ਆਪਣੇ ਪੈਰੀਂ ਟੁਰਦੀ ਸੱਤਾਂ ਪੌੜੀਆਂ ਤੋਂ ਮੇਰੇ ਕੋਲੋਂ ਵੱਖ ਹੋਈ ਸੀ। ਡਾਇਰੀ ਫੜਨ ਲੱਗਿਆਂ ਸਾਡੀਆਂ ਅੱਖਾਂ ਰਲੀਆਂ ਸਨ। ਇਹ ਅੱਖਾਂ ਅਜੇ ਤਾਈਂ ਮੇਰੇ ਸਾਹਮਣਿਉਂ ਨਹੀਂ ਹਟੀਆਂ। ਜਿੰਨੀ ਵਾਰੀ ਮੈਨੂੰ ਇਹ ਅੱਖਾਂ ਯਾਦ ਆਉਂਦੀਆਂ ਨੇ, ਓਨੀ ਵਾਰੀ ਮੈਨੂੰ ਉਹਨਾਂ ਫ਼ਿਲਮ ਡਾਇਰੈਕਟਰਾਂ ਕੋਲੋਂ ਨਫ਼ਰਤ ਹੁੰਦੀ ਜਾਂਦੀ ਏ ਜਿਹੜੇ ਇਹੋ ਜਿਹੇ ਵੇਲੇ ਕਹਾਣੀਆਂ ਪਾਂਦੀਆਂ ਅੱਖੀਆਂ ਛੱਡ ਕੇ ਕਿਰਦਾਰਾਂ ਦੇ ਮੂੰਹ ਵਿਚ ਮਕਾਲਮੇ ਪਾ ਦੇਂਦੇ ਨੇ।

ਇਹ ਡਾਇਰੀ ਲੋਥ ਏ। ਭਾਵੇਂ ਕਿੰਨੇ ਪਿਆਰੇ ਮਰ ਜਾਵਣ, ਜਦੋਂ ਲੋਥ ਦਬੀ ਜਾਏ ਤੇ ਉਹ ਚੇਤਿਓਂ ਲੱਥਣ ਲੱਗ ਪੈਂਦੇ ਨੇ। ਪਰ ਇਹ ਉਹ ਲੋਥ ਏ ਜਿਹਦੇ ਮੈਂ ਸਿਰਹਾਣਿਓਂ ਵੀ ਨਹੀਂ ਹਿੱਲ ਸਕਦਾ ਤੇ ਇਹਨੂੰ ਦੱਬ ਵੀ ਨਹੀਂ ਸਕਦਾ। ਇਹਦੇ ਵਿਚ ਉਸ ਦਿਨ ਤੋਂ ਲੈ ਕੇ ਜਦੋਂ ਅਸੀਂ ਇਕ ਦੂਜੇ ਨੂੰ ਚੰਗੇ ਲੱਗੇ ਸਾਂ, ਮਰਨ ਤੀਕ ਦੀ ਵਾਪਰੀ ਲਿਖੀ ਸੀ। ਵਿਚ ਮੇਰੇ ਵਿਆਹ ਦਾ ਵੀ ਜ਼ਿਕਰ ਸੀ। ਉਹਦੇ ਤੋਂ ਪਿੱਛੇ ਈ ਉਹਨੂੰ ਟੀ ਬੀ ਲੱਗਦੀ ਏ। ਤਲਾਕ ਵਾਲੀ ਖ਼ਬਰ ਉਹਦੇ ਤਾਈਂ ਅੱਪੜੀ ਨਹੀਂ ਜਾਪਦੀ, ਨਹੀਂ ਤੇ ਖ਼ੌਰੇ ਉਹ ਨਾ ਈ ਮਰਦੀ। ਇਕ ਸਫ਼ੇ ਤੇ ਉਹੋ ਤਰੀਖ



ਏ, ਜਿੱਦਣ ਅਸੀਂ ਅਖ਼ੀਰਲੀ ਵਾਰੀ ਪੌੜੀਆਂ ਵਿਚ ਮਿਲੇ ਸਾਂ।

"...ਅੱਜ ਕਾਲਜ ਵਿਚ ਅਖ਼ੀਰਲਾ ਦਿਹਾੜਾ। ਅੱਜ ਸਾਰੀਆਂ ਹਿਰਸਾਂ ਟੁੱਟ ਗਈਆਂ ਨੇ। ਇਕ ਵਾਰੀ ਥੋੜ੍ਹਾ ਜਿਹਾ ਚਾਨਣ ਲੱਗਾ ਸੀ। ਮੈਂ ਲਾਇਬ੍ਰੇਰੀ ਵਿਚੋਂ ਨਿਕਲ ਕੇ ਥੱਲੇ ਆਉਂਦੀ ਪਈ ਸਾਂ ਤੇ ਉਹ ਮਗਰੋਂ ਨੱਸਦਾ ਆਇਆ। ਉਹਨੂੰ ਆਉਂਦਿਆਂ ਵੇਖ ਕੇ ਇਕ ਵਾਰੀ ਤੇ ਮੇਰੇ ਦਿਲ ਨੇ ਆਖਿਆ, ਲੈ ਨੀ ਨਸੀਮ ! ਤੇਰੇ ਭਾਗ ਜਾਗ ਪਏ ਨੀ। ਪਰ ਉਹ ਮੇਰੇ ਕੋਲ ਆ ਕੇ ਵੀ ਬੁੱਤ ਬਣਿਆ ਰਿਹਾ। ਕੋਈ ਗੱਲ ਈ ਨਹੀਂ ਸੂ ਕੀਤੀ। ਮੈਂ ਅੰਦਰੋਂ ਮੋਈ ਪਈ ਸਾਂ। ਉਹਨੂੰ ਵੇਖ ਕੇ ਅੱਗੇ ਵਾਂਗੂੰ ਹੱਸ ਵੀ ਨਾ ਸਕੀ...ਅੱਜ ਮੈਂ ਹਾਸਾ ਕਿਥੋਂ ਲਿਆਂਵਦੀ ? ਅੱਜ ਇਹ ਕਹਾਣੀ ਜਿਹੜੇ ਹਾਲ ਵਿਚ ਮੁੱਕੀ ਏ, ਉਹਨੂੰ ਮੈਂ ਲੇਖਾਂ ਦਾ ਲਿਖਿਆ ਜਾਣ ਕੇ ਝੋਲੀ ਪਾਇਆ ਏ। ਪਰ ਮੇਰੀ ਇਕ ਹਸਰਤ ਦਿਲ ਵਿਚ ਈ ਰਹਿ ਗਈ ਏ। ਇਹ ਜਾਨਣ ਦੀ ਹਸਰਤ ਪਈ ਉਹ ਮੇਰੇ ਬਾਰੇ ਕਿੰਜ ਸੋਚਦਾ ਏ ? ਉਹਦੀਆਂ ਅੱਖੀਆਂ ਤੇ ਇਕਰਾਰ ਨਾਲ ਭਰੀਆਂ ਰਹਿੰਦੀਆਂ ਸਨ। ਪਰ ਅੱਖੀਆਂ ਨਾਲ ਗੱਲਾਂ ਕਰਨ ਦੀ ਇਕ ਹੱਦ ਹੁੰਦੀ ਏ। ਉਹਦੇ ਤੋਂ ਅੱਗੇ ਜ਼ਬਾਨ ਦਾ ਆਸਰਾ ਲੋੜੀਦਾ ਏ, ਪਰ ਜ਼ਬਾਨ ਦਾ ਆਸਰਾ ਉਹਨੇ ਅੱਜ ਤਾਈਂ ਮੈਨੂੰ ਨਹੀਂ ਦਿੱਤਾ...ਅੱਛਾ ਉਹ ਜਿਥੇ ਵੀ ਰਹਵੇ ਖ਼ੁਸ਼ ਰਹਵੇ।"

●

**#6, NIC Beets Street, 6416 V5 Neerlen, The Netherland.**
ਪਾਕਿਸਤਾਨ ਵਿਚ ਪਤਾ : ਡੇਰਾ ਸੰਧੂਆਂ, ਦੀਨਾ ਨਗਰ ਰੋਡ, ਗੁਜਰਾਂਵਾਲਾ।

**ਯਾਤਰੀ ਦੀ ਅੱਖ ਤੇ ਕੰਧ ਉਹਲੇ ਪਰਦੇਸ ਤੋਂ ਬਾਅਦ**
**ਹਰਭਜਨ ਸਿੰਘ ਹੁੰਦਲ ਦਾ**
ਆਪਣੀ ਪਾਕਿਸਤਾਨ ਫੇਰੀ ਬਾਰੇ ਲਿਖਿਆ
**ਮੁਹੱਬਤ ਦਾ ਸਫ਼ਰਨਾਮਾ**
ਮਨਪ੍ਰੀਤ ਪ੍ਰਕਾਸ਼ਨ, ਦਿੱਲੀ
ਪੰਨੇ 200 ਮੁੱਲ 240

*

**ਪੰਜਾਬੀ ਗ਼ਜ਼ਲ ਸ਼ਾਸ਼ਤਰ ਦੇ ਖੇਤਰ ਵਿਚ ਨਵਾਂ ਤੇ ਸਵਿਸਥਾਰ ਉਪਰਾਲਾ**
**ਸੁਲੱਖਣ ਸਰਹੱਦੀ ਦਾ**
**ਸੰਪੂਰਨ ਪਿੰਗਲ ਅਤੇ ਅਰੂਜ਼**
ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
ਪੰਨੇ 340 ਮੁੱਲ 350

# ਸ਼ਾਹਕਾਰ

**ਆਸ਼ਕ ਰਹੀਲ**

ਸੇਠ ਰਹਿਮਾਨ ਨੇ ਆਪਣੀ ਪੰਝੀਆਂ ਕਮਰਿਆਂ ਵਾਲੀ ਕੋਠੀ ਵਿਚ ਇਕ ਹੱਲਾ ਗੁੱਲਾ ਮਚਾ ਰੱਖਿਆ ਸੀ। ਉਹਦੇ ਨੌਕਰਾਂ ਚਾਕਰਾਂ ਦੀ ਫ਼ੌਜ ਇਧਰ ਉਧਰ ਨੱਸਦੀ ਭੱਜਦੀ ਫਿਰ ਰਹੀ ਸੀ। ਕਿਸੇ ਦੇ ਹੱਥ ਵਿਚ ਕਿੱਲ ਸਨ ਤੇ ਕਿਸੇ ਦੇ ਹੱਥ ਵਿਚ ਹਥੌੜੀ, ਕੋਈ ਨਾਪਣ ਵਾਲਾ ਫੀਤਾ ਗਲ਼ ਵਿਚ ਪਾ ਕੇ, ਇਕ ਕਮਰੇ ਤੋਂ ਦੂਜੇ ਕਮਰੇ ਦੇ ਚੱਕਰ ਲਾ ਰਿਹਾ ਸੀ। ਪੂਰਾ ਬੰਗਲਾ ਜੰਗ ਦੇ ਮੈਦਾਨ ਦਾ ਨਕਸ਼ਾ ਪੇਸ਼ ਕਰ ਰਿਹਾ ਸੀ ਤੇ ਖ਼ੁਦ ਸੇਠ ਇਕ ਪਰੇਸ਼ਾਨ ਹਾਲ ਜਰਨੈਲ ਵਾਂਗੂ ਏਸ ਫ਼ੌਜ ਦੀ ਕਮਾਨ ਕਰ ਰਿਹਾ ਸੀ। ਇਹ ਸਾਰੀ ਕਿਆਮਤ ਇਸ ਲਈ ਟੁੱਟ ਪਈ ਸੀ ਕਿ ਸੇਠ ਹੋਰੀਂ ਉਸ ਸ਼ਾਹਕਾਰ ਨੂੰ ਆਪਣੇ ਪੈਂਤੀ ਫੁੱਟ ਚੌੜੇ ਤੇ ਚਾਲੀ ਫੁੱਟ ਲੰਮੇ ਡਰਾਇੰਗ ਰੂਮ ਵਿਚ ਕਿਸੇ ਮੁਨਾਸਬ ਥਾਂ 'ਤੇ ਟੰਗਣਾ ਚਾਹੁੰਦੇ ਸਨ ਜਿਹੜੀ ਉਹਨਾਂ ਨੇ ਅੱਜ ਈ ਸਿਟੀ ਕਲੱਬ ਵਿਚ ਹੋਣ ਵਾਲੀ ਨੀਲਾਮੀ 'ਚੋਂ ਪੰਜਾਹ ਹਜ਼ਾਰ ਦੀ ਆਖ਼ਰੀ ਬੋਲੀ ਦੇ ਕੇ ਖਰੀਦੀ ਸੀ। ਇਹ ਸ਼ਾਹਕਾਰ ਇਕ ਖ਼ਾਨਾਬਦੋਸ਼ ਮੁਟਿਆਰ ਦੀ ਤਸਵੀਰ ਸੀ। ਏਸ ਤਸਵੀਰ ਵਿਚ ਇਹ ਮੁਟਿਆਰ ਫਟੇ ਪੁਰਾਣੇ ਕੱਪੜਿਆਂ ਨਾਲ ਆਪਣੇ ਜਿਸਮ ਨੂੰ ਕੱਜਣ ਦੀ ਕੋਸ਼ਿਸ਼ ਕਰ ਰਹੀ ਸੀ। ਇਹ ਸ਼ਾਹਕਾਰ ਇਕ ਇਤਾਲਵੀ ਮੁਸੱਵਰ ਨੇ ਬਣਾਇਆ ਸੀ। ਏਸ ਮੁਸੱਵਰ ਦੀਆਂ ਤਸਵੀਰਾਂ ਦੀ ਨੁਮਾਇਸ਼ ਸਿਟੀ ਕਲੱਬ ਨੇ ਕਰਵਾਈ ਸੀ ਤੇ ਨੁਮਾਇਸ਼ ਦੇ ਆਖ਼ਰੀ ਦਿਨ ਕੁਝ ਚੰਗੀਆਂ ਚੰਗੀਆਂ ਤਸਵੀਰਾਂ ਨੀਲਾਮ ਵੀ ਕੀਤੀਆਂ ਗਈਆਂ ਸਨ। ਨੀਲਾਮੀ ਵਿਚ ਤਸਵੀਰਾਂ ਦੀ ਬੋਲੀ ਕਈ ਕਈ ਹਜ਼ਾਰ ਤੋੜੀ ਏਸ ਵਾਸਤੇ ਨਹੀਂ ਲੱਗੀਆਂ ਸਨ ਕਿ ਖਰੀਦਣ ਵਾਲੇ ਵਾਕਈ ਫ਼ਨ ਦੇ ਕਦਰਦਾਨ ਜਾਂ ਸ਼ੈਦਾਈ ਸਨ। ਇਹ ਤੇ ਬੋਲੀ ਦੇਣ ਵਾਲਿਆਂ ਦੀ ਆਪਣੀ ਦੌਲਤ ਦੇ ਅਮੀਰੀ ਦਾ ਮੁਕਾਬਲਾ ਹੋ ਰਿਹਾ ਸੀ। ਕੋਈ ਵੀ ਘੱਟ ਬੋਲੀ ਦੇ ਕੇ ਲੋਕਾਂ ਦੀ ਨਜ਼ਰਾਂ ਵਿਚ ਛੋਟਾ ਨਹੀਂ ਬਣਨਾ ਚਾਹੁੰਦਾ ਸੀ।

ਸੇਠ ਰਹਿਮਾਨ ਨੇ ਸਭ ਤੋਂ ਵੱਧ ਪੈਸੇ ਖਰਚ ਕੇ ਇਹ ਤਸਵੀਰ ਖਰੀਦੀ ਸੀ। ਜਦੋਂ ਇਹ ਸ਼ਾਹਕਾਰ ਨੀਲਾਮ ਹੋ ਰਿਹਾ ਸੀ, ਉਹਦੀ ਬੋਲੀ ਦੇਣ ਵਾਲੇ ਪੰਜ ਸੇਠ ਸਨ। ਤੀਹ ਹਜ਼ਾਰ ਦੀ ਬੋਲੀ ਤੀਕਰ ਤੇ ਪੰਜ ਸੇਠ ਕਾਇਮ ਰਹੇ। ਏਸ ਗੱਲ ਤੋਂ ਸੇਠ ਰਹਿਮਾਨ ਨੂੰ ਬਹੁਤ ਗੁੱਸਾ ਆਇਆ। ਉਹਨੇ ਸੋਚਿਆ ਕਿ ਏਨੀ ਘੱਟ ਹੈਸੀਅਤ ਵਾਲੇ ਸੇਠ ਜਿਨ੍ਹਾਂ ਦੀ ਸਿਰਫ਼ ਇਕ ਇਕ ਮਿੱਲ ਏ, ਉਹਦੀ ਬਰਾਬਰੀ ਕਰਨ ਦੀ ਗੁਸਤਾਖ਼ੀ ਕਰ ਰਹੇ ਨੇ ਜਾਂ ਫਿਰ ਉਹ ਪਰਦੇਸੀ ਮੁਸੱਵਰ ਪਾਕਿਸਤਾਨੀ ਸੇਠਾਂ ਬਾਰੇ ਕੀ ਖ਼ਿਆਲ ਲੈ ਕੇ ਆਪਣੇ ਵਤਨ ਵਾਪਸ ਜਾਵੇਗਾ ? ਏਸ ਲਈ ਉਹਨੇ ਬੋਲੀ ਤੀਹ ਹਜ਼ਾਰ ਤੋਂ ਇਕਦਮ ਪੰਜਾਹ ਹਜ਼ਾਰ ਕਰਕੇ ਬਾਕੀ ਚੌਹਾਂ ਸੇਠਾਂ ਨੂੰ ਮਾਤ ਦੇ ਦਿੱਤੀ ਅਤੇ ਇੰਜ ਪਾਕਿਸਤਾਨੀ



ਸੇਠਾਂ ਦੀ ਲਾਜ ਰੱਖ ਲਈ। ਸੇਠ ਰਹਿਮਾਨ ਨੂੰ ਹਰ ਪਾਸਿਓਂ ਮੁਬਾਰਕਬਾਦਾਂ ਮਿਲਣ ਲੱਗ ਪਈਆਂ। ਦੂਸਰਿਆਂ ਸੇਠਾਂ ਦੀਆਂ ਜ਼ਨਾਨੀਆਂ ਸੇਠ ਰਹਿਮਾਨ ਨੂੰ ਹਸਰਤ ਨਾਲ ਦੇਖਣ ਲੱਗ ਪਈਆਂ ਤੇ ਕਲੱਬ ਵਿਚ ਆਵਣ ਵਾਲੀਆਂ ਫੈਸ਼ਨੇਬਲ ਕੁੜੀਆਂ ਏਸ ਖ਼ਾਨਾਬਦੋਸ਼ ਕੁੜੀ ਦੀ ਤਸਵੀਰ ਸੇਠ ਹੋਰਾਂ ਕੋਲੋਂ ਲੈ ਕੇ ਇੰਜ ਦੇਖ ਰਹੀਆਂ ਸਨ ਜਿਵੇਂ ਕੁੜੀ ਇਨ੍ਹਾਂ ਤੋਂ ਵੀ ਵਧ ਕੇ ਮਾਡਰਨ ਹੋਵੇ ਤੇ ਇਹਨਾਂ ਵਿਚੋਂ ਹਰ ਕੋਈ ਦਿਲ ਈ ਦਿਲ ਵਿਚ ਇਹ ਸੋਚ ਰਹੀ ਸੀ, ਕਾਸ਼ ! ਖ਼ਾਨਾਬਦੋਸ਼ ਬਦਸੂਰਤ ਕੁੜੀ ਦੀ ਤਸਵੀਰ ਦੀ ਬਜਾਏ ਸੇਠ ਹੋਰਾਂ ਦੀ ਨਜ਼ਰਿ ਕਰਮ ਉਹਨਾਂ 'ਤੇ ਪੈ ਜਾਂਦੀ।

ਸੇਠ ਹੋਰਾਂ ਦੇ ਸੈਕਟਰੀ ਨੇ ਪੰਜਾਹ ਹਜ਼ਾਰ ਦਾ ਚੈੱਕ ਨੀਲਾਮ ਕਰਨ ਵਾਲਿਆਂ ਦੇ ਹਵਾਲੇ ਕੀਤੇ 'ਤੇ ਏਸ ਸ਼ਾਹਕਾਰ ਨੂੰ ਬੜੀ ਈ ਇਹਤਿਆਤ ਤੇ ਹਿਫਾਜ਼ਤ ਨਾਲ ਸੇਠ ਹੁਰਾਂ ਦੇ ਬੰਗਲੇ 'ਤੇ ਲੈ ਆਇਆ। ਸੇਠ ਹੋਰੀਂ ਏਸ ਤਸਵੀਰ ਨੂੰ ਉਹਦੀ ਸ਼ਾਨ ਮੂਜਬ ਉਚਿਆਈ ਤੇ ਸਜਾਉਣਾ ਚਾਹੁੰਦੇ ਸਨ ਕਿਉਂ ਜੋ ਹਰ ਆਵਣ ਜਾਣ ਵਾਲੇ ਦੀ ਨਜ਼ਰ ਏਸ ਤਸਵੀਰ 'ਤੇ ਪੈ ਸਕੇ। ਇਹ ਪੰਜਾਹ ਹਜ਼ਾਰ ਰੁਪਿਆ ਹਾਸਲ ਕਰਨ ਲਈ ਪੰਜ ਹਜ਼ਾਰ ਮਜ਼ਦੂਰਾਂ, ਪੰਜ ਸੌ ਮਿਸਤਰੀਆਂ, ਪੰਜ ਮੈਨੇਜਰਾਂ ਤੇ ਇਕ ਸੇਠ ਨੇ ਦਿਨ ਰਾਤ ਮਿਹਨਤ ਕੀਤੀ ਸੀ ਤੇ ਉਹਦੇ ਨਾਲ ਨਾਲ ਸੇਠ ਹੋਰਾਂ ਨੂੰ ਕਿੰਨੇ ਜ਼ੁਲਮਤ ਲੋਕਾਂ ਦੀਆਂ ਬਦਦੁਆਵਾਂ ਤੇ ਗੱਲਾਂ ਸੁਣੀਆਂ ਹੋਣਗੀਆਂ ਤੇ ਇਹ ਗੱਲ ਸੇਠ ਹੋਰੀਂ ਈ ਜਾਣਦੇ ਸਨ ਕਿ ਦੌਲਤ ਹਾਸਲ ਕਰਨ ਲਈ ਅੱਗ ਤੇ ਲਹੂ ਦੇ ਦਰਿਆ 'ਚੋਂ ਲੰਘਣਾ ਪੈਂਦਾ ਏ। ਦੌਲਤ ਦੀ ਦੇਵੀ ਦੇ ਅਸਥਾਨ 'ਤੇ ਹਜ਼ਾਰਾਂ ਕੁਰਬਾਨੀਆਂ ਦਿੱਤੀਆਂ ਜਾਣ ਤੇ ਫੇਰ ਕਿਤੇ ਇਹ ਦਰਸ਼ਨ ਦੇਂਦੀ ਏ। ਏਸ ਗੱਲ ਨੂੰ ਮੁੱਖ ਰੱਖਦਿਆਂ ਹੋਇਆਂ ਸੇਠ ਹੋਰੀਂ ਐਸ ਤਸਵੀਰ ਨੂੰ ਉਚਿਆਈ 'ਤੇ ਸਜਾਣ ਲਈ ਪੂਰਾ ਧਿਆਨ ਦੇ ਰਹੇ ਸਨ।

ਇੰਜ ਡੇਢ ਦੋ ਘੰਟੇ ਦੀ ਭੱਜ ਦੌੜ ਮਗਰੋਂ ਇਕ ਸ਼ਾਹਕਾਰ ਸੇਠ ਹੋਰਾਂ ਦੇ ਵੱਡੇ ਤੇ ਖੁੱਲ੍ਹੇ ਡਰਾਇੰਗ ਰੂਮ ਵਿਚ ਸੱਜ ਗਿਆ ਤਾਂ ਜਾ ਕੇ ਸੇਠ ਹੋਰਾਂ ਦਿਆਂ ਮੁਲਾਜ਼ਮਾਂ ਨੇ ਸੁੱਖ ਦਾ ਸਾਹ ਲਿਆ। ਜਦੋਂ ਤਸਵੀਰ ਲਟਕਾਈ ਜਾ ਰਹੀ ਸੀ ਤਾਂ ਕਿਸੇ ਨੂੰ ਝਿੜਕਾਂ, ਕਿਸੇ ਨੂੰ ਗਾਲ੍ਹਾਂ ਤੇ ਕਿਸੇ ਨੂੰ ਚਪੇੜਾਂ ਤਕ ਪੈ ਗਈਆਂ ਸਨ। ਏਸ ਸਾਰੇ ਵੇਲੇ ਬੁੱਢੇ ਨੌਕਰ ਹੰਭਦੇ ਤੇ ਜਵਾਨ ਕੰਬਦੇ ਰਹੇ। ਤਸਵੀਰ ਲਟਕਾਵਣ ਮਗਰੋਂ ਏਸ ਨੂੰ ਫ਼ਖ਼ਰ ਨਾਲ ਦੇਖਦੇ ਹੋਏ ਸੇਠ ਹੋਰੀਂ ਆਰਾਮ ਕਰਨ ਲਈ ਆਪਣੇ ਕਮਰੇ ਵਿਚ ਚਲੇ ਗਏ। ਇਹ ਕੰਮ ਕਰਕੇ ਉਹ ਆਪ ਵੀ ਥੱਕ ਗਏ ਸਨ।

ਸ਼ਾਮ ਵੇਲੇ ਸੂਰਜ ਨੇ ਹੌਲੀ ਹੌਲੀ ਆਪਣਾ ਮੁਖੜਾ ਲੁਕਾਣਾ ਸ਼ੁਰੂ ਕਰ ਦਿੱਤਾ ਤੇ ਕਾਲੇ ਕਾਲੇ ਬੱਦਲਾਂ ਦੀ ਫ਼ੌਜ ਨੇ ਉਹਨੂੰ ਚਾਰੇ ਪਾਸਿਓਂ ਘੇਰ ਲਿਆ। ਦੇਖਦਿਆਂ ਈ ਦੇਖਦਿਆਂ ਅਸਮਾਨ 'ਤੇ ਬੱਦਲਾਂ ਦੀ ਇਕ ਮੋਟੀ ਜਿਹੀ ਤਹਿ ਜੰਮ ਗਈ ਤੇ ਸ਼ਾਮ ਦੇ ਫਿੱਕੇ ਫਿੱਕੇ ਸਾਏ ਗੂੜ੍ਹੇ ਹੁੰਦੇ ਗਏ। ਕੁਝ ਚਿਰ ਮਗਰੋਂ ਥੋੜ੍ਹਾ ਥੋੜ੍ਹਾ ਮੀਂਹ ਪੈਣਾ ਸ਼ੁਰੂ ਹੋ ਗਿਆ ਤੇ ਦਸ ਪੰਦਰਾਂ ਮਿੰਟ ਈ ਗੁਜ਼ਰੇ ਹੋਣਗੇ ਕਿ ਮੀਂਹ ਬਹੁਤ ਤੇਜ਼ੀ ਨਾਲ ਪੈਣਾ ਸ਼ੁਰੂ ਹੋ ਗਿਆ। ਸ਼ਹਿਰ ਦੀਆਂ ਰੌਣਕਾਂ ਵਾਲੀਆਂ ਸੜਕਾਂ ਤੇ ਇਨਸਾਨਾਂ ਨਾਲ ਭਰੇ ਹੋਏ ਪਾਰਕ ਵੀਰਾਨ ਹੋ ਗਏ। ਬਾਰਸ਼ ਦੀ ਵਾਛੜ ਤੇ ਠੰਢ ਦੇ ਮਾਰੇ ਹੋਏ ਜਨੌਰ ਆਹਲਣਿਆਂ ਵਿਚ ਲੁਕ ਗਏ। ਸਾਰੇ ਸ਼ਹਿਰ ਨੇ ਚੁੱਪ ਵੱਟ ਲਈ ਤੇ ਏਸ ਚੁੱਪ ਨੂੰ ਸਿਰਫ਼ ਬਿਜਲੀ ਦੇ ਲਿਸ਼ਕਾਰੇ ਤੇ ਬੱਦਲਾਂ ਦੀ ਗਰਜ ਈ ਤੋੜਦੀ।

ਸੇਠ ਰਹਿਮਾਨ ਹੋਰੀਂ ਜਦੋਂ ਆਰਾਮ ਕਰਦੇ ਕਰਦੇ ਥੱਕ ਗਏ ਤਾਂ ਆਪਣੇ ਆਰਾਮ ਵਾਲੇ ਬਿਸਤਰੇ 'ਤੇ ਦੋ ਚਾਰ ਪਾਸੇ ਮਾਰ ਤੇ ਉੱਠ ਕੇ ਬਹਿ ਗਏ। ਉਹਨਾਂ ਦੇ ਨੌਕਰ ਜਿਹੜੇ ਤਸਵੀਰ ਲਟਕਾਵਣ ਮਗਰੋਂ ਇਕ ਘੜੀ ਵੀ ਰਾਮ ਨਹੀਂ ਕਰ ਸਕੇ ਸਨ ਸੇਠ ਨੂੰ ਜਾਗਦਿਆਂ ਦੇਖ ਕੇ ਹੋਰ ਵੀ ਹੁਸ਼ਿਆਰ ਹੋ ਗਏ। ਸੇਠ ਹੋਰੀਂ ਚਾਹ ਦੇ ਬਹੁਤ ਆਦੀ ਸਨ। ਬੈਠੇ ਬੈਠੇ ਉਬਾਸੀ ਆ ਗਈ ਤੇ ਚਾਹ, ਅਕੜਾਈ ਲਈ ਤੇ ਚਾਹ, ਨਿੱਛ ਆ ਗਈ ਤੇ ਚਾਹ, ਕਿਸੇ ਗੱਲ ਉੱਤੇ ਖ਼ੁਸ਼ ਹੋਏ ਤਾਂ ਚਾਹ, ਕਿਸੇ

ਗੱਲ ਤੇ ਗੁੱਸਾ ਆਇਆ ਤੇ ਚਾਹ, ਫੇਰ ਚਾਹ ਮਿਲਣ ਵਿਚ ਦੇਰ ਹੋ ਜਾਵੇ ਤੇ ਸੇਠ ਹੋਰੀਂ ਗੁੱਸੇ ਵਿਚ ਪਾਗਲ ਹੋ ਜਾਂਦੇ ਸਨ। ਏਸ ਲਈ ਉਹਨਾਂ ਦੇ ਬਾਵਰਚੀ ਹਰ ਵੇਲੇ ਚਾਹ ਤਿਆਰ ਰੱਖਦੇ ਸਨ। ਚਾਹ ਦਾ ਲਫ਼ਜ਼ ਉਹਨਾਂ ਦੀ ਜ਼ਬਾਨ 'ਤੇ ਆਉਂਦਿਆਂ ਈ ਚਾਹ ਉਹਨਾਂ ਤੀਕ ਅਪੜਾ ਦਿੱਤੀ ਜਾਂਦੀ। ਅੱਜ ਤਸਵੀਰ ਟੰਗਣ ਪਾਰੋਂ ਸੇਠ ਹੋਰਾਂ ਤਕ ਚਾਹ ਵਕਤ ਤੇ ਨਾ ਅੱਪੜ ਸਕੀ। ਸੇਠ ਹੋਰਾਂ ਦਾ ਗੁੱਸਾ ਆਪਣੀ ਹੱਦ ਤੋਂ ਟੱਪ ਗਿਆ। ਉਹ ਚਾਹ ਦੇ ਪਾਣੀ ਵਾਂਗੂੰ ਉਬਲਣ ਲੱਗ ਗਏ ਤੇ ਉੱਠ ਕੇ ਦੂਜੇ ਕਮਰੇ ਵਿਚ ਚਲੇ ਗਏ। ਨੌਕਰ ਚਾਹ ਦੀ ਟਰਾਲੀ ਵੀ ਸੇਠ ਹੋਰਾਂ ਦੇ ਪਿੱਛੇ ਪਿੱਛੇ ਦੂਜੇ ਕਮਰੇ ਵਿਚ ਲੈ ਗਿਆ। ਸੇਠ ਹੋਰੀਂ ਗੁੱਸੇ ਨਾਲ ਦੂਜੇ ਕਮਰੇ 'ਚੋਂ ਤੀਜੇ ਕਮਰੇ ਵਿਚ ਅੱਪੜ ਗਏ। ਇੰਜ ਸੇਠ ਹੋਰਾਂ ਨੇ ਚਾਹ ਨੂੰ ਪੰਜਾਂ ਛਿਆਂ ਕਮਰਿਆਂ ਦਾ ਚੱਕਰ ਲਵਾ ਕੇ ਪੀਤਾ। ਤੱਤੀ ਤੱਤੀ ਚਾਹ ਪੀ ਕੇ ਸੇਠ ਹੋਰਾਂ ਦੇ ਗੁੱਸੇ ਦੀ ਅੱਗ ਠੰਡੀ ਹੋਈ ਤੇ ਜਦੋਂ ਉਹ ਆਪਣੇ ਆਪ ਵਿਚ ਆਏ ਤੇ ਉਹਨਾਂ ਨੂੰ ਡਰਾਇੰਗ ਰੂਮ ਵਿਚ ਸਜੇ ਹੋਏ ਸ਼ਾਹਕਾਰ ਨੂੰ ਫਿਰ ਦੇਖਣ ਦਾ ਖ਼ਿਆਲ ਆਇਆ ਤੇ ਉਹ ਡਰਾਇੰਗ ਰੂਮ ਵੱਲ ਤੁਰ ਪਏ।

ਬਾਰਸ਼ ਹੁਣ ਹੋਰ ਵੀ ਤੇਜ਼ੀ ਨਾਲ ਵਸ ਰਹੀ ਸੀ। ਕੋਠੀ ਦਾ ਵੱਡਾ ਸਾਰਾ ਲਾਅਨ ਇਕ ਤਲਾਬ ਲੱਗਣ ਲੱਗ ਪਿਆ ਸੀ। ਅਸਮਾਨ ਉੱਤੇ ਬੱਦਲ ਹਾਥੀਆਂ ਵਾਂਗ ਚਿੰਘਾੜ ਰਹੇ ਸਨ। ਬਿਜਲੀ ਲਿਸ਼ਕ ਕੇ ਇਕ ਕੋੜੇ ਵਾਂਗੂੰ ਸ਼ੋਰ ਮਚਾਂਵਦੇ ਹਾਥੀਆਂ ਦੀ ਕੰਡ 'ਤੇ ਪੈ ਰਹੀ ਸੀ। ਸੇਠ ਹੋਰੀਂ ਆਪਣੇ ਦੋ ਤਰੈ ਨੌਕਰਾਂ ਨਾਲ ਆਪਣੇ ਡਰਾਇੰਗ ਰੂਮ ਦੇ ਕੋਲ ਅੱਪੜੇ ਤੇ ਇਕਦਮ ਘਬਰਾ ਕੇ ਰੁਕ ਗਏ। ਉਹਨਾਂ ਦੇ ਡਰਾਇੰਗ ਰੂਮ ਦੇ ਸਾਹਮਣੇ ਬਰਾਮਦੇ ਵਿਚ ਇਕ ਖ਼ਾਨਾਬਦੋਸ਼ ਮੀਂਹ ਤੋਂ ਬਚਣ ਲਈ ਬੈਠਾ ਸੀ। ਜ਼ਨਾਨੀਆਂ ਦੇ ਪਾਟੇ ਪੁਰਾਣੇ ਕੱਪੜੇ ਪਾਏ ਹੋਏ ਸਨ। ਜਿਨ੍ਹਾਂ 'ਚੋਂ ਪਾਣੀ ਨੁੱਚੜ ਰਿਹਾ ਸੀ। ਉਹਨਾਂ ਦੇ ਨਿੱਕੇ ਨਿੱਕੇ ਬਾਲ ਉਹਨਾਂ ਨਾਲ ਚੰਬੜੇ ਹੋਏ ਸਨ। ਮਰਦ ਬਰਾਮਦੇ ਦੇ ਥੰਮ੍ਹਾਂ ਨਾਲ ਲੱਗ ਕੇ ਖੜ੍ਹੇ ਹੋਏ ਅਸਮਾਨ ਤੋਂ ਵਰ੍ਹਦੇ ਹੋਏ ਪਾਣੀ ਵੱਲ ਤੱਕ ਰਹੇ ਸਨ। ਉਹਨਾਂ ਦੀਆਂ ਜੁੱਤੀਆਂ ਚਿੱਕੜ ਨਾਲ ਭਰੀਆਂ ਹੋਈਆਂ ਸਨ ਜਿਸ ਪਾਰੋਂ ਬਰਾਮਦੇ ਦਾ ਫਰਸ਼ ਖਰਾਬ ਹੋ ਗਿਆ ਸੀ। ਸੇਠ ਹੋਰਾਂ ਨੇ ਆਪਣੇ ਬਰਾਮਦੇ ਦੀ ਇਹ ਹਾਲਤ ਦੇਖੀ ਤਾਂ ਉਹਨਾਂ ਦਾ ਲਹੂ ਖੌਲਣ ਲੱਗ ਪਿਆ। ਉਹਨਾਂ ਨੇ ਆਪਣੇ ਨੌਕਰਾਂ ਨੂੰ ਹੁਕਮ ਦਿੱਤਾ, "ਧੱਕੇ ਦੇ ਕੇ ਬਾਹਰ ਕੱਢ ਦਿਓ, ਇਹਨਾਂ ਜਲੀਲਾਂ ਨੂੰ, ਮੇਰੀ ਕੋਠੀ ਦਾ ਸਤਿਆਨਾਸ ਕਰ ਦਿੱਤਾ ਏ। ਇਹਨਾਂ ਨੂੰ ਅੰਦਰ ਆਵਣ ਦੀ ਜੁਰੱਅਤ ਕਿਵੇਂ ਹੋਈ ?"

ਸੇਠ ਹੋਰਾਂ ਦਾ ਹੁਕਮ ਸੁਣ ਕੇ ਨੌਕਰਾਂ ਨੇ ਉਹਨਾਂ ਦਾ ਸਾਮਾਨ ਬਾਹਰ ਸੁੱਟ ਦਿੱਤਾ। ਔਰਤਾਂ ਮਰਦਾਂ ਤੇ ਬਾਲਾਂ ਨੂੰ ਬਾਹਰ ਵਸਦੇ ਮੀਂਹ ਵਿਚ ਧੱਕਾ ਦੇ ਦਿੱਤਾ। ਉਹ ਬੇਚਾਰੇ ਬੇਬਸੀ ਦੀ ਹਾਲਤ ਵਿਚ ਮੀਂਹ ਵਿਚ ਭਿੱਜਣ ਲੱਗ ਪਏ। ਇਹਨਾਂ ਨੂੰ ਬਾਰਸ਼ ਵਿਚ ਘੱਲ ਕੇ ਸੇਠ ਹੋਰੀਂ ਬੜੇ ਈ ਜੇਤੂ ਅੰਦਾਜ਼ ਨਾਲ ਆਪਣੇ ਡਰਾਇੰਗ ਰੂਮ ਵਿਚ ਦਾਖਲ ਹੋਏ।

ਸਾਹਮਣੇ ਕੰਧ ਉੱਤੇ ਲੱਗੀ ਖ਼ਾਨਾਬਦੋਸ਼ ਕੁੜੀ ਦੀ ਤਸਵੀਰ ਦੇ ਹੋਠਾਂ ਉੱਤੇ ਇਕ ਤਨਜ਼ੀਆ ਹਾਸਾ ਜਾਪਦਾ ਪਿਆ ਸੀ। ਸ਼ਾਇਦ ਉਹ ਸੋਚ ਰਹੀ ਸੀ ਕਿ ਉਹ ਐਸ ਵੱਡੇ ਸਾਰੇ ਤੇ ਖੁੱਲ੍ਹੇ ਕਮਰੇ ਦੀ 'ਕੱਲੀ ਮਾਲਕ ਏ। ਇਸ ਲਈ ਉਹ ਬੇਜਾਨ ਸ਼ਾਹਕਾਰ ਹੱਸ ਰਿਹਾ ਸੀ ਤੇ ਬਾਹਰ ਕੁਦਰਤ ਦੇ ਸ਼ਾਹਕਾਰ ਅੱਖਾਂ ਵਿਚ ਸਾਵਣ ਦੀਆਂ ਝੜੀਆਂ ਲੈ ਕੇ ਮੀਂਹ ਤੇ ਝੱਖੜਾਂ ਤੋਂ ਬਚਣ ਦੀ ਨਾਕਾਮ ਕੋਸ਼ਿਸ਼ ਕਰ ਰਹੇ ਸਨ।

ਝੱਖੜ ਤੇ ਮੀਂਹ ਦਾ ਤੂਫ਼ਾਨ ਹਾਲੇ ਵੀ ਜ਼ੋਰਾਂ 'ਤੇ ਸੀ।

●

#6, ਖ਼ੈਬਰ ਪਾਰਕ, ਆਊਟਫਾਲ ਰੋਡ, ਸੰਤ ਨਗਰ, ਲਾਹੌਰ।
ਟੈਲੀਫ਼ੋਨ : 42-7233625, e-mail : ashiqraheel@hotmail.com



# – ਮੈਂ ਹਾਂ ਇਕ ਤਾਲਿਬਾਨ

ਅਫ਼ਜ਼ਲ ਤੌਸੀਫ਼ –

ਕਾਬਲ ਕੰਧਾਰ ਦੇ ਅਸਮਾਨ ਉੱਤੇ ਏਸ ਮੌਸਮ ਅੰਨ੍ਹੇਰਾ ਹੋ ਜਾਂਦਾ ਏ। ਸੂਰਜ ਕਿਤੇ ਉਪਰ ਈ ਬਰਫ਼ ਦੇ ਬੱਦਲਾਂ ਦਾ ਬਿਸਤਰਾ ਵਿਛਾ ਕੇ ਸੌਂ ਰਹਿੰਦਾ। ਪਰ ਐਦਕੀਂ ਨਵੰਬਰ ਦੇ ਮਹੀਨੇ ਦੀ ਬਰਫ਼ਬਾਰੀ ਤੋਂ ਪਹਿਲਾਂ ਤਾਂ ਬੰਬਾਰੀ ਹੋ ਗਈ। ਐਟਮੀ ਤਾਕਤ ਦੇ ਬੰਬ ਪਹਾੜਾਂ ਤੇ ਫਟੇ। ਬਸਤੀਆਂ ਆਬਾਦੀਆਂ ਨੂੰ ਫਾੜ ਕੇ ਫਟੇ ਤਾਂ ਖ਼ਤਰਨਾਕ ਅੱਗ ਦੀ ਰੌਸ਼ਨੀ ਅਸਮਾਨੀ ਚੜ੍ਹ ਗਈ। ਫੇਰ ਅਗਲੀ ਸਵੇਰ ਨੂੰ ਸੂਰਜ ਵੀ ਨਿਕਲ ਗਿਆ। ਕਿਉਂ ਜੁ ਬੰਬਾਂ ਦੀ ਅੱਗ ਦੇ ਲਾਲ ਲਾਂਬੂ ਨਾਲ ਉਹਦਾ ਬਿਸਤਰਾ ਸੜ ਗਿਆ ਸੀ। ਏਸੇ ਲੋਅ ਵਿਚ ਤੁਸੀਂ ਮੈਨੂੰ ਵੇਖ ਲਿਆ, ਹਾਂ ਮੈਂ ਜੋ ਇਕ ਤਾਲਿਬਾਨ ਹਾਂ। ਅੱਜ ਕੌਣ ਏ ਜੋ ਤਾਲਿਬਾਨ ਨੂੰ ਵੇਖਣਾ ਨਹੀਂ ਚਾਹੁੰਦਾ ? ਕਿਹੜਾ ਅਖ਼ਬਾਰ ਏ ਜੀਹਦੇ ਪਹਿਲੇ ਸਫ਼ੇ 'ਤੇ ਮੇਰੀ ਤਸਵੀਰ ਨਹੀਂ ਛਪਦੀ ? ਪਰ ਤਸਵੀਰ ਵਿਚ ਤੇ ਅਸਲ ਵਿਚ ਫ਼ਰਕ ਹੁੰਦਾ ਏ। ਹੁਣ ਦੱਸੋ ਤੁਹਾਨੂੰ ਕਿਹੜਾ ਕਿੰਜ ਦਾ ਲੱਗਾ ? ਕਾਲੀ ਪਗੜੀ, ਗੋਰਾ ਰੰਗ, ਭੂਰੀ ਭੂਰੀ ਦਾਹੜੀ, ਖ਼ਾਕੀ ਕੱਪੜੇ ਮੇਰੇ ਆਪਣੇ ਲਹੂ ਦੇ ਰੰਗ ਨਾਲ ਰੰਗੇ ਹੋਏ। ਇਹ ਮੇਰੀ ਬੰਦੂਕ ਜੋ ਮੇਰੇ ਕੋਲ ਈ ਪਈ, ਚੰਗਾ ਏ ਟੁੱਟ ਭੱਜ ਗਈ। ਨਹੀਂ ਤਾਂ ਕੋਈ ਹੋਰ ਲੈ ਜਾਂਦਾ, ਮੇਰੀ ਹੀਰ ਨੂੰ ਸੀਨੇ ਨਾਲ ਲਾਈ ਫਿਰਦਾ ਤਾਂ ਮੈਂ ਕਿਵੇਂ ਵੇਖਦਾ ? ਕਿਵੇਂ ਜਰਦਾ ?

ਕੀ ਆਖਿਆ ! ਮੁਰਦੇ ਵੇਖ ਨਹੀਂ ਸਕਦੇ। ਪਰ ਮੈਂ ਕੋਈ ਆਮ ਮੁਰਦਾ ਨਹੀਂ। ਤੁਸੀਂ ਵੇਖ ਸਕਦੇ ਓ ਮੇਰੀਆਂ ਅੱਖਾਂ ਅਜੇ ਵੀ ਖੁੱਲ੍ਹੀਆਂ ਨੇ। ਤੁਸੀਂ ਵੇਖ ਸਕਦੇ ਓ ਮੇਰੀਆਂ ਅੱਖਾਂ ਦਾ ਰੰਗ ਨਸਵਾਰੀ ਏ। ਏਹੋ ਰੰਗ ਤਾਂਬੇ ਦੇ ਪਹਾੜਾਂ ਦਾ ਵੀ ਹੁੰਦਾ ਏ। ਏਹੋ ਰੰਗ ਮੇਰੇ ਲਗੜ ਦਾਦੇ ਦੀਆਂ ਅੱਖਾਂ ਵਿਚ ਦਿਸਦਾ ਸੀ। ਇਹੋ ਰੰਗ ਲੈ ਕੇ ਉਹ ਘਰੋਂ ਨੱਸ ਗਿਆ ਸੀ। ਭੁੱਖ ! ਆਹੋ ਭੁੱਖ ਦੇ ਅੱਗੇ ਅੱਗੇ ਨੱਸਦਾ ਉਹ ਖ਼ੈਬਰ ਲੰਘ ਗਿਆ। ਅੱਗੋਂ ਉਹਨੂੰ ਫਰੰਟੀਅਰ ਮੇਲ ਮਿਲ ਗਈ। ਬਸ ਉਸ ਦੇ ਇਕ ਡੱਬੇ ਵਿਚ ਲੁਕ ਕੇ ਉਹ ਬੰਬਈ ਚਲਾ ਗਿਆ। ਉਥੇ ਉਹਦਾ ਨਾਂ ਕਾਬਲੀਵਾਲਾ ਪੈ ਗਿਆ। ਪਿਸਤੇ ਬਾਦਾਮ ਵੇਚਦਾ ਫਿਰਦਾ ਫਿਲਮ ਵਾਲਿਆਂ ਨੂੰ ਚੰਗਾ ਲੱਗਾ। ਉਹਨਾਂ ਉਹਦੀ ਕਹਾਣੀ ਬਣਾ ਕੇ ਫਿਲਮ ਬਣਾ ਦਿੱਤੀ। ਉਹ ਫਿਲਮ ਬਥੇਰੀ ਚੱਲੀ। ਬਥੇਰੀ ਵਿਕੀ। ਲੋਕਾਂ ਨੂੰ ਸੱਚੀ ਵੀ ਲੱਗੀ।

ਫਿਲਮ ਤਾਂ ਉਹ ਮੇਰੀ ਵੀ ਬਣਾ ਕੇ ਲੈ ਗਏ ਨੇ। ਬੀ ਬੀ ਸੀ ਵਾਲੇ, ਸੀ ਐਨ ਐਨ ਵਾਲੇ।

ਪਰ ਬਸ ਏਨੀ ਕੁ ਕਿ ਮੈਂ ਏਥੇ ਲਹੂ ਲੁਹਾਣ ਪਿਆ ਹੋਇਆ ਵਾਂ। ਸ਼ੁਕਰ ਏ ਆਪਣੀ ਧਰਤੀ ਉੱਤੇ। ਪਰ ਮੈਨੂੰ ਡਰ ਏ ਅੱਗੋਂ ਉਹ ਮੇਰੀ ਝੂਠੀ ਕਹਾਣੀ ਦੀ ਫਿਲਮ ਵੀ ਬਣਾ ਲੈਣਗੇ। ਫੇਰ ਅੱਗੋਂ ਜਦੋਂ ਕਦੇ ਵੇਲੇ ਸਿਰ ਸੂਰਜ ਨਿਕਲਿਆ, ਕਿਸੇ ਨਾ ਕਿਸੇ ਨੂੰ ਮੇਰੀ ਸੱਚੀ ਕਹਾਣੀ ਦੀ ਤਲਾਸ਼ ਹੋਵੇਗੀ। ਪਰ ਝੂਠ ਦੇ ਸਮੁੰਦਰ ਵਿਚ ਸੱਚ ਦੀ ਬੂੰਦ ਕੌਣ ਲੱਭ ਸਕਿਆ ? ਲਿਖਣ ਵਾਲੇ ਲਿਖ ਦੇਣਗੇ ਮੈਂ ਇਕ ਜ਼ਾਲਮ ਮਜ਼ਬੀ, ਜਨੂੰਨੀ, ਔਰਤਾਂ ਨੂੰ ਬੁਰਕੇ ਪਵਾਣ ਵਾਲਾ, ਆਸ਼ਿਕਾਂ ਨੂੰ ਸੰਗਸਾਰ ਕਰਨ ਵਾਲਾ, ਹੋਰ ਬਥੇਰਾ ਕੁਝ। ਪਰ ਇਹ ਸਭ ਕੁਝ ਮੇਰੀ ਕਹਾਣੀ ਨਹੀਂ ਬਣ ਸਕਦਾ।

ਤੁਸੀਂ ਚਾਹੁੰਦੇ ਓ ਤਾਂ ਮੈਂ ਆਪਣੀ ਅਸਲ ਕਹਾਣੀ ਦਾ ਖੁਲਾਸਾ ਕਰ ਸਕਦਾ ਵਾਂ। ਮੇਰੀ ਕਹਾਣੀ ਤਾਂ ਸੌ ਪੀੜ੍ਹੀ ਪਿੱਛੋਂ ਤੁਰੀ ਆਉਂਦੀ ਏ। ਇਕੋ ਰਾਹ, ਇਕੋ ਜਿਹੀ, ਇਕੋ ਟੋਰ ਟੁਰਦੀ। ਪਰ ਜਦੋਂ ਮੇਰਾ ਲਗੜ ਦਾਦਾ ਬੰਬਈ ਦਾ ਕਾਬਲੀਵਾਲਾ ਬਣਨ ਲਈ ਦੇਸ਼ ਛੱਡ ਗਿਆ, ਆਪਣੇ ਬਾਲ ਬੱਚੇ ਪਿੱਛੇ ਛੱਡ ਗਿਆ ਤਾਂ ਕਹਾਣੀ ਦੀ ਪਟੜੀ ਰਤਾ ਕੁ ਬਦਲ ਗਈ। ਬੰਬਈ ਦੇ ਤੋਹਫ਼ੇ, ਕੱਪੜੇ ਲੈ ਕੇ ਆਵਣ ਵਾਲੀ ਗੱਡੀ ਬਸ ਥੋੜ੍ਹੇ ਦਿਨ ਚੱਲੀ। ਉਸ ਥੀਂ ਪਿੱਛੇ ਮੇਰਾ ਲਗੜ ਦਾਦਾ ਪੈਸੇ ਖਰਚ ਕਰਕੇ ਦੂਜੀ ਵਹੁਟੀ ਵਿਆਹ ਕੇ ਲੈ ਗਿਆ ਤਾਂ ਮੇਰੇ ਦਾਦੇ ਦਾ ਟੱਬਰ ਬੁਰੇ ਹਾਲੀਂ ਹੋ ਗਿਆ। ਉਹ ਸੁੱਕੇ ਪਹਾੜ, ਉਹੋ ਚਾਰ ਛੇ ਬਕਰੀਆਂ ਤੇ ਸਰਦਾਰ ਦੀ ਬੇਗਾਰ। ਉਹ ਛੇਤੀ ਮਰ ਵੀ ਗਿਆ। ਪਹਾੜਾਂ ਦੇ ਲੋਕੀਂ ਲੂਣ ਰੋਟੀ ਖਾ ਕੇ ਚਸ਼ਮੇ ਦਾ ਪਾਣੀ ਪੀਂਦੇ ਨੌ ਬਰ ਨੌ ਰਹਿੰਦੇ ਨੇ। ਪਰ ਜੇ ਕੋਈ ਰੋਗ ਲੱਗ ਜਾਵੇ ਤਾਂ ਬੱਕਰੀ ਵਾਂਗ ਛੇਤੀ ਨਿਬੜ ਜਾਂਦੇ ਨੇ। ਕਿਉਂ ਜੋ ਨਵੀਆਂ ਬਿਮਾਰੀਆਂ ਦਾ ਇਲਾਜ ਹਕੀਮ ਕੋਲ ਨਾ ਮੁੱਲਾਂ ਕੋਲ। ਕਾਬਲ ਦੇ ਡਾਕਟਰ ਕੋਲ ਜਾਣਾ ਇਕ ਝੁੱਗੀ ਵਾਸ ਅਫ਼ਗਾਨੀ ਵਾਸਤੇ ਖ਼ਾਬ ਖ਼ਿਆਲ ਵਾਲੀ ਗੱਲ ਏ।

ਹਾਂ ਜੀ! ਮੈਂ ਕਹਿ ਰਿਹਾ ਸਾਂ ਮੇਰਾ ਦਾਦਾ ਭਰੀ ਜਵਾਨੀ ਵਿਚ ਈ ਮਰ ਗਿਆ। ਆਪਣੇ ਪਿੱਛੇ ਪੰਜ ਛੇ ਨਿਆਣੇ ਛੱਡ ਗਿਆ। ਏਸ ਤੋਂ ਬਾਅਦ ਇੱਦਤ ਤੇ ਬਾਜਾਂ ਦੀ ਮਾਂ ਵੀ ਪਰਾਈ ਹੋ ਗਈ ਕਿਉਂ ਜੋ ਕਬਾਇਲੀ ਦਸਤੂਰ ਮੁਜਬ ਬੇਵਾ ਜਵਾਨ ਹੋਵੇ ਤਾਂ ਮੁੜ ਬਾਪ ਭਾਈ ਦੀ ਮਲਕੀਅਤ ਹੋ ਜਾਂਦੀ ਏ। ਮੁੜ ਕੇ ਵੇਚ ਦਿੱਤੀ ਜਾਂਦੀ ਏ। ਏਸ ਤਰ੍ਹਾਂ ਹੋ ਜਾਣ ਪਿੱਛੋਂ ਉਹ ਅਗਲੇ ਮਰਦ ਦੇ ਬੱਚੇ ਜੰਮਦੀ ਏ। ਉਸੇ ਲਈ ਲਕੜੀਆਂ ਚੁਗਦੀ, ਪਾਣੀ ਭਰਦੀ ਏ। ਆਪਣੇ ਪਿਛਲੇ ਬਾਲਾਂ ਲਈ ਕੁਝ ਵੀ ਨਹੀਂ ਕਰ ਸਕਦੀ। ਤੁਸੀਂ ਸੋਚ ਰਹੇ ਓ ਮੇਰੇ ਦਾਦੇ ਦੇ ਬੱਚਿਆਂ ਦਾ ਕੀ ਬਣਿਆ ?

ਮੈਂ ਦਸਨਾ ਵਾਂ। ਉਹਨਾਂ ਵਿਚੋਂ ਮੇਰਾ ਬਾਪ ਸਭ ਤੋਂ ਵੱਡਾ, ਦਸਾਂ ਕੁ ਸਾਲਾਂ ਦਾ ਸੀ। ਉਸੇ ਨੂੰ ਵਿਰਸਾ ਮਿਲਿਆ...ਚਾਰ ਭੈਣ ਭਰਾ। ਦਸ ਭੇਡਾਂ ਦੁੰਬੇ। ਕੱਚਾ ਕੋਠਾ ਤੇ ਬਾਦਾਮ ਦੇ ਭਰੇ ਦਰਖ਼ਤ ਜੋ ਸਾਡੀ ਪੜਦਾਦੀ ਨੇ ਬੀਜੇ ਸੀ, ਪਰ ਭੇਡ ਦੇ ਬੱਚਿਆਂ ਵਾਂਗ ਫਲਦੀ ਫ਼ਸਲ ਦਾ ਅੱਧ ਈ ਸਰਦਾਰ ਨੂੰ ਜਾਂਦਾ ਸੀ। ਫੇਰ ਵੀ ਚੰਗਾ ਰਿਹਾ। ਮੇਰੇ ਬਾਪ ਨੇ ਆਪਣੇ ਬਾਪ ਦੇ ਬੱਚੇ ਪਾਲ ਦਿੱਤੇ। ਜਵਾਨ ਹੋ ਕੇ ਭੈਣ ਦੇ ਵੱਟੇ ਉਹਨੂੰ ਵਹੁਟੀ ਮਿਲ ਗਈ। ਚੰਗੀ ਕਿਸਮਤ, ਨਹੀਂ ਤਾਂ ਵਲੋਰਵੀ ਰਕਮ ਜਮ੍ਹਾਂ ਕਰਦਾ ਬੁੱਢਾ ਹੋ ਜਾਂਦਾ। ਜਿਵੇਂ ਹੋਰ ਗ਼ਰੀਬ ਅਫ਼ਗਾਨ ਹੋ ਜਾਂਦੇ ਨੇ। ਏਥੇ ਤੋੜੀ ਤਾਂ ਸਭ ਕੁਝ ਉਸੇ ਤਰ੍ਹਾਂ ਹੋਇਆ, ਜਿਸ ਤਰ੍ਹਾਂ ਸਦੀਆਂ ਤੋਂ ਹੋ ਰਿਹਾ ਸੀ। ਉਹ ਸ਼ਾਇਰ ਏ ਨਾ ਮਹਿਰਾਬ ਗੁਲ, ਉਹਨੇ ਜਿਸ ਤਰ੍ਹਾਂ ਕਿਹਾ ਸੀ;

*ਰੋਮੀ ਬਦਲੇ ਸ਼ਾਮੀਂ ਬਦਲੇ ਬਦਲਾ ਹਿੰਦੋਸਤਾਨ।*
*ਤੂੰ ਭੀ ਐ ਫਰਜ਼ੰਦ ਕਹਿਸਤਾਂ ਆਪਣੀ ਖੁਦੀ ਪਹਿਚਾਨ।*
*ਆਪਣੀ ਖੁਦੀ ਪਹਿਚਾਨ ਉਹ ਗਾਫ਼ਲ ਅਫਗਾਨ।*



ਅਫ਼ਗਾਨਿਸਤਾਨ ਦੇ ਸ਼ਹਿਰਾਂ ਤੋਂ ਇਕ ਸ਼ੋਰ ਉੱਠਿਆ। ਖ਼ੌਰੇ ਉਹ ਖੁਦੀ ਪਛਾਨਣ ਦੀ ਗੱਲ ਸੀ ਜਾਂ ਇਨਕਲਾਬ ਦਾ ਰੌਲਾ ਰੱਪਾ। ਬੜੀ ਛੇਤੀ ਉਹ ਗੱਲ ਗੁਠਾਂ ਗਰਾਵਾਂ ਤੋੜੀ ਵੀ ਅੱਪੜ ਗਈ। ਇਨਕਲਾਬ ਸ਼ੋਰ ਦੀ ਗੱਲ ਲੋਕਾਂ ਸੁਣੀ ਪਰ ਅਜੇ ਸਮਝੀ ਨਹੀਂ ਸੀ। ਕਬੀਲੇ ਦੇ ਸਰਦਾਰ ਤੇ ਮੁੱਲਾਂ ਵਿਚਕਾਰ ਖਿਚੜੀ ਤਾਂ ਰਾਤ ਨੂੰ ਪੱਕ ਗਈ ਸੀ। ਸਵੇਰੇ ਸਾਰੇ ਮਰਦਾਂ ਨੂੰ 'ਕੱਠਾ ਕਰਕੇ ਉਹਨਾਂ ਦੋਹਾਂ ਨੇ ਆਪਣਾ ਗ਼ਮ ਤੇ ਗੁੱਸਾ ਜ਼ਾਹਰ ਕੀਤਾ। "ਖੁਦ ਕਾਬਲ ਮੇਂ ਵੋਹ ਆ ਗਏ ਹੈਂ ਜੋ ਲੋਗੋਂ ਸੇ ਮਜ਼ਬ ਛੀਨ ਲੇਤੇ ਹੈ। ਦੌਲਤ ਛੀਨ ਲੇਤੇ ਹੈਂ, ਔਰਤੋਂ ਕੇ ਬੁਰਕੇ ਉਤਰਵਾ ਕਰ ਨੰਗੇ ਮੂੰਹ ਫਿਰਾਤੇ ਹੈਂ। ਮੁੱਲਾਂ ਕੋ ਮਸਜਿਦ ਸੇ, ਬਾਪ ਕੋ ਵਲੋਰ ਸੇ ਔਰ ਸਰਦਾਰ ਕੋ ਸਰਦਾਰੀ ਸੇ ਮਹਰੂਮ ਕਰ ਦੇਤੇ ਹੈ।" ਏਸ ਤਰ੍ਹਾਂ ਦੀ ਗੱਲ ਸੁਣ ਕੇ ਸਾਰੇ ਈ ਜੋਸ਼ ਵਿਚ ਆ ਗਏ। ਸਗੋਂ ਮਾਰਨ ਮਰਨ ਦੀ ਗੱਲ ਸ਼ੁਰੂ ਹੋ ਗਈ। ਪਰ ਅਗਲੇ ਦਿਨ ਕੁਝ ਲੋਕੀ ਨਾਲ ਦੇ ਪਿੰਡਾਂ ਤੋਂ ਆਏ। ਬੜੇ ਖੁਸ਼ ਸੀ ਉਹ। ਉਹਨਾਂ ਬੜੀਆਂ ਚੰਗੀਆਂ ਗੱਲਾਂ ਕੀਤੀਆਂ। ਸਾਨੂੰ ਦੱਸਿਆ ਕਿ ਨਵੇਂ ਸਿਸਟਮ ਵਿਚ ਸਾਰਿਆਂ ਦਾ ਫਾਇਦਾ ਏ ਬਸ ਇਕ ਸਰਦਾਰ ਦਾ ਨੁਕਸਾਨ ਏ। ਉਹਦੀ ਗੱਲ ਈ ਨਾ ਸੁਣੋ। ਹੁਣ ਅਸਾਂ ਆਪਣੀਆਂ ਭੇਡਾਂ ਤੇ ਬਦਾਮਾਂ ਅਖਰੋਟਾਂ ਦੇ ਆਪੇ ਮਾਲਕ ਹੋਵਾਂਗੇ। ਕੁੜੀ ਦਾ ਵਲੋਰ ਨਹੀਂ ਮਿਲੇਗਾ ਤਾਂ ਬਹੁਤ ਲਿਆਵਣ ਲਈ ਵੀ ਰਕਮ ਖਰਚ ਨਹੀਂ ਹੋਣੀ। ਇਕੋ ਗੱਲ ਏ ਨਾ, ਸੂਦ ਖ਼ੋਰ ਵੀ ਸਿੱਧਾ ਹੋ ਜਾਣਾ ਏ। ਸਾਡੀ ਝੁੱਗੀ ਥੱਲੇ ਦੀ ਜ਼ਮੀਨ ਸਾਡੀ, ਪਹਾੜ ਦੀ ਬੂਟੀ ਚਸ਼ਮੇ ਦਾ ਪਾਣੀ ਸਭ ਮੁਫ਼ਤ। ਫੇਰ ਉਹਨਾਂ ਇਕ ਗੀਤ ਸੁਣਾਇਆ :

*ਸਦੀਆਂ ਤੋਂ ਪਰ ਕੱਟੇ ਪੰਛੀ ਆਜ਼ਾਦ ਹੋ ਗਏ*
*ਉਹਨਾਂ ਪਿੰਜਰੇ ਭੰਨ ਸੁੱਟੇ*
*ਨੱਸ ਗਿਆ ਨੱਸ ਗਿਆ*
*ਜੇਲ੍ਹ ਬਨਾਵਣ ਵਾਲਾ*
*ਨਸ ਗਿਆ ਜੇਲ੍ਹ ਨੂੰ ਜਿੰਦਰੇ ਲਾਵਣ ਵਾਲਾ*
*ਧਰਤੀ ਆਜ਼ਾਦ ਜੰਗਲ ਆਜ਼ਾਦ*
*ਆਜ਼ਾਦ ਹੋਏ ਪਹਾੜ ਸਾਡੇ*
*ਧੀਆਂ ਪੁੱਤਰ ਆਜ਼ਾਦ।*

ਫੇਰ ਜਦੋਂ ਰੇਡੀਓ 'ਤੇ ਗੀਤ ਗੂੰਜਿਆ :

*ਐ ਮੇਰੇ 'ਚੋਂ ਗਰ ਦਿਲਬਰ*
*ਤੂੰ ਆਜ਼ਾਦ ਮੈਂ ਆਜ਼ਾਦ*
*ਪਾਟੇ ਲੀੜੇ, ਨੰਗੇ ਪੈਰ*
*ਖ਼ਾਨ ਸਾਹਬਾਂ ਦੇ ਨੌਕਰ*
*ਆਜ਼ਾਦ ਹੋਏ ਆਜ਼ਾਦ ਹੋਏ*
*ਆਜ਼ਾਦ ਹੋਏ ਸਭ ਕੰਮੀ ਕਾਮੇ ਕਰਗਰ*
*ਹੋਈ ਮਿਹਨਤ ਵੀ ਆਜ਼ਾਦ।*

ਅਸੀਂ ਸਾਰੇ ਗੀਤ ਸੁਣ ਕੇ ਇਨਕਲਾਬ ਜ਼ਿੰਦਾਬਾਦ ਕਰਦੇ ਧਮਾਲਾਂ ਪਾਵਣ ਲੱਗ ਪਏ। ਕਿਉਂ ਜੁ ਅਸੀਂ ਸਾਰੇ ਸਦੀਆਂ ਦੇ ਬੰਦੀ, ਕਦੇ ਗੀਤ ਸੁਣਨ ਜਾਂ ਖ਼ਾਬ ਵੇਖਣ ਲਈ ਵੀ ਆਜ਼ਾਦ ਨਹੀਂ ਸਾਂ ਰਹੇ। ਪਰ ਸਾਡੇ ਮੁਕੱਦਰ! ਉਹ ਇਨਕਲਾਬ ਆਪੇ ਅੰਦਰੋਂ ਟੁੱਟਣ ਲੱਗ ਪਿਆ। ਪਹਿਲੀ ਖ਼ਾਨਾਜੰਗੀ ਇਨਕਲਾਬੀਆਂ ਦੇ ਅੰਦਰੋਂ ਉਭਰੀ। ਉਹ ਸਰਦਾਰਾਂ ਦਾ ਪਿੱਛਾ

ਕਰਨ ਦੀ ਥਾਂ ਇਕ ਦੂਜੇ ਨੂੰ ਮਾਰਨ ਲੱਗ ਪਏ। ਖੇਤ ਬੀਜਣ ਤੋਂ ਪ੍ਰਹਿਲਾਂ ਈ ਉਜਾੜਨ ਲੱਗ ਪਏ।

ਮੇਰੀ ਗੱਲ ਖਿਲਰੰਦੀ ਜਾ ਰਹੀ ਏ ਪਰ ਕੀ ਕਰਾਂ ਏਸ ਖਲਾਰ ਤੋਂ ਅੱਡ ਹੋ ਕੇ ਮੇਰੀ ਕਹਾਣੀ ਸਮਝੀ ਨਹੀਂ ਜਾ ਸਕਦੀ। ਤੇਰੇ ਵਰਗੇ ਦਾ ਕੀ ਏ ? ਬੜਾ ਅਸਾਨ ਮੁਖਸਰ ਜਿਹਾ ਅਫ਼ਸਾਨਾ ਲਿਖ ਮਾਰੇਂਗਾ। ਇਹੋ ਨਾ ਤਾਲਿਬਾਨ, ਇਕ ਪੈਦਾਇਸ਼ੀ ਖ਼ਤਰਨਾਕ ਦਹਿਸ਼ਤ ਗਰਦ ਹੁੰਦਾ ਏ। ਪੈਂਟਾਗਨ ਨੂੰ ਉਡਾ ਸਕਦਾ ਏ, ਵਰਲਡ ਟਰੇਡ ਸੈਂਟਰ ਆਫ਼ ਅਮਰੀਕਾ ਨਾਲ ਟਕਰਾ ਸਕਦਾ ਏ ਤੇ ਵਰਲਡ ਪਾਵਰ ਸੋਵੀਅਤ ਯੂਨੀਅਨ ਨੂੰ ਵੀ ਭੰਨ ਤ੍ਰੋੜ ਕੇ ਪਰ੍ਹਾਂ ਸੁੱਟ ਸਕਦਾ ਏ। ਪਰ ਏਸ ਤਰ੍ਹਾਂ ਦਾ ਅਫ਼ਸਾਨਾ ਤੇਰੇ ਕਲਮ ਦੀ ਖਜਾਲਤ ਤੋਂ ਅੱਗੇ ਕੁਝ ਵੀ ਨਹੀਂ। ਕੱਲ੍ਹ ਦੀ ਗੱਲ ਨੂੰ ਛੱਡ ਦੇ, ਅੱਜ ਵੇਖ, ਇਹ ਮੇਰੀ ਲਾਸ਼ ਹੈ ਨਾ, ਲਹੂ ਮਿੱਟੀ ਵਿਚ ਰੁਲਿਆ ਹੋਇਆ ਜਿਹਾ। ਇਹਨੂੰ ਦਫਨਾਵਣ ਲਈ ਮੇਰੇ ਕਬੀਲੇ ਦਾ ਕੋਈ ਜੀ ਏਥੇ ਨਹੀਂ। ਉਹ ਸਾਰੇ ਮਰ ਚੁੱਕੇ ਨੇ ਜਾਂ ਨੱਸ ਗਏ ਹੋਏ ਨੇ, ਖ਼ੌਰੇ ਕਿਥੇ ਕਿਥੇ ਗ਼ਾਰਾਂ ਵਿਚ ਜਾਂ ਮਹਾਜਰੀਨ ਦੇ ਕੈਂਪਾਂ ਕਾਫ਼ਲਿਆਂ ਦੇ ਹਜੂਮ ਅੰਦਰ। ਮੇਰਾ ਨਾਂ ਲੈਣ ਤੋਂ ਡਰਦੇ। ਮੈਨੂੰ ਪਤਾ ਨਹੀਂ ਮੇਰਾ ਬਾਪ ਭਰਾ ਕਿਥੇ ਨੇ ? ਐਨਾ ਜ਼ਰੂਰ ਪਤਾ ਏ ਮੇਰੀ ਵਹੁਟੀ ਮੇਰੇ ਬੱਚੇ ਕਾਬਲ ਵਿਚ ਕਲਸਟਰਡ ਬੰਬਾਂ...ਖੈਰ ਛੱਡੋ ਏਸ ਗੱਲ ਨੂੰ। ਕਹਾਣੀ ਬਹੁਤੀ ਲੰਮੀ ਹੋ ਜਾਊ।

ਤੂੰ ਚੱਲ ਮੇਰੇ ਨਾਲ, ਮੈਂ ਆਪਣੀ ਕਹਾਣੀ ਨੂੰ ਮੁੜ ਉਥੇ ਲੈ ਕੇ ਚੱਲਦਾ ਵਾਂ ਜਿਥੇ ਉਹ ਜ਼ਖ਼ਮੀ ਸੀ। ਹਾਂ ਮੈਂ ਦੱਸ ਰਿਹਾ ਸੀ ਮੇਰਾ ਬਾਬਾ ਜੋ ਆਪਣੇ ਬਚਪਨ ਵਿਚ ਜਬਰਦਸਤੀ ਕਈ ਨਿੱਕੇ ਨਿੱਕੇ ਬਾਲਾਂ ਦਾ ਪਾਲਣਹਾਰ ਬਣਾ ਦਿੱਤਾ ਗਿਆ, ਆਪਣੀ ਜਵਾਨੀ ਵਿਚ ਆ ਕੇ ਉਹ ਕਈ ਨਿਆਣਿਆਂ ਦਾ ਜੰਮਣਹਾਰ ਬਣ ਗਿਆ। ਪਰ ਮੇਰੀ ਮਾਂ ਨੇ ਨਿਰੇ ਮੁੰਡੇ ਈ ਜੰਮੇ। ਕੁੜੀ ਜੋ ਵਿਕ ਸਕਦੀ ਸੀ ਇਕ ਵੀ ਨਾ ਹੋਈ। ਪਠਾਨ ਕਬਾਇਲ਼ੀ ਸਮਾਜ ਦੇ ਥਲੜੇ ਤਬਕੇ ਵਿਚ ਇਕ ਹੋਰ ਬੇਨਸੀਬੀ। ਉਧਰ ਭੇਡਾਂ ਨੂੰ ਬੀਮਾਰੀ ਆਈ ਤਾਂ ਅੱਧੀਆਂ ਕੁ ਮਰ ਗਈਆਂ। ਕੁਦਰਤ ਖ਼ੌਰੇ ਕਿਉਂ ਇਕੋ ਵਾਰੀ ਨਾ-ਮਿਹਰਬਾਨ ਹੋ ਗਈ। ਬਾਰਸ਼ ਬਰਫ਼ ਘਟ ਗਈ। ਪਹਾੜੀ ਬੂਟੀ ਜੋ ਭੇਡਾਂ ਦੀ ਖੁਰਾਕ ਬਣਦੀ ਏ, ਭਰ ਕੇ ਨਾ ਉੱਗ ਸਕੀ। ਸਰਦਾਰ ਦਾ ਹਿੱਸਾ ਘਟਿਆ ਤਾਂ ਗੁੱਸਾ ਵਧ ਗਿਆ। ਹੁਣ ਕੀ ਏ ? ਭੁੱਖ ਨੰਗ, ਸਰਦੀ, ਚਾਰ ਮੁੰਡੇ, ਬਾਲ ਮਜ਼ਦੂਰੀ ਕੋਈ ਨਾ। ਲਕੜੀ ਤਮੜੀ ਨਾ ਭੇਡ ਬੱਕਰੀ। ਗੁੱਠਾਂ ਗਰਾਵਾਂ ਵਿਚ ਏਸੇ ਤਰ੍ਹਾਂ ਸੀ। ਸ਼ਹਿਰਾਂ ਅੰਦਰ ਜੰਗ ਈ ਜੰਗ। ਕੌਣ ਕੀਹਦੇ ਨਾਲ ਭਿੜ ਰਿਹਾ ਸੀ ਅਫ਼ਗਾਨਿਸਤਾਨ ਵਿਚ ਖ਼ਾਨਾਜੰਗੀ ਇੰਟਰਨੈਸ਼ਨਲ ਤਾਕਤਾਂ ਦਾ ਯੁੱਧ ਬਣ ਗਈ। ਅਮਰੀਕਾ, ਪਾਕਿਸਤਾਨ ਤੇ ਅਫ਼ਗਾਨ ਧੜੇ ਸਾਰੇ ਈ...ਇਸਲਾਮ ਵਾਲੇ, ਸ਼ਮਾਲ ਵਾਲੇ, ਜਨੂਬ ਵਾਲੇ ਆਪਣਾ ਆਪਣਾ ਅਸਲਾ ਆਪਣੀ ਆਪਣੀ ਸਿਆਸਤ ਲੈ ਕੇ ਭਿੜ ਗਏ। ਏਸ ਜੰਗ ਤੇ ਖ਼ਾਨਾਜੰਗੀ ਵਿਚ ਸਭ ਤੋਂ ਕਾਰ ਹਥਿਆਰ ਮੁੱਲਾਂ ਨੇ ਤਿਆਰ ਕੀਤਾ। ਅਫ਼ਗਾਨ ਤੇ ਪਾਕਿਸਤਾਨ ਦੇ ਮੁੱਲਾਂ ਬਹੁਤੇ ਬੜੇ ਸਿਆਸਤਬਾਜ਼ ਤੇ ਨਹੀਂ, ਪਰ ਇਨ੍ਹਾਂ ਕੋਲ ਕੱਚਾ ਮਾਲ ਬੜਾ ਏ। ਮਜ਼੍ਹਬ ਦੇ ਮਸਾਲੇ ਵਿਚ ਕਬਾਇਲੀ ਅਸਲੀਅਤ, ਫ਼ਿਰਕਾਬੰਦੀ ਤੇ ਜਹਾਦ ਦਾ ਲੋਹਾ ਕੁੱਟ ਕੇ ਕੱਚੀ ਉਮਰਾਂ ਦੇ ਗ਼ਰੀਬ ਮੁੰਡਿਆਂ ਨੂੰ ਖਵਾ ਦੇਵੋ, ਤਾਲਿਬਾਨ ਵਰਗਾ ਅਸਲਾ ਬਣ ਜਾਏਗਾ। ਖਾਨਾਜੰਗੀ ਦੇ ਦਿਨਾਂ ਵਿਚ ਏਸ ਅਸਲੇ ਦੀ ਲੋੜ ਵਧ ਗਈ। ਅਮਰੀਕਾ ਆਪੇ ਵੱਡਾ ਖਰੀਦਦਾਰ ਸੀ। ਮੈਂ ਕੀ, ਹਿੱਸੇਦਾਰੀ ਤੁਹਾਨੂੰ ਬੜਾ ਕੁਝ ਦੱਸ ਸਕਦੀ ਏ। ਪਰ ਤੁਸੀਂ ਤਾਂ ਕਾਰੋਬਾਰੀ ਕਹਾਣੀ ਲਿਖਦੇ ਓ ਬੜੀ ਮੁਖਸਰ, ਜੋ ਵੀ ਪੈਰਾਂ ਵਿਚ ਪਿਆ ਲੱਭ ਜਾਵੇ ਜਾਂ ਮੇਡ ਈਜੀ ਵਰਗਾ ਕੁਝ, ਕਿਤਾਬ ਲੱਭਣ ਦੀ ਕੀ ਲੋੜ ਏ ?



ਏਸੇ ਤਰ੍ਹਾਂ ਕਰਕੇ ਉਹਨਾਂ ਸਾਨੂੰ ਕੁਰਾਨ ਪੜ੍ਹਾਇਆ। ਤਵੀਜ਼ ਘੋਲ ਕੇ ਪਿਆ ਦਿੱਤੇ। ਉਹੋ ਤਵੀਜ਼ ਜੋ ਮੁੱਲਾਂ ਨੇ ਲਿਖੇ। ਸਾਡੀ ਪੜ੍ਹਾਈ ਦੀਨ ਦੁਨੀਆ ਬਾਰੇ ਜਾਣਕਾਰੀ ਲਈ ਨਹੀਂ ਸਗੋਂ ਬੇਖ਼ਬਰੀ ਲਈ ਸੀ। ਦੋ ਚਾਰ ਲਫ਼ਜ਼ ਅੰਗਰੇਜ਼ੀ ਦੇ ਮੈਂ ਉਦੋਂ ਸਿੱਖ ਗਿਆ ਸਾਂ ਜਦੋਂ ਹੁਕਮਰਾਨ ਕਲਾਸ ਦਾ ਸਿਪਾਹੀ ਬਣ ਗਿਆ। ਗੱਲ ਚੱਲੀ ਸੀ ਖ਼ਾਨਾਜੰਗੀ ਦੇ ਜ਼ਮਾਨੇ, ਸਿਪਾਹੀ ਮੇਡ ਈਜ਼ੀ ਬਣਾਵਣ ਦੀ। ਗਰੀਬੀ ਦੀ ਕੁੱਖ ਤੋਂ ਜੰਮੇ ਕੱਚੀ ਉਮਰ ਦੇ ਮੁੰਡੇ ਬੇਹਿਸਾਬ। ਦੀਨੀ ਮਦਰੱਸੇ ਕਾਰਖਾਨੇ ਬਣ ਗਏ। ਸ਼ਹਿਰ ਗਰਾਂ ਹਰ ਥਾਂ ਸਰਦਾਰ ਆਪ ਭਰਤੀ ਭੇਜ ਰਿਹਾ ਸੀ, ਆਪਣੀ ਨਿਗਰਾਨੀ ਵਿਚ ਤੇ ਬੜੀ ਮਿਹਰ ਨਾਲ ਭੁੱਖੀ ਝੁੱਗੀ ਦੇ ਜਾਏ ਨੂੰ ਵਜ਼ੀਫੇ ਦੇ ਕੇ ਪੜ੍ਹਾ ਰਿਹਾ ਸੀ। ਸਾਡੇ ਆਪੇ ਬੜੇ ਖੁਸ਼, ਸ਼ੁਕਰਗੁਜ਼ਾਰੀ ਨਾਲ ਹੋਰ ਵੀ ਲਿਫ ਗਏ। ਨੰਗੇ ਪੈਰਾਂ ਨੂੰ ਬੂਟ ਮਿਲ ਗਏ। ਭੁੱਖੇ ਢਿੱਡਾਂ ਨੂੰ ਰੋਟੀ। ਪਰੇਡ ਕਰਨ ਦੀ ਕਮਾਈ, ਆਖ਼ਰਤ ਦੀਨੀਆ, ਦਰਜੇ ਜਹਾਦ, ਸ਼ਹਾਦਤ, ਗਾਫ਼ਲ ਅਫ਼ਗਾਨ ਨੂੰ ਹੋਰ ਕੀ ਚਾਹੀਦਾ ?

ਆਪਣੀ ਖੁਦੀ ਪਹਿਚਾਣ ਓ ਗਾਫ਼ਲ ਅਫ਼ਗ਼ਾਨ!

ਸਾਡੀ ਪੜ੍ਹਾਈ ਵਿਚ ਖ਼ੁਦੀ ਵਾਲੀ ਸਾਰੀ ਗੱਲ ਮੁੱਲਾਂ ਮਜ਼੍ਹਬ ਨਾਲ ਜੋੜ ਦਿੱਤੀ ਗਈ ਸੀ। ਪਹਿਲਾਂ ਤਾਂ ਗੱਲ ਸਮਝ ਵਿਚ ਨਾ ਆਈ। ਪਰ ਜਦੋਂ ਆਈ ਤਾਂ ਇਕ ਨਸ਼ਾ ਚੜ੍ਹ ਗਿਆ। ਦੋ ਜਹਾਨ ਦੀ ਜੰਨਤ ਫਲ ਮੇਵੇ ਹੂਰਾਂ ਦੁੱਧ ਸ਼ਹਿਦ ਦੀਆਂ ਨਹਿਰਾਂ। ਮਰ ਗਏ ਤਾਂ ਸ਼ਹੀਦ, ਬਚ ਗਏ ਤਾ ਗ਼ਾਜੀ। ਤਾਲਿਬਾਨ ਨੂੰ ਹਕੂਮਤ ਮਿਲ ਗਈ। ਫੇਰ ਵੀ ਖੌਫ਼ ਬੜਾ ਸੀ। ਮੇਰਾ ਹਾਕਮ ਮੁੱਲਾਂ ਫੌਜੀ ਤਾਕਤ ਕਮਾਂਡਰਾਂ ਕੋਲ, ਫੇਰ ਵੀ ਮੇਰੇ-ਵਰਗਿਆਂ ਕੋਲ ਬਥੇਰਾ ਸੀ...ਬੰਦੂਕ ਵਰਦੀ, ਤਨਖਾਹ, ਤਰੱਕੀ...ਵੇਲੇ ਦੇ ਨਾਲ ਨਾਲ ਦੁਸ਼ਮਣ ਸੱਜਣ ਬਦਲ ਜਾਂਦੇ ਰਹੇ। ਦਸ ਬਾਰਾਂ ਸਾਲ ਪਿੱਛੇ ਨਕਸ਼ਾ ਈ ਹੋਰ ਸੀ। ਦਸ ਬਾਰਾਂ ਸਾਲ ਦੀ ਉਮਰੇ ਮੈਂ ਇਕ ਚੰਗਾ ਨਿਸ਼ਾਨੇਬਾਜ਼ ਤੇ ਪਹਾੜੀ ਜੰਗ ਦਾ ਮਾਹਿਰ ਹੋ ਚੁੱਕਾ ਸੀ। ਰੂਸ ਵਰਗੇ ਸੁਪਰ ਪਾਵਰ ਲਸ਼ਕਰ ਨਾਲ ਭਿੜਨ ਵਾਸਤੇ ਟਰੇਨਿੰਗ ਬੜੀ ਸਖ਼ਤ ਕੀਤੀ ਹੋ ਗਈ ਤਨਖ਼ਾਹ ਵਧ ਗਈ। ਅਮਰੀਕਾ ਤੇ ਹੈ ਈ ਸੀ, ਯੂਰਪ ਤੇ ਅਮੀਰ ਮੁਲਕ ਵੀ ਬੜੀ ਅਮਦਾਦ ਪਹੁੰਚਾ ਰਹੇ ਸੀ। ਵੱਡਾ ਤੇ ਪੱਕਾ ਇਤਹਾਦੀ ਇਹੋ ਪਾਕਿਸਤਾਨ ਜਿਹਨੇ ਅੱਜ ਮਰਵਾਇਆ ਏ। ਏਸੇ ਨੇ ਪੂਰੀ ਯਕਜਹਤੀ ਪੂਰੇ ਵੀਹ ਸਾਲ ਰੱਖੀ। ਪਰ ਉਹ ਹਰ ਹਾਲ ਅਮਰੀਕਾ ਨਾਲ ਸੀ।

ਉਹ ਦਿਨ ਜਦੋਂ ਰੂਸੀ ਫੌਜਾਂ ਕਾਬਲ ਅੱਪੜੀਆਂ। ਅਫ਼ਗਾਨਿਸਤਾਨ ਅਮਰੀਕਾ ਦੀ ਅੱਖ ਦਾ ਤਾਰਾ ਸੀ। ਪਰ ਅਫਗਾਨ ਅਵਾਮ ਜੋ ਸਾਰੀ ਦੁਨੀਆ ਵਿਚ ਖਿੱਲਰ ਗਏ ਹੋਏ ਸੀ ਕੁਝ ਹੋਰ ਵੀ ਉੱਜੜ ਗਏ। ਅੱਧਾ ਮੁਲਕ ਤਾਂ ਪਾਕਿਸਤਾਨ ਜਾ ਬੈਠਾ ਜਿਥੇ ਬੱਚੇ ਬੱਚੇ ਨੂੰ ਵਜੀਫ਼ਾ ਰੋਜ਼ ਦੀ ਰੋਜ਼ ਮਿਲਦਾ ਸੀ। ਸਾਡੇ ਸਰਦਾਰਾਂ ਨੇ ਤਾਂ ਉਥੇ ਆਪਣੇ ਮਹਿਲ ਮਾੜੀ ਬਣਾ ਲਏ। ਪੁੱਤਰ ਅਮਰੀਕਾ ਭੇਜ ਦਿੱਤੇ। ਜਹਾਦੀ ਭਾਈਚਾਰਾ ਬਹੁਤ ਵਧ ਫੁੱਲ ਗਿਆ। ਮੇਰੇ ਨਾਲ ਜਿਨ੍ਹਾਂ ਜਹਾਦ ਕੀਤਾ ਉਹਨਾਂ ਵਿਚ ਕਈ ਅਰਬੀ, ਕਈ ਸੁਡਾਨੀ ਵੀ ਹੈ ਸਨ। ਪਰ ਬਹੁਤੇ ਪਾਕਿਸਤਾਨੀ। ਮੇਰੇ ਖ਼ਾਸ ਮਿੱਤਰ ਮੀਆਂ ਦਾਦ ਤੇ ਉਮਰਾਨ ਨਿਆਜ਼ੀ ਮੀਆਂ ਦਾਦ ਤੋਂ ਆਏ ਹੋਏ ਸੀ। ਏਸੇ ਤਰ੍ਹਾਂ ਫਰੀਦ ਤੇ ਸ਼ਫੀ ਮੁਹੰਮਦ ਬਹਾਵਲਪੁਰ ਦੇ ਮਦਰੱਸੇ ਤੋਂ ਆਏ ਉਹ ਵੀ ਗਰੀਬੀ ਦੇ ਪਸਮੰਦਗੀ ਦੇ ਮਾਰੇ ਮਾਪਿਆਂ ਦੇ ਪੁੱਤਰ, ਮਦਰੱਸੇ ਨੇ ਸਾਨੂੰ ਸਹਾਰਾ ਦਿੱਤਾ। ਜਹਾਦੀ ਰੂਹ ਜਗਾਈ। ਕੀ ਦੁਨੀਆ ਸੀ ਸਾਡੇ ਖ਼ਾਬਾਂ ਦੀ, ਸਾਡੇ ਅਮਲਾਂ ਦੀ।

ਕੀ ਦੱਸਾਂ ਉਹ ਦਿਨ ਜਦੋਂ ਅਸਾਂ ਕਾਬਲ ਤੇ ਚੜ੍ਹਾਈ ਕੀਤੀ। ਇਕ ਤੋਂ ਬਾਅਦ ਇਕ ਇਲਾਕਾ ਸਾਡੇ ਟੈਂਕਾਂ ਥੱਲੇ ਆ ਗਿਆ। ਪਰ ਕਈ ਪਿਆਰੇ ਸਾਥੀ ਫਰੀਦ, ਸਜਾਵਲ ਅਹਿਸਨ ਵਰਗੇ ਦੋਸਤ ਸ਼ਹੀਦ ਹੋਏ। ਅੱਜ ਸੋਚਦਾ ਹਾਂ, ਉਹ ਬੜੇ ਮੁਕੱਦਰਾਂ ਵਾਲੇ ਸੀ। ਬੜੇ ਮਾਣ

ਸਨਮਾਨ ਨਾਲ ਦਫ਼ਨਾਏ ਗਏ। ਘਰ ਵਾਲਿਆਂ ਨੂੰ ਪੈਸਾ ਵੀ ਮਿਲਿਆ। ਫੇਰ ਕਾਬਲ ਦੀ ਫਤਿਹ ਮਗਰੋਂ ਮਾਲ ਗਨੀਮਤ ਵੀ। ਅਸਮਾਨ ਤੇ ਬੜੀ ਗੜਗੜਾਹਟ ਹੋ ਰਹੀ ਏ। ਤੁਸੀਂ ਘਬਰਾਓ ਨਹੀਂ। ਏਥੇ ਆਖ਼ਰੀ ਬੰਬਾਰੀ ਹੋ ਚੁੱਕੀ ਏ। ਹੁਣ ਉਹ ਕੰਧਾਰ ਵੱਲ ਜਾ ਰਹੇ ਨੇ। ਗੱਲ ਹੋ ਰਹੀ ਸੀ ਕਾਬਲ ਦੀ, ਦਸ ਸਾਲ ਪਹਿਲਾਂ ਸ਼ਾਹਿਦ ਤਾਲਿਬਾਨ ਹਕੂਮਤ ਨੂੰ ਤਸਲੀਮ ਵੀ ਕਰ ਲਿਆ। ਪਾਕਿਸਤਾਨ ਨੇ ਸਭ ਤੋਂ ਪਹਿਲਾਂ ਮਾਨਤਾ ਦਿਤੀ। ਤਾਲਿਬਾਨ ਹੁਕਮਰਾਨ। ਸੋਚੋ ਉਸ ਵੇਲੇ ਮੇਰੀ ਉਮਰ ਓਨੀ ਵੀ ਨਹੀਂ ਸੀ ਜਿੰਨੀ ਮੁਹੰਮਦ ਬਿਨ ਕਾਸਮ ਦੇ ਸਿੰਧ ਫਤਿਹ ਕਰਨ ਵੇਲੇ ਸੀ। ਮੈਂ ਤਾਂ ਕਮਾਂਡਰ ਵੀ ਨਹੀਂ ਸਾਂ। ਫੇਰ ਵੀ ਫਤਿਹ ਲਸ਼ਕਰ ਦੀ ਸ਼ਾਨ। ਪੁਰਾਣੇ ਕਮਿਊਨਿਸਟ ਹੁਕਮਰਾਨ ਦੀਆਂ ਲਾਸ਼ਾਂ ਵੀ ਏਸੇ ਤਰ੍ਹਾਂ ਨੰਗੀਆਂ ਖਲੀਆਂ ਪਾਮਾਲ ਕੀਤੀਆਂ ਪਈਆਂ ਰਹੀਆਂ। ਕੋਲੋਂ ਲੰਘਣ ਵਾਲੇ ਟਿਚਕਰਾਂ ਕਰਦੇ ਰਹੇ। ਥੁੱਕਦੇ ਵੀ ਰਹੇ। ਪਰ ਕਸਮ ਨਾਲ ਮੈਨੂੰ ਕਿਸੇ ਲਾਸ਼ ਨੂੰ ਠੇਡਾ ਮਾਰਨਾ ਕਦੇ ਵੀ ਚੰਗਾ ਨਹੀਂ ਲੱਗਾ। ਕੋਈ ਕਈ ਚਿਹਰਾ ਤਾਂ ਏਸ ਤਰ੍ਹਾਂ ਦਾ ਵੀ ਲੱਗਾ ਜਿਵੇਂ ਉਹ ਕਿਸੇ ਆਪਣੇ ਦਾ ਹੋਵੇ। ਸੱਚ ਪੁੱਛੋ ਤਾਂ ਉਹ ਮੇਰੇ ਵਰਗੇ, ਮੇਰੇ ਨਾਲ ਦੇ ਈ ਸੀਗੇ। ਅਫਗਾਨ, ਭੂਰੀ ਦਾੜ੍ਹੀ, ਕਾਲੀ ਪਗੜੀ, ਨਸਵਾਰੀ ਅੱਖਾਂ। ਉਹਨਾਂ ਦੀਆਂ ਜੇਬਾਂ ਫਰੋਲਣ ਵਾਲੇ ਮੈਨੂੰ ਬੁਰੇ ਲੱਗੇ। ਪਰ ਮੈਂ ਆਪ ਵੀ ਇਕ ਜੇਬ ਫਰੋਲੀ। ਅੰਦਰੋਂ ਜੋ ਨਿਕਲਿਆ ਉਹੋ ਅੱਜ ਮੇਰੀ ਜੇਬ ਵਿਚੋਂ ਨਿਕਲ ਸਕਦਾ ਏ। ਇਕ ਬਟੂਆ, ਕੁਝ ਪੈਸੇ, ਨਸਵਾਰ ਦੀ ਡੱਬੀ। ਕਿਸੇ ਦੀ ਤਸਵੀਰ, ਕਿਸੇ ਦਾ ਪਤਾ, ਪਤਾ ਪੜ੍ਹ ਕੇ ਤਾਂ ਇੰਜ ਲੱਗਾ ਸੀ ਜਿਵੇਂ ਮੈਂ ਕਿਸੇ ਜ਼ਿੰਦਾ ਆਦਮੀ ਨਾਲ ਇਹ ਸਲੂਕ ਕਰ ਰਿਹਾ। ਹੁਣੇ ਉੱਠ ਖਲੋਏਗਾ। ਮੈਨੂੰ ਪਛਾਣ ਲਵੇਗਾ। "ਉਹ ਯਾਰ ਜੀ ਕੀ ਕਰ ਰਹੇ ਓ ? ਅਸੀਂ ਦੋਵੇਂ ਕੋਈ ਗ਼ੈਰ ਤਾਂ ਨਹੀਂ। ਇਕ ਨਸਲ, ਇਕੋ ਮਜ਼੍ਹਬ, ਇਕ ਮਾਂ ਬੋਲੀ, ਇਕੋ ਦੇਸ਼ ਦੇ ਲੋਕ। ਆਹੋ ਅਸੀਂ ਲੋਕ ਹਾਂ ਆਮ ਆਦਮੀ, ਕਾਬਲ ਦਾ ਤਖ਼ਤ ਤੇਰਾ ਨਾ ਮੇਰਾ। ਕਾਹਦੇ ਲਈ ਜ਼ਾਲਮ ਮਜ਼ਲੂਮ ਬਣੇ ਓ, ਕਾਹਨੂੰ ? ਦੱਸ ਮੈਨੂੰ ਤੂੰ ਕਾਹਦਾ ਫਾਤਿਹ ਮੈਂ ਕਾਹਦਾ ਮਫਤੂਹ ? ਕਿਹਨੇ ਕੀ ਜਿੱਤਿਆ ਕੀ ਹਾਰਿਆ ? ਚੁੱਕ ਮੇਰੀ ਲਾਸ਼ ਦਫ਼ਨਾ ਦੇ ਕਿਤੇ ਆਪਣੀ ਚਾਦਰ ਵਿਚ ਲਵ੍ਹੇਟ ਕੇ ਮੇਰਾ ਪਰਦਾ ਢੱਕ ਦੇ। ਫਾਤਿਹਾ ਪੜ੍ਹ ਦੇ ਇਕ ਭਾਈ ਦੇ ਅਹਿਤਰਾਮ ਨਾਲ, ਇਕ ਇਨਸਾਨ ਦੇ ਫਰਜ਼ ਨਾਲ...।

ਇਕ ਪਲ ਵਾਸਤੇ ਲੱਗਾ ਮੈਂ ਇਹ ਸਭ ਕੁਝ ਕਰਨਾ ਚਾਹੁੰਦਾ ਵਾਂ। ਜਦੋਂ ਆਸੇ ਪਾਸੇ ਦਾ ਹਾਲ ਮਾਹੌਲ ਵੇਖਿਆ ਤਾਂ ਲੱਗਾ ਮੈਂ ਚੰਗਾ ਕੰਮ ਕਰਨ ਵਾਸਤੇ ਬਿਲਕੁਲ ਆਜ਼ਾਦ ਨਹੀਂ। ਇਕ ਖ਼ਬਰ ਦਾ ਹੱਲਾ ਹੋ ਰਿਹਾ ਸੀ। ਧੱਕੇ ਖਾਂਦਾ ਮੈਂ ਕਿਤੇ ਦਾ ਕਿਤੇ ਨਿਕਲ ਗਿਆ। ਸੱਚੀ ਗੱਲ ਏ ਮੈਂ ਤਾਲਿਬਾਨ ਸਿਸਟਮ ਦਾ ਇਕ ਸਿਪਾਹੀ ਸਾਂ। ਅੱਗੋਂ ਹਕੂਮਤ ਬਣੀ। ਮੁੱਲਾਂ ਮਾਤਹਿਤ ਮੁੱਲਾਂ, ਅਮੀਰ ਮੋਮਨ, ਅਮੀਰ ਆਲਾ, ਅਮੀਰਲ ਮੋਮੀਨ, ਸਰਦਾਰ ਕਮਾਂਡਰ, ਉਸੇ ਤਰ੍ਹਾਂ ਜਿਵੇਂ ਹੁੰਦਾ ਆਇਆ। ਕਹਿਣ ਨੂੰ ਇਕ, ਪਰ ਇਕ ਕਿਥੇ ? ਦਰਜੇ ਅਹੁਦੇ ਐਸ਼, ਸ਼ਰੀਹਤ ਆ ਗਈ ਲੋਕਾਂ ਵਾਸਤੇ ਬਰਾਬਰੀ ਆਈ ਨਾ ਮਸਾਵਤ ਲਿਆਈ। ਲੋਕੀ ਉਸੇ ਤਰ੍ਹਾਂ ਖਬਾਰ ਖਸਤਾ, ਸਰਦਾਰ ਉਸੇ ਤਰ੍ਹਾਂ ਐਸ਼ ਕੋਸ਼। ਦੌਲਤ ਦੇ ਜ਼ਰੀਏ ਉਹੋ, ਪੋਸਤ ਤੇ ਖੇਤ, ਸੰਗਮਰਮਰ ਦੀਆਂ ਖਾਣਾਂ...ਉਹ ਸਬਜ਼ ਸੁਨਹਿਰੀ ਨਸਵਾਰੀ ਸ਼ੇਡ ਵਾਲੀ ਸੰਗਮਰਮਰ ਮੇਰ ਅਫਗਾਨ ਪਹਾੜਾਂ ਦਾ ਖਜ਼ਾਨਾ, ਦੌਲਤ। ਉਂਜ ਦੌਲਤ ਤਾਂ ਕਾਬਲ ਦੇ ਅੰਗੂਰ ਸਰਦੇ। ਕੰਧਾਰੀ ਅਨਾਰ ਬਦਾਮ ਵੀ ਬਥੇਰੀ ਲਿਆਉਂਦੇ ਸੀ। ਮੇਰੀ ਤਮੰਨਾ ਆਪਣੇ ਬਾਪ ਲਈ ਇਕ ਬਾਗ਼ ਹਾਸਲ ਕਰਨ ਦੀ ਪੂਰੀ ਨਾ ਹੋ ਸਕੀ। ਕਿਉਂ ਜੋ ਤਾਲਿਬਾਨ ਹੋ ਕੇ ਵੀ ਮੈਂ ਆਮ ਤੇ ਸਾਦਾ ਬੰਦਾ ਈ ਰਿਹਾ। ਮੇਰੀ ਅਰਜ਼ੀ ਕਦੇ ਮੰਜ਼ੂਰ ਨਾ ਹੋ ਸਕੀ। ਪਰ ਇਕ ਗੱਲ ਬੜੀ ਸ਼ਾਨਦਾਰ ਹੋ ਗਈ। ਮੇਰੀ ਸ਼ਾਦੀ ਗੁਲ ਜਾਨ ਨਾਲ ਮੁਫ਼ਤ ਵਿਚ ਹੋ ਗਈ। ਗੁਲ ਜਾਨ ਬੜੀ ਸੋਹਣੀ, ਯਤੀਮ ਕੁੜੀ ਸੀ।



ਜੇ ਮੈਂ ਤਾਲਿਬਾਨ ਨਾ ਹੁੰਦਾ ਤਾਂ ਐਡੀ ਪਿਆਰੀ ਕੁੜੀ ਵਾਸਤੇ ਬੜਾ ਪੈਸਾ ਦੇਣਾ ਪੈਂਦਾ। ਜਮ੍ਹਾ ਕਰਦੇ ਕਰਦੇ ਬੁੱਢਾ ਹੋ ਜਾਂਦਾ ਆਪਣੇ ਬਾਪ ਵਾਂਗ।

ਤੁਸੀਂ ਅਫ਼ਸੋਸ ਕਰ ਰਹੇ ਓ ? ਕਿਹਦੇ ਉੱਤੇ ? ਉਹ ਜਿਹਨੂੰ ਮੈਂ ਮਾਰਿਆ ਸੀ ਜਾਂ ਮੇਰੇ ਉੱਤੇ, ਜਿਹਨੂੰ ਕਿਸੇ ਹੋਰ ਨੇ ਮਾਰ ਦਿੱਤਾ ? ਨਹੀਂ ਯਾਰਾ ਜੀ, ਤੁਸੀਂ ਅਫ਼ਸੋਸ ਕਰਨਾ ਏ ਤਾਂ ਗੁਲ ਜਾਨ ਵਾਸਤੇ ਕਰੋ, ਉਹਦੇ ਫੁੱਲ ਗੁਲਾਬ ਬੱਚਿਆਂ ਵਾਸਤੇ ਜੋ ਉਧਰ ਕਾਬਲ ਵਿਚ ਸੜ ਕੇ ਸਵਾਹ ਹੋ ਗਏ। ਅਖ਼ੀਰ ਵੇਲੇ ਅਸੀਂ 'ਕੱਠੇ ਨਹੀਂ ਸਾਂ। ਮੈਂ ਤਾਂ ਏਧਰ ਮੋਰਚੇ ਵਿਚ ਸਾਂ। ਖ਼ਬਰ ਮਿਲੀ ਸਾਰਾ ਰਿਹਾਇਸ਼ੀ ਇਲਾਕਾ ਉੱਡ ਗਿਆ। ਪੰਦਰਾਂ ਹਜ਼ਾਰ ਪੌਂਡ ਦੇ ਅੱਠ ਸੱਤ ਬੰਬ ਇਕੋ ਵਾਰੀ ਫਟੇ। ਕਿਉਂ ਜੋ ਉਹ ਇਲਾਕਾ ਤਾਲਿਬਾਨ ਦਾ ਰਿਹਾਇਸ਼ੀ ਇਲਾਕਾ ਸੀ ਖ਼ਾਸ ਨਿਸ਼ਾਨਾ ਬਣਾਇਆ ਗਿਆ। ਨਿਸ਼ਾਨਦੇਹੀ ਆਪਣਿਆਂ ਨੇ ਕੀਤੀ। ਪਰ ਮਰਨ ਵਾਲੇ ਬੱਚੇ ਔਰਤਾਂ ਬੁੱਢੇ ਠੇਰੇ। ਕਿਉਂ ਜੋ ਮਰਦ ਸਾਰੇ ਈ ਬਾਹਰ ਸੀ। ਪਾਗ਼ਲ ਲੋਕੀ ਕੀ ਸਮਝੇ ਬੱਚੇ ਮਾਰਨ ਨਾਲ ਤਾਲਿਬਾਨ ਮਰ ਜਾਣਗੇ...ਅੱਜ ਮੈਨੂੰ ਇਕ ਅਫ਼ਸੋਸ ਏ। ਨਹੀਂ ਤੁਸੀਂ ਗ਼ਲਤ ਸਮਝੇ ਓ। ਮੇਰਾ ਪਛਤਾਵਾ ਮੇਰੇ ਤਾਲਿਬਾਨ ਹੋਣ ਵਾਸਤੇ ਨਹੀਂ। ਮਰਨ ਵਾਸਤੇ ਵੀ ਨਹੀਂ। ਕਾਸ਼ ਉਸ ਰਾਤ ਮੈਂ ਵੀ ਉਹਨਾਂ ਦੇ ਨਾਲ ਹੁੰਦਾ। ਮੇਰੀ ਗੁਲ ਜਾਨ, ਮੇਰਾ ਨੋਮੀ, ਮੇਰੀ ਆਲੀਆ, ਮੇਰਾ ਬਾਬਾ ਅਸੀਂ 'ਕੱਠੇ ਈ ਹੁੰਦੇ। ਮੈਨੂੰ ਇਕ ਜ਼ਖ਼ਮ ਲੱਗਦਾ। ਅੱਜ ਦੋ ਦਿਨ ਬਾਅਦ ਦੂਜੇ ਜ਼ਖ਼ਮ ਮੋਇਆ ਨਾਲ ਮੇਰਾ ਜੁੱਸਾ ਹੋਇਆ। ਦਿਲ ਤਾਂ ਖ਼ਬਰ ਸੁਣ ਕੇ ਮਰ ਗਿਆ ਸੀ। ਆਖ਼ਰ ਮੈਂ ਵੀ ਇਨਸਾਨ ਹਾਂ।

ਪਰ ਮੈਂ ਕਿਹਨੂੰ ਸੁਣਾ ਰਿਹਾਂ ? ਤੁਸੀਂ ਸਾਰੇ ਤਾਲਿਬਾਨ ਨੂੰ ਆਦਮੀ ਮੰਨਦੇ ਓ ਨਾ ? ਇਨਸਾਨ ਈ ਸਮਝਦੇ ਓ। ਪਰ ਹੋਰ ਕਿਹਨੂੰ ? ਅਜਬ ਦੁਨੀਆ ਏ ਯਾਰਾ ਜੀ! ਰੋਬੋਟ ਦੁਨੀਆ। ਸਾਮਰਾਜ ਨੇ ਦੁਨੀਆ ਨੂੰ ਰੋਬੋਟ ਬਣਾ ਛੱਡਿਆ, ਸਾਮਰਾਜ ਮੀਡੀਆ ਤੁਹਾਨੂੰ ਖ਼ਿਆਲ ਦੇਂਦਾ। ਜ਼ਬਾਨ ਦੇਂਦਾ, ਨਫ਼ਰਤ ਮੁਹੱਬਤ, ਸਿਆਸਤ ਪਾਲਿਸੀ, ਅਜਬ ਜਿਹਾ ਸਾਡਾ ਰਿਸ਼ਤਾ। ਕੱਲ੍ਹ ਸਾਮਰਾਜ ਨੇ ਹੁਕਮ ਦਿੱਤਾ, ਤਾਲਿਬਾਨ ਨੂੰ ਮੁਜਾਹਿਦ ਆਖੋ। ਮਮਤਾ ਦੇਵੋ, ਤੁਸੀਂ ਦਿੱਤੀ। ਅੱਜ ਸਾਮਰਾਜ ਨੇ ਆਰਡਰ ਕੀਤਾ। ਨਫ਼ਰਤ ਕਰੋ। ਫਨਾਹ ਕਰ ਦਿਓ, ਟੈਰੇਰਿਸਟ ਆਖੋ, ਤੁਸੀਂ ਕਰ ਦਿੱਤਾ। ਚਲੋ ਇਕ ਨਵੀਂ ਦੁਨੀਆ ਏ। ਪਰ ਤੁਸੀਂ ਤਾਂ ਪੁਰਾਣੇ ਲਿਖਾਰੀ ਓ। ਕਮਿਊਨਿਸਟ ਪਰੋਗਰੈਸਿਵ, ਐਂਟੀ ਸਾਮਰਾਜ। ਆਹੋ ਮੈਂ ਚੰਗੀ ਤਰ੍ਹਾਂ ਜਾਣਦਾ ਵਾਂ। ਨਵਾਂ ਨਵਾਂ ਤਾਲਿਬਾਨ ਬਣ ਕੇ ਮੈਂ ਤੁਹਾਡੇ ਸ਼ਹਿਰ ਟ੍ਰੇਨਿੰਗ ਵਾਸਤੇ ਗਿਆ ਸੀ। ਉਦੋਂ ਮੈਂ ਅਖ਼ਬਾਰ ਵਿਚ ਤੁਹਾਡੇ ਕਾਲਜ ਪੜ੍ਹਦਾ ਰਿਹਾ। ਤੁਸੀਂ ਅਮਰੀਕੀ ਸਾਮਰਾਜ ਦੇ ਖ਼ਿਲਾਫ਼ ਲਿਖਦੇ ਸੀ। ਕਿਉਂ ਜੋ ਤੁਸੀਂ ਸੋਵੀਅਤ ਰੂਸ ਦੇ ਤਰਫ਼ਦਾਰ ਸੀਗੇ। ਏਧਰ ਅਮਰੀਕਾ ਸਾਡਾ ਤਰਫ਼ਦਾਰ ਮਦਦਗਾਰ। ਤੁਹਾਡੀ ਹਕੂਮਤ ਤਾਂ ਸਦਾ ਈ ਅਮਰੀਕਾ ਦੀ ਰਖੇਲ ਰਹੀ ਹੈ। ਪਰ ਤੁਹਾਡੇ ਤਜਰਬੇ ਬੜੇ ਕਾਰਗਰ। ਤੁਹਾਡੇ ਲਫਜ਼ ਬੜੇ ਕਾਰਗਰ...ਇਕ ਵਾਰੀ ਤਾਂ ਮੈਂ ਤੁਹਾਡਾ ਮੁਰੀਦ ਹੁੰਦੇ ਹੁੰਦੇ ਬਚ ਗਿਆ। ਪਤਾ ਲੱਗਾ ਤੁਸੀਂ ਇਸਲਾਮ ਦੇ ਖਿਲਾਫ਼ ਓ। ਹੁਣ ਤਾਂ ਅਮਰੀਕਾ ਵੀ ਤੁਹਾਡੇ ਵਾਂਗ। ਚਲੋ ਛੱਡੋ ਬਹਿਸ ਕਾਹਨੂੰ ਕਰਨੀ। ਕਹਾਣੀ ਦੇ ਮਤਲਬ ਦੀ ਗੱਲ ਤਾਂ ਐਨੀ ਕੁ ਏ ਪਈ ਉਹ ਦੋਹਾਂ ਧਿਰਾਂ ਦਾ ਸੱਚ ਝੂਠ ਸਾਹਮਣੇ ਲਿਆਵੇ। ਮੇਰਾ ਸੱਚ ਤਾਂ ਬੜਾ ਸਾਦਾ ਏ ਪਰ ਤੁਹਾਡੀ ਗੱਲ ਬੜੀ ਗੁੰਝਲਦਾਰ ਜਨਾਬ। ਅਸੀਂ ਤਾਲਿਬਾਨ ਤਾਂ ਮੁੱਢ ਤੋਂ ਇਸਤੇਮਾਲ ਕੀਤਾ ਜਾਣ ਵਾਲਾ ਕੱਚਾ ਮਟੀਰੀਅਲ ਸੀਗਾ। ਤੁਸੀਂ ਕਿਵੇਂ ਸਮਝ ਲਿਆ ਇਕ ਗਰੀਬ ਗਡਰੀਏ ਦਾ ਭੁੱਖੇ ਢਿੱਡ ਨੰਗੇ ਪੈਰੀਂ ਫਿਰਦਾ ਬਾਲ ਸਾਮਰਾਜ ਦਾ ਸਾਥੀ ਹੋ ਗਿਆ। ਅੱਗੋਂ ਵੱਡੇ ਸਾਮਰਾਜ ਲਈ ਵੱਡਾ ਚੈਲਿੰਜ ਵੀ। ਤੁਸੀਂ ਦਾਨਿਸ਼ਵਰ ਕਹਾਣੀਕਾਰ ਕਿਸੇ ਨੂੰ ਜਾਣੇ

ਪਛਾਣੇ ਬਗ਼ੈਰ ਈ ਤਬਸਰੇ ਕਰਦੇ ਓ, ਆਪਣੀ ਥਾਂ ਦੀ ਵੀ ਬਦਲ ਲੈਂਦੇ ਓ। ਕਿਵੇਂ ? ਤੁਸੀਂ ਪੁੱਛਿਆ...।

ਅੱਜ ਈ ਵੇਖ ਲਓ ਯਾਰਾ ਜੀ, ਤੁਸੀਂ ਕਿਥੇ ਖਲੋ ਕੇ ਮੇਰੇ ਵਤਨ ਉੱਤੇ ਬੰਬਾਰੀ ਕਰਵਾਈ ਏ ? ਅੱਜ ਤੁਸੀਂ ਅੰਦਰ ਬਾਹਰ ਉਹਨਾਂ ਦੇ ਨਾਲ ਓ ਕੱਲ੍ਹ ਜਿਨ੍ਹਾਂ ਦੇ ਖਿਲਾਫ਼ ਸੀਗੇ। ਉਹ ਦੋਵੇਂ ਤੁਹਾਡੇ ਪੁਰਾਣੇ ਦੁਸ਼ਮਣ ਜਦੋਂ ਸਾਡੇ ਖਿਲਾਫ਼ ਸਿਰ ਜੋੜ ਕੇ ਬੈਠੇ ਨੇ ਫੁੱਲਾਂ ਦੀ ਟੋਕਰੀ ਵਾਂਗ ਤੁਹਾਨੂੰ ਵਿਚਕਾਰ ਰੱਖ ਲੈਂਦੇ ਹਨ। ਬੁਰਾ ਮਨਾਵਣ ਵਾਲੀ ਗੱਲ ਨਹੀਂ ਏ ਯਾਰਾ ਜੀ, ਤੁਸੀਂ ਆਪ ਮਹੱਜਬ ਅਮਰੀਕਾ ਦੇ ਯਾਰ ਓ ਤੇ ਵਹਿਸ਼ੀ ਜੰਗਲ ਅਫ਼ਗਾਨ ਦੁਨੀਆ ਨੂੰ ਬਰਬਾਦ ਹੁੰਦਿਆਂ ਵੇਖ ਕੇ ਖੁਸ਼ ਵੀ ਹੋ। ਅੱਗੋਂ ਏਸ ਇਲਾਕੇ ਵਿਚ ਬਾਰੂਦ ਸਾਫ਼ ਕਰਕੇ ਅਮਰੀਕੀ ਕਲਚਰ ਦੇ ਖੇਤ ਬੀਜ ਦੇਣਾ। ਏਸ ਕੰਮ ਵਿਚੋਂ ਹਿੱਸਾ ਜ਼ਰੂਰ ਲੈਣਾ। ਤੁਹਾਡੀ ਮਿਹਰ ਹੋਵੇ ਜੋ ਮੇਰੇ ਵਰਗਿਆਂ ਨੂੰ ਸਮਝਾ ਸਕੋ। ਅਮਰੀਕੀ ਤਹਿਜ਼ੀਬ ਦੀ ਪਰਿਭਾਸ਼ਾ ਵਿਚ ਨਾਗਾਸਾਕੀ, ਹੀਰੋਸ਼ੀਮਾ, ਵੀਅਤਨਾਮ, ਕਵਾਂਡਾ, ਈਰਾਕ ਤੇ ਅਫਗਾਨਿਸਤਾਨ ਵਰਗੇ ਨਾਂ ਕੀ ਮਹਿਣੇ ਰੱਖਦੇ ਨੇ ?

ਤਾਲਿਬਾਨ ਨੂੰ ਤੁਸੀਂ ਜ਼ਾਲਮ, ਜਾਹਲ ਜਨੂੰਨੀ ਆਖਦੇ ਓ। ਉਹਨਾਂ ਦੀ ਤਹਿਜ਼ੀਬ ਵਿਚ ਬੁਰਕਾ ਏ, ਦਾੜ੍ਹੀ ਏ, ਮੁੱਲਾਂ ਏ। ਕੀ ਖ਼ਿਆਲ ਏ ਤੁਹਾਡੇ ਆਪਣੇ ਦੇਸ਼ ਵਿਚ ਏਸ ਤਰ੍ਹਾਂ ਦਾ ਕੁਝ ਵੀ ਨਹੀਂ ? ਜੇ ਕੱਲ੍ਹ ਨੂੰ ਏਸੇ ਬਹਾਨੇ ਕੋਈ ਬੰਬਾਰੀ ਕਰਨ ਆ ਜਾਵੇ ਫੇਰ ਗੱਲ, ਪੈਂਟਾਗਾਨ ਵਾਲੀ ਗੱਲ...ਅੱਜ ਮੈਂ ਆਪਣਾ ਦਫਾਹ ਨਹੀਂ ਕਰ ਸਕਿਆ। ਹਮਲਾ ਕਿਸ ਤਰ੍ਹਾਂ ਕਰ ਸਕਦਾ ਸਾਂ। ਇਕ ਗੱਲ ਕਰੋ ਨਾ, ਮੈਨੂੰ ਬੈਕਵਰਡ ਵੀ ਕਹਿੰਦੇ ਓ, ਐਡਾ ਅਡਵਾਂਸ ਵੀ ਸਮਝਦੇ ਓ। ਪੈਂਟਾਗਾਨ ਲਈ ਸਾਰੀ ਦੁਨੀਆ ਤੜਫ਼ ਗਈ। ਅੱਜ ਜਦੋਂ ਅਫਗਾਨਿਸਤਾਨ ਦੇ ਸਾਰੇ ਸ਼ਹਿਰ ਉਡਾ ਦਿੱਤੇ ਗਏ ਨੇ। ਦੁਨੀਆ ਗੂੰਗੀ ਵੀ ਏ ਸੁਖੀ ਵੀ ਏ। ਕੀ ਚਾਲ ਚੱਲੀ ਏ ਅਸਮਾਨਾਂ ਮੇਰੇ ਪਹਾੜਾਂ ਦੇ ਗਾਰਾਂ ਵਰਗੀ ਨਾ...ਸੋ ਯਾਰਾ ਜੀ !

ਤੁਸੀਂ ਅਫ਼ਗਾਨ ਹਿਸਟਰੀ ਤੋਂ ਨਾਵਾਕਫ਼ ਓ। ਫੇਰ ਵੀ ਬੜੇ ਬੜੇ ਸਵਾਲ, ਬੜੇ ਬੜੇ ਇਤਰਾਜ਼ ਖੜ੍ਹੇ ਕੀਤੇ ਨੇ। ਪਰ ਤੁਸੀਂ ਵੀ ਕੀ ਕਰੋ ਯਾਰਾ ਜੀ ! ਮਹਿਤਾਜ ਓ, ਵੈਸਟਰਨ ਮੀਡੀਆ, ਯਹੂਦੀ ਕੰਟਰੌਲ ਨੂੰ ਤੁਹਾਡਾ ਪੁਰਾਣਾ ਕਲਮ, ਮੇਰੀ ਪੁਰਾਣੀ ਬੰਦੂਕ, ਇੰਜ ਮੇਰੇ ਕੋਲ ਸਵਾਲ ਵੀ ਬਥੇਰੇ ਨੇ, ਜਵਾਬ ਵੀ ਘੱਟ ਨਹੀਂ। ਪਰ ਮੇਰੇ ਕੋਲ ਮੀਡੀਆ ਮਸ਼ੀਨ, ਮੀਡੀਆ ਦੀ ਜ਼ਬਾਨ ਵੀ ਨਹੀਂ। ਮੈਂ ਕਦੀ ਵੀ ਦੁਨੀਆ ਨਾਲ ਗੱਲ ਨਹੀਂ ਕਰ ਸਕਿਆ। ਪਤਾ ਮੈਨੂੰ ਸਾਰੀ ਗੱਲ ਦਾ ਹੈਗਾ। ਪਤਾ ਤਾਂ ਤੁਹਾਨੂੰ ਵੀ ਹੈਗਾ ਸਾਮਰਾਜ ਦਾ ਰਗੜਾ ਖਾ ਕੇ ਅੱਜ ਸਿੱਧੇ ਹੋ ਗਏ ਓ। ਇਕ ਪਲ ਵਾਸਤੇ ਪਿੱਛੇ ਮੁੜ ਕੇ ਵੇਖੋ, ਫ਼ਿਕਰ ਨਾ ਕਰੋ ਤੁਸੀਂ ਪੱਥਰ ਦੇ ਨਹੀਂ ਹੋਣ ਲੱਗੇ। ਵੇਲੇ ਦੇ ਪੁਲ ਪਾਰ ਵੇਖ ਸਾਰੇ ਮਸ਼ਰਕ ਵਿਚ ਤੁਹਾਨੂੰ ਤਾਲਿਬਾਨ ਦਿਸ ਪੈਣਗੇ। ਜੀ ਯਾਰਾ ਜੀ ! ਚੀਨ, ਕੋਰੀਆ, ਕੰਬੋਡੀਆ, ਵੀਅਤਨਾਮ, ਫਲਸਤੀਨ, ਸੁਡਾਨ, ਈਰਾਨ, ਇਰਾਕ, ਸ੍ਰੀ ਲੰਕਾ, ਪੰਜਾਬ, ਚਿੱਲੀ, ਅਫ਼ਰੀਕਾ। ਜੀ ਯਾਰਾ ਜੀ ! ਤਾਲਿਬਾਨ ਈ ਤਾਲਿਬਾਨ।

ਅੱਜ ਵੀ ਆਪਣੇ ਦਿਲ 'ਤੇ ਹੱਥ ਰੱਖੋ, ਤੁਸੀਂ ਅੱਜ ਵੀ ਅੰਦਰੋਂ ਕਿਤੇ ਤਾਲਿਬਾਨ ਹੈਗੇ ਓ। ਨਜ਼ਰੀਆ ਆਪਣਾ ਨਜ਼ਰੀਆ, ਸਾਮਰਾਜ ਕੋਲੋਂ ਨਫ਼ਰਤ ਦਾ ਜਜ਼ਬਾ, ਆਪਣੀ ਆਜ਼ਾਦੀ ਦੀ ਸਿੱਕ ਜਿਥੇ ਵੀ ਜਾਗੀ ਉਥੇ ਈ ਇਕ ਤਾਲਿਬਾਨ ਜੰਮ ਪਿਆ। ਏਸੇ ਤਰ੍ਹਾਂ ਲੈਨਿਨ ਜੰਮਿਆ ਸੀ। ਏਸੇ ਤਰ੍ਹਾਂ ਭਗਤ ਸਿੰਘ, ਹੋ ਚੀ ਮਿੰਨ੍ਹ ਤੇ ਮੌਅਜ਼ੇ ਤੁੰਗ ਦਾ ਜਨਮ ਇਕ ਗਾਰ ਵਿਚ ਈ ਤੇ ਹੋਇਆ ਸੀ। ਉਹਦੀ ਗੱਲ ਤੁਹਾਨੂੰ ਕਿੱਡੀ ਪਸੰਦ ਆਈ ਸੀ, ਜਦੋਂ ਉਹਨੇ ਕਿਹਾ,



ਸਾਮਰਾਜ ਸਿਰਫ਼ ਕਮਜ਼ੋਰਾਂ ਦਾ ਸ਼ੇਰ ਏ, ਤੇ ਉਹ ਦਿਹਾੜਾ ਜਦੋਂ ਪੈਂਟਾਗਾਨ ਦਾ ਬੁਰਜ ਡਿੱਗਾ, ਅੰਦਰੋਂ ਅੰਦਰ ਤੁਸੀਂ ਓਸਾਮਾ ਨੂੰ ਸਲਾਮ ਕੀਤਾ। ਅੱਜ ਵੀ ਜਦੋਂ ਕੋਲਨ ਪਾਵਲ ਆਪਣਾ ਬਘਿਆੜ ਵਰਗਾ ਬੂਥਾ ਖੋਲ੍ਹਦਾ ਏ ਤੁਸੀਂ ਤਾਲਿਬਾਨ ਨੂੰ ਜ਼ਿੰਦਾਬਾਦ ਨਹੀਂ ਕਰਦੇ ? ਸੱਚ ਦੱਸੋ ?

ਖ਼ੈਰ ਅੱਜ ਤਾਂ ਤਾਲਿਬਾਨ ਦਾ ਹਿਸਾਬ ਕਿਤਾਬ ਹੋ ਚੁੱਕਾ (ਤੁਹਾਡੇ ਬਹਾਨੇ) ਪਰ ਰੋਜ਼ੇ ਹਿਸਾਬ ਅਜੇ ਰਹਿੰਦਾ ਏ। ਹਾਂ ਯਾਰਾ ਜੀ ! ਮੇਰਾ ਮੁਰਦਾ ਜਿਸਮ ਸਾਹਮਣੇ ਪਿਆ ਏ। ਚੱਟਾਨ ਦੇ ਉੱਤੇ ਸਿਆਲ ਦੇ ਸੂਰਜ ਦੀ ਆਖ਼ਰੀ ਲੌਏ ਤੁਸੀਂ ਮੈਨੂੰ ਵੇਖ ਲਿਆ ਏ। ਤੁਹਾਡੇ ਅਖ਼ਬਾਰ ਨੇ ਤਸਵੀਰ ਵੀ ਛਾਪ ਦਿੱਤੀ ਏ। ਚੰਗਾ ਏ ਥੋੜ੍ਹੇ ਦਿਨਾਂ ਵਿਚ ਮੈਨੂੰ ਬਰਫ਼ ਦਾ ਕਫ਼ਨ ਮਿਲ ਜਾਣਾ ਏ ਚਿੱਟਾ ਸਫ਼ੇਦ, ਫੇਰ ਮੈਂ ਆਪਣੇ ਮਹੀਬ ਦਿਲਬਰ ਪਹਾੜਾਂ ਦਾ ਪਿਉਂਦ ਬਣ ਜਾਵਾਂਗਾ। ਇਕ ਦਿਨ, ਆਹੋ ਇਕ ਦਿਨ, ਤੁਸੀਂ ਸਮਝ ਗਏ ਯਾਰਾ ਜੀ ! ਆਖ਼ਰ ਪੁਰਾਣੇ ਦਾਨਸ਼ਵਰ ਓ ਨਾ, ਮੈਂ ਤਵਾਰੀਖ ਵਿਚ ਲਿਖਿਆ ਜਾਣਾ ਏ।

"ਇਹ ਇਕ ਤਾਲਿਬਾਨ ਹੈ। ਕਾਲੀ ਪਗੜੀ, ਭੂਰੀ ਅੱਖ, ਹੱਥ ਵਿਚ ਪੁਰਾਣੀ ਬੰਦੂਕ, ਏਸੇ ਨੇ ਅਜਿਹਾ ਨਿਸ਼ਾਨਾ ਬੰਨ੍ਹਿਆ, ਕਾਲੀ ਗਾਰ ਦੇ ਅੰਦਰੋਂ ਕਿ ਦੁਨੀਆ ਦੀ ਚਮਕੀਲੀ ਸੁਪਰ ਸਰਮਾਇਆ ਤਾਕਤ ਦੀ ਸੁਪਰ ਟੈਕਨਾਲੋਜੀ ਦੇ ਸੁਪਰ ਟਾਵਰ ਦਾ ਗ਼ਰੂਰ ਨਾਲ ਭਾਰਾ ਸਿਰ ਧਰਤੀ ਉੱਤੇ ਮੂਧੇ ਮੂੰਹ ਆਣ ਡਿੱਗਾ। ਗ਼ਰੂਰ ਨੇ ਖਾਕ ਨੂੰ ਸਿਜਦਾ ਕੀਤਾ। ਆਖ਼ਰੀ ਗੱਲ, ਤੁਸੀਂ ਇਕ ਕੰਮ ਚਾ ਕਰੋ...ਦੁਨੀਆ ਦੇ ਉਹਨਾਂ ਲੋਕਾਂ ਦੀ ਅਸਲ ਤਾਦਾਦ ਲੱਭੋ, ਜੋ 11 ਸਤੰਬਰ 2001 ਈਸਵੀ ਨੂੰ ਬਹੁਤ ਹੈਰਾਨ ਤੇ ਬਹੁਤ ਖੁਸ਼ ਹੋ ਗਏ ਸਨ। ਛੇ ਅਰਬ ਦੀ ਇਨਸਾਨ ਆਬਾਦੀ ਵਿਚੋਂ ਘੱਟੋ ਘੱਟ ਚਾਰ ਅਰਬ ਲੋਕੀ ਖੁਸ਼ ਹੋਏ ਹੋਣਗੇ। ਦੁਨੀਆ ਦੀ ਮੁਹੀਬ ਤਾਰੀਖ਼ ਦਾ ਇਕ ਦਿਨ ਜ਼ਰੂਰ ਮੇਰੇ ਨਾਂ ਵੀ ਲਿਖਿਆ ਜਾਣਾ ਏ। ਕਿਉਂ ਜੁ ਮੈਂ ਈ ਪੈਂਟਾਗਨ ਭੰਨਿਆ। ਆਪਣੀ ਪੁਰਾਣੀ ਬੰਦੂਕ ਨਾਲ ਆਹੋ ਮੈਂ ! ਮੈਂ ਅਮਰੀਕਾ 'ਤੇ ਹਮਲਾ ਕੀਤਾ, ਆਹੋ ਮੈਂ ! ਮੈਂ !!

●

#318, ਬਦਰ ਬਲਾਕ, ਅਲਾਮਾ ਇਕਬਾਲ ਟਾਊਨ, ਲਾਹੌਰ।
ਟੈਲੀਫ਼ੋਨ : 042-7443310, e-mail : afzaltoseef@yahoo.com

ਲਹਿੰਦੇ ਪੰਜਾਬ ਦੀ ਸਮਰੱਥ ਕਥਾਕਾਰਾ
**ਅਫ਼ਜ਼ਲ ਤੌਸੀਫ਼ ਦੀ**
ਸ਼ਾਹਮੁਖੀ ਅੱਖਰਾਂ ਵਿਚ ਪ੍ਰਕਾਸ਼ਤ ਕਥਾ ਪੁਸਤਕ
**ਅਮਨ ਵੇਲੇ ਮਿਲਾਂਗੇ** ਦਾ ਗੁਰਮੁਖੀ ਰੂਪ
**ਜੇਬ ਕਤਰੇ**
ਚੇਤਨਾ ਪ੍ਰਕਾਸ਼ਨ, ਲੁਧਿਆਣਾ ਵੱਲੋਂ ਛਾਪਿਆ ਜਾ ਰਿਹਾ ਹੈ।
ਸੰਪਾਦਕ : **ਅਜਮੇਰ ਸਿੱਧੂ**
ਲਿਪੀਅੰਤਰ : **ਤਲਵਿੰਦਰ ਸਿੰਘ, ਪਾਲ ਸਿੰਘ ਵੱਲਾ**

## – ਜੰਮੂਆਂ ਵਾਲਾ ਬਾਬਾ

ਆਸ਼ਿਕ –

ਜੰਮੂਆਂ ਵਾਲਾ ਬਾਬਾ...ਆਲ ਦਵਾਲੇ ਦੇ ਸਾਰੇ ਬਾਲ ਉਹਨੂੰ ਇੰਜ ਈ ਬੁਲਾਂਵਦੇ ਸਨ। ਉਹ ਚਾਰ ਕਨਾਲਾਂ ਦੀ ਕੋਠੀ ਵਿਚ ਕਲਮ 'ਕੱਲਾ ਰਹਿੰਦਾ ਸੀ। ਕੋਠੀ ਵਿਚ ਵੰਨ-ਸੁਵੰਨੇ ਫੁੱਲ ਬੂਟੇ ਤੇ ਫਲਾਂ ਦੇ ਰੁੱਖ ਉੱਗੇ ਹੋਏ ਸਨ। ਬਾਬਾ ਸਾਰਾ ਦਿਨ ਇਹਨਾਂ ਬੂਟਿਆਂ ਦੀ ਸੇਵਾ ਕਰਦਾ ਰਹਿੰਦਾ ਤੇ ਰਾਤ ਨੂੰ ਥੱਕ ਟੁੱਟ ਕੇ ਇੰਜ ਮੰਜੀ 'ਤੇ ਡਿੱਗਦਾ ਜਿਵੇਂ ਉਹਨੂੰ ਗਸ਼ ਪੈ ਗਿਆ ਹੋਵੇ। ਉਹਦੀ ਉਮਰ ਕੋਈ ਘੱਟੋ ਘੱਟ ਸੱਤਰ ਸਾਲ ਤੇ ਹੋਵੇਗੀ ਪਰ ਅਜੇ ਵੀ ਉਹ ਸਿੱਧਾ ਤੀਰ ਵਾਂਗੂ ਖਲੋਂਵਦਾ ਸੀ ਤੇ ਬੜੇ ਮਜ਼ੇ ਨਾਲ ਪੈਰਾਂ ਭਾਰ ਬੈਠ ਕੇ ਰੁੱਖਾਂ ਦੀਆਂ ਜੜ੍ਹਾਂ ਵਿਚ ਗੋਡੀ ਕਰਦਾ ਸੀ। ਕੋਠੀ ਦੇ ਰੁੱਖਾਂ ਨੂੰ ਜਿਹੜਾ ਵੀ ਫੁੱਲ ਫਲ ਲੱਗਦਾ, ਉਹ ਆਲ ਦਵਾਲੇ ਦੇ ਬਾਲਾਂ ਦਾ ਹੱਕ ਸੀ। ਕੋਈ ਵੀ ਵੱਡਾ ਕੋਠੀ ਵਿਚ ਨਹੀਂ ਸੀ ਵੜ ਸਕਦਾ।

ਬਾਬਾ ਦੁਨੀਆ ਵਿਚ 'ਕੱਲਾ ਨਹੀਂ ਸੀ। ਉਹਦੇ ਧੀਆਂ ਪੁੱਤਰ ਤੇ ਅੱਗੋਂ ਦੋਹਤਰੇ ਪੋਤਰੇ ਵੀ ਹੈ ਸਨ ਪਰ ਉਹ ਸਮੁੰਦਰੋਂ ਪਾਰ ਕਿਸੇ ਦੂਰ ਦੇਸ ਦੇ ਵਾਸੀ ਸਨ ਤੇ ਬੜੇ ਚਿਰਾਂ ਤੋਂ ਮੁੜ ਕੇ ਨਹੀਂ ਸਨ ਪਰਤੇ। ਉਹਨਾਂ ਨੇ ਤੇ ਬਾਬੇ ਨੂੰ ਆਪਣੇ ਕੋਲ ਬਲਾਵਣ ਤੇ ਰੱਖਣ ਲਈ ਬੜਾ ਟਿੱਲ ਲਾਇਆ ਸੀ ਪਰ ਬਾਬੇ ਨੇ ਇਹ ਸੁਝਾਅ ਉੱਕਾ ਹੀ ਨਹੀਂ ਸੀ ਕਬੂਲਿਆ। ਉਹ ਕਿਸੇ ਵੀ ਹਾਲ ਵਿਚ ਆਪਣਾ ਜੱਦੀ ਸ਼ਹਿਰ ਛੱਡਣ ਲਈ ਤਿਆਰ ਨਹੀਂ ਸੀ।

ਉਹਨੂੰ ਕੱਲਮ-'ਕੱਲਿਆਂ ਰਹਿਣ ਦੀ ਜਾਚ ਆ ਗਈ ਸੀ। ਸਗੋਂ ਕਹਿਣਾ ਚਾਹੀਦਾ ਏ ਹੁਣ ਉਹਨੂੰ ਬੰਦੇ ਲਾਗ ਹੋ ਗਈ ਸੀ। ਜੇ ਕਦੀ ਉਹਨੂੰ ਕਿਸੇ ਬੰਦੇ ਨਾਲ ਕੋਈ ਜ਼ਰੂਰੀ ਕੰਮ ਵੀ ਪੈਂਦਾ ਤਦ ਵੀ ਉਹ ਛੇਤੀ ਤੋਂ ਛੇਤੀ ਵਿਹਲਾ ਹੋਣ ਦਾ ਚਾਰਾ ਕਰਦਾ ਤੇ ਆਪਣੀ 'ਕੱਲਮ 'ਕੱਲੀ ਦੁਨੀਆ ਵਿਚ ਪਰਤ ਜਾਂਦਾ। ਬਾਬੇ ਦੇ ਉੱਗੇ ਹੋਏ ਸਭਨਾਂ ਰੁੱਖਾਂ ਨੂੰ ਆਪਣੇ ਆਪਣੇ ਵੇਲੇ, ਕੁਦਰਤ ਵੱਲੋਂ ਮਿੱਥੇ ਹੋਏ ਵੇਲੇ ਸਿਰ ਫੁੱਲ ਤੇ ਫਲ ਲੱਗਦੇ ਸਨ ਪਰ ਉਹ ਇਕ ਰੁੱਖ ਲਈ ਬੜਾ ਦੁਖੀ ਸੀ। ਇਹ ਇਕ ਜੰਮੂ ਦਾ ਰੁੱਖ ਸੀ। ਜਵਾਨ ਰੁੱਖ, ਜਿਹਦੀ ਉਠਾਣ ਕਿਸੇ ਵੀ ਦੂਜੇ ਬੂਟੇ ਨਾਲੋਂ ਘੱਟ ਨਹੀਂ ਸੀ। ਹੁਣ ਉਹ ਛੇ ਵਰ੍ਹਿਆਂ ਦਾ ਹੋ ਗਿਆ ਸੀ ਪਰ ਅਜੇ ਤੀਕਰ ਉਹਨੂੰ ਫਲ ਤੇ ਦੂਰ ਦੀ ਗੱਲ ਏ, ਬੂਰ ਵੀ ਨਹੀਂ ਸੀ ਪਿਆ।

ਬਾਬਾ ਅਠਵਾਰੇ ਦੇ ਅਠਵਾਰੇ ਕੋਠੀ ਨੂੰ ਜਿੰਦਰਾ ਮਾਰ ਕੇ ਪੁਰਾਣੇ ਲਾਹੌਰ ਵੱਲ ਨਿਕਲ ਜਾਂਦਾ। ਉਥੇ ਉਹ ਹਮੇਸ਼ਾ ਇਕੋ ਈ ਇਲਾਕੇ ਵਿਚ ਜਾਂਦਾ। ਇਧਰ ਓਧਰ ਫਿਰਦਾ, ਪੁਰਾਣੇ



ਵਾਕਫ਼ਾਂ ਨਾਲ ਧੜੇਬਾਜ਼ੀ ਕਰਦਾ ਤੇ ਦੋ ਤਿੰਨ ਘੰਟਿਆਂ ਬਾਅਦ ਵਾਪਸ ਕੋਠੀ ਅੱਪੜ ਜਾਂਦਾ। ਪਿਛਲੇ ਅਣਗਿਣਤ ਵਰ੍ਹਿਆਂ ਤੋਂ ਬਾਬਾ ਇੰਜ ਈ ਕਰਦਾ ਪਿਆ ਸੀ। ਐਦਕੀਂ ਜਦੋਂ ਜੰਮੂ ਪੂਰੇ ਛੇ ਵਰ੍ਹਿਆਂ ਦਾ ਹੋ ਗਿਆ ਤੇ ਫੇਰ ਵੀ ਉਹਨੂੰ ਬੂਰ ਨਾ ਲੱਗਾ ਤਾਂ ਫੇਰ ਬਾਬੇ ਨੇ ਆਪਣੇ ਏਸ ਮਿਥੇ ਹੋਏ ਪ੍ਰੋਗਰਾਮ ਵਿਚ ਇਕ ਨਿੱਕੀ ਜਿਹੀ ਤਬਦੀਲੀ ਕੀਤੀ। ਪੁਰਾਣੇ ਸ਼ਹਿਰ ਦੀ ਸੈਰ ਤੋਂ ਵਿਹਲਿਆਂ ਹੋ ਕੇ ਬਾਬਾ ਬੰਨ੍ਹ ਪਾਰ ਇਕ ਵੱਡੀ ਨਰਸਰੀ ਜਾ ਅੱਪੜਿਆ। ਉਹਦੀ ਕੋਠੀ ਵਿਚ ਲੱਗੇ ਹੋਏ ਫੁੱਲਾਂ ਤੇ ਫਲਾਂ ਦੇ ਸਾਰੇ ਬੂਟੇ ਤੇ ਰੁੱਖ ਇਥੋਂ ਈ ਗਏ ਸਨ ਤੇ ਇੰਜ ਨਰਸਰੀ ਦਾ ਮਾਲਕ ਜਿਹੜਾ ਹਰ ਬੂਟੇ ਦੀ ਰਗ ਰਗ ਦਾ ਜਾਣੂ ਸੀ, ਕਿਸੇ ਹੱਦ ਤੀਕਰ ਬਾਬੇ ਦਾ ਬੇਲੀ ਬਣ ਗਿਆ ਸੀ। ਬਾਬੇ ਨੇ ਆਪਣੇ ਜੰਮੂ ਦੇ ਅਫਲ ਹੋਵਣ ਦੀ ਸਾਰੀ ਕਥਾ ਨਰਸਰੀ ਵਾਲੇ ਨੂੰ ਸੁਣਾਈ। ਨਰਸਰੀ ਵਾਲਾ ਹੱਸਿਆ ਤੇ ਆਖਣ ਲੱਗਾ, "ਬਾਬਾ ਜੀ ਇਹ ਜੰਮੂ ਏ, ਜਿਹਨੂੰ ਲੱਗੇ ਉਹਨੂੰ ਆਪਣੇ ਰੰਗ ਵਿਚ ਰੰਗ ਦੇਵੇ। ਇਹਨੂੰ ਇੰਜ ਫਲ ਨਹੀਂ ਲੱਗਦਾ ਹੋਂਵਦਾ। ਇਹਦੇ ਆਪਣੇ ਨਖ਼ਰੇ ਤੇ ਲੋੜਾਂ ਨੇ। ਇਹਦੇ ਤਣੇ ਉੱਤੇ ਕੱਟ ਲਾਵਣੇ ਪੈਂਦੇ ਨੇ। ਫੇਰ ਇਹਨਾਂ ਕੱਟਾਂ ਉੱਤੇ ਲੂਣ ਰਲੇ ਕੋਸੇ ਪਾਣੀ ਦੇ ਛਿੱਟੇ ਮਾਰਨੇ ਪੈਂਦੇ ਨੇ ਤੇ ਫੇਰ ਇਹਦੀਆਂ ਜੜ੍ਹਾਂ ਵਿਚ ਕਿਸੇ ਸੁਹਾਗਣ ਦੇ ਗਹਿਣਿਆਂ ਦੇ ਧੋਣ ਦਾ ਪਾਣੀ ਪਾਣਾ ਪੈਂਦਾ ਏ ਤਾਂ ਕਿਧਰੇ ਜਾ ਕੇ ਇਹ ਰੁੱਖ ਫਲ ਦੇਂਦਾ ਏ। ਇਹ ਪੱਕੇ ਰੰਗ ਵਾਲਾ ਤੇ ਛੇਤੀ ਚੜ੍ਹਨ ਵਾਲੇ ਰੰਗ ਦਾ ਫਲ ਏ ਤੇ ਸੌਖੇ ਕੀਤਿਆਂ ਨਹੀਂ ਲੱਗਦਾ।"

ਬਾਬੇ ਨੇ ਆਪਣੇ ਪੁਰਾਣੇ ਬੇਲੀ ਨਾਲ ਕੁਝ ਗੱਪਾਂ ਸ਼ੱਪਾਂ ਮਾਰੀਆਂ ਤੇ ਵਾਪਸ ਆਪਣੀ ਦੁਨੀਆ ਵਿਚ ਪਰਤ ਆਇਆ। ਉਹਨੂੰ ਇੰਜ ਲੱਗਦਾ ਜਿਵੇਂ ਕੋਠੀ ਦੇ ਸਾਰੇ ਰੁੱਖ ਉਹਦੀ ਉਡੀਕ ਵਿਚ ਦੁਖੀ ਦੁਖੀ ਸਨ। ਬਾਬਾ ਉਡੀਕ ਦੇ ਦੁੱਖ ਦਾ ਚੰਗੀ ਤਰ੍ਹਾਂ ਜਾਣੂ ਸੀ।

ਫੇਰ ਉਹਨੇ ਅੰਦਰੋਂ ਛੜੀ ਲਿਆਂਦੀ। ਜੰਮੂ ਦੇ ਮੁੱਢੋਂ ਸ਼ੁਰੂ ਹੋਇਆ ਤੇ ਜਿਥੋਂ ਤੀਕਰ ਉਹਦੇ ਹੱਥ ਅੱਪੜ ਸਕਦੇ ਸਨ, ਉਥੋਂ ਤੀਕਰ ਜੰਮੂ ਦੇ ਤਣੇ ਉੱਤੇ ਟੱਕ ਲਾਂਦਾ ਗਿਆ। ਏਸ ਕੰਮ ਤੋਂ ਵਿਹਲਿਆਂ ਹੋ ਕੇ ਉਹਨੇ ਝੱਟ ਕੁ ਸਾਹ ਲਿਆ। ਅੰਦਰੋਂ ਸੂਈ ਗੈਸ ਦਾ ਚੁੱਲ੍ਹਾ ਬਾਲ ਕੇ ਪਤੀਲੀ ਭਰ ਕੇ ਪਾਣੀ ਕੋਸਾ ਕੀਤਾ। ਉਹਦੇ ਵਿਚ ਲੂਣ ਦੀ ਚਮਚੀ ਘੋਰੀ ਤੇ ਫੇਰ ਇਹ ਕੋਸਾ ਪਾਣੀ ਲਿਆ ਕੇ ਜੰਮੂ ਦੇ "ਫੱਟਾਂ" ਉੱਤੇ ਛਿੱਟੇ ਮਾਰੇ। ਉਹਦੇ ਮਗਰੋਂ ਇਕ ਸੇਫ਼ ਖੋਹਲ ਕੇ ਆਪਣੀ ਘਰ ਵਾਲੀ ਦੀਆਂ ਟੂੰਬਾਂ ਕੱਢੀਆਂ। ਇਹ ਉਹਨੇ ਮਰਨ ਵਾਲੀ ਦੀ ਨਿਸ਼ਾਨੀ ਕਰਕੇ ਰੱਖੀਆਂ ਹੋਈਆਂ ਸਨ। ਇਕ ਹੋਰ ਪਤੀਲੀ ਪਾਣੀ ਦੀ ਭਰ ਕੇ ਉਹਦੇ ਵਿਚ ਇਹ ਟੂੰਬਾਂ ਚੰਗੀ ਤਰ੍ਹਾਂ ਧੋਤੀਆਂ ਤੇ ਫੇਰ ਟੂੰਬਾਂ ਦੀ ਏਸ ਧੋਣ ਦੇ ਬੜੇ ਪਿਆਰ ਨਾਲ ਜੰਮੂ ਦੇ ਮੁੱਢ ਦਵਾਲੇ ਦੀ ਭੋਏਂ ਉੱਤੇ ਛਿੱਟੇ ਮਾਰੇ। ਉਹਨੇ ਸੋਚਿਆ ਪਈ ਪਾਣੀ ਆਪੇ ਈ ਮਿੱਟੀ ਰਾਹੀਂ ਜਜ਼ਬ ਹੋ ਕੇ ਜੜ੍ਹਾਂ ਤੀਕਰ ਅੱਪੜ ਜਾਏਗਾ।

ਆਉਂਦੇ ਵਰ੍ਹੇ ਦੇ ਮਈ ਜੂਨ ਤੇ ਫੇਰ ਜੁਲਾਈ ਵੀ ਲੰਘ ਗਈ ਪਰ ਜੰਮੂ ਨੂੰ ਬੂਰ ਨਾ ਪਿਆ। ਬਾਬਾ ਇਕ ਵਾਰੀ ਫੇਰ ਆਪਣੇ ਨਰਸਰੀ ਵਾਲੇ ਬੇਲੀ ਕੋਲ ਜਾ ਅੱਪੜਿਆ, ਜਿਹਨੂੰ ਉਹ "ਬਾਊ ਜੀ" ਬੁਲਾਂਦਾ ਸੀ। ਉਹਨੇ ਬਾਊ ਜੀ ਨੂੰ ਸਾਰੀ ਕਥਾ ਸੁਣਾਈ। ਬਾਊ ਹੱਸਿਆ ਤੇ ਆਖਣ ਲੱਗਾ, "ਭੋਲੇ ਬਾਦਸ਼ਾਹੋ, ਇਹ ਤੁਹਾਡੇ ਵੱਸ ਦਾ ਕੰਮ ਨਹੀਂ। ਸਾਨੂੰ ਈ ਕੁਝ ਕਰਨਾ ਪਵੇਗਾ।" ਫੇਰ ਉਹਨੇ ਆਵਾਜ਼ ਮਾਰੀ, "ਓਏ ਜੈਦਿਆ, ਛੇਤੀ ਏਧਰ ਆ ਜਾ।" ਅਠਾਰ੍ਹਾਂ ਵੀਹਾਂ ਵਰ੍ਹਿਆਂ ਦਾ ਇਕ ਗੱਭਰੂ ਭੱਜ ਕੇ ਬਾਵਾ ਹੁਰਾਂ ਕੋਲ ਆਣ ਖਲੋਤਾ। ਬਾਊ ਆਖਣ ਲੱਗਾ, "ਬਾਕੀ ਸਾਰੇ ਕੰਮ ਛੱਡ। ਉਥੋਂ ਕੁਹਾੜੀ ਚੁੱਕ ਕੇ ਬਾਬੇ ਹੁਰਾਂ ਦੇ ਨਾਲ ਜਾ। ਇਹਨਾਂ ਦੇ ਜੰਮੂ ਨੂੰ ਐਦਕੀਂ ਵੀ ਬੂਰ ਨਹੀਂ ਪਿਆ। ਅਗਲਾ ਸਾਲ ਖ਼ਾਲੀ ਨਹੀਂ ਜਾਣਾ ਚਾਹੀਦਾ। ਇਹ ਕਿਰਾਇਆ ਮੇਰੇ ਕੋਲੋਂ ਫੜ, ਬਾਬੇ ਹੁਰਾਂ ਕੋਲੋਂ ਕੁਝ ਨਹੀਂ ਲੈਣਾ। ਇਹ ਸਾਡੇ ਬੜੇ ਪੁਰਾਣੇ

ਸੱਜਣ ਤੇ ਬੇਲੀ ਨੇ।" ਜਵਾਨ ਨੇ ਕੁਹਾੜੀ ਮੋਢੇ ਉੱਤੇ ਰੱਖੀ ਤੇ ਆਖਿਆ "ਚਲੋ ਬਾਬਾ ਜੀ!" ਬਾਬਾ ਕੁਹਾੜੀ ਵੇਖ ਕੇ ਹੈਰਾਨ ਤੇ ਹੋਇਆ ਪਰ ਮੂੰਹੋਂ ਕੁਝ ਨਾ ਬੋਲਿਆ ਤੇ ਫੇਰ ਮਾਲੀ ਮੁੰਡਾ ਤੇ ਬਾਬਾ ਕੋਠੀ ਅੱਪੜ ਗਏ। ਉਥੇ ਜੈਦੇ ਨੇ ਜੰਮੂ ਦੇ ਆਲ ਦਵਾਲੇ ਫਿਰ ਕੇ ਉਹਨੂੰ ਚੰਗੀ ਤਰ੍ਹਾਂ ਵਾਚਿਆ ਤੇ ਆਖਣ ਲੱਗਾ, "ਬਾਬਾ ਜੀ ਇਹ ਕੱਟ ਲਾਏ ਜੇ ? ਇਹ ਤੇ ਝਰੀਟਾਂ ਨੇ।" ਫੇਰ ਉਹਨੇ ਇਕ ਕਦਮ ਪਿੱਛੇ ਹਟ ਕੇ ਆਪਣੇ ਹੱਥ ਥੁੱਕ ਨਾਲ ਗਿੱਲੇ ਕੀਤੇ, ਕੁਹਾੜੀ ਚੁੱਕੀ ਤੇ ਜੰਮੂ ਦੇ ਮੁੱਢ ਤੋਂ ਸ਼ੁਰੂ ਹੋ ਕੇ ਛੇ ਫੁੱਟ ਉੱਤੇ ਤੀਕਰ ਜੰਮੂ ਦੇ ਪੂਰੇ ਤਣੇ ਨੂੰ ਜ਼ੋਰਦਾਰ ਸੱਟਾਂ ਲਾ ਕੇ ਵੱਡੇ ਵੱਡੇ ਫੱਟ ਲਾ ਦਿੱਤੇ। ਬਾਬਾ ਡੌਰ ਭੌਰਾ ਖਲੋਤੇ ਦਾ ਖਲੋਤਾ ਰਹਿ ਗਿਆ। ਉਹਨੂੰ ਇੰਜ ਲੱਗਾ ਜਿਵੇਂ ਜੰਮੂ ਦੇ ਚਾਰੇ ਪਾਸੇ ਅਣਗਿਣਤ ਅੱਖੀਆਂ ਉਗਲ ਪਈਆਂ ਹੋਵਣ। ਖੁੱਲ੍ਹੀਆਂ ਅੱਖਾਂ ਉਡੀਕਣਹਾਰ ਅੱਖਾਂ। ਜਿਹੜੀਆਂ ਉਡੀਕ ਵਿਚ ਝਮਕਣ ਭੁੱਲ ਗਈਆਂ ਹੋਵਣ। ਬਾਬੇ ਨੇ ਮੁੰਡੇ ਨੂੰ ਆਖਿਆ "ਯਾਰ, ਤੂੰ ਤੇ ਮੇਰੇ ਜੰਮੂ ਦੇ ਛੌਡੇ ਈ ਲਾਹ ਦਿੱਤੇ ਨੇ। ਮੈਨੂੰ ਡਰ ਏ ਕਿਧਰੇ ਇਹ ਸੁੱਕ ਈ ਨਾ ਜਾਵੇ।" ਮੁੰਡਾ ਹੱਸਿਆ ਤੇ ਆਖਣ ਲੱਗਾ, "ਬਾਬਾ ਜੀ! ਇਹ ਜੰਮੂ ਏ। ਜਦੋਂ ਤੀਕਰ ਚੰਗੀ ਤਰ੍ਹਾਂ ਫੱਟੜ ਨਾ ਹੋਵੇ, ਫਲ ਨਹੀਂ ਦੇਂਦਾ। ਤੁਸੀਂ ਬੇਫ਼ਿਕਰ ਹੋ ਜਾਵੋ। ਆਂਵਦੇ ਵਰ੍ਹੇ ਇਹਨੂੰ ਫਲ ਲੱਗੇ ਈ ਲੱਗੇ। ਬਸ ਤੁਸੀਂ ਇਹਦੇ ਫੱਟਾਂ ਉੱਤੇ ਲੂਣ ਵਾਲਾ ਕੋਸਾ ਪਾਣੀ ਤੇ ਇਹਦੀਆਂ ਜੜ੍ਹਾਂ ਵਿਚ ਸੁਹਾਗਣ ਦੇ ਗਹਿਣਿਆਂ ਦੀ ਧੋਣ ਦਾ ਪਾਣੀ ਛਿੜਕਣਾ ਨਾ ਭੁੱਲਣਾ। ਅੱਛਾ ਰੱਬ ਰਾਖਾ।"

ਮੁੰਡਾ ਤੇ ਚਲਾ ਗਿਆ ਪਰ ਬਾਬਾ ਆਪਣੇ ਜੰਮੂ ਦੀ ਹਾਲਤ ਵੇਖ ਕੇ ਰੋਣ ਹਾਕਾ ਹੋ ਗਿਆ। ਉਹਦੇ ਕੰਨਾਂ ਵਿਚ ਜਿਵੇਂ ਕੋਈ ਗਾਂਵਦਾ ਪਿਆ ਸੀ। "ਜਿੰਨੀਆਂ ਤਨ ਮੇਰੇ 'ਤੇ ਲੱਗੀਆਂ, ਤੈਨੂੰ ਇਕ ਲੱਗੇ ਤੇ ਤੂੰ ਜਾਣੇ।" ਬਾਬੇ ਵਿਚ ਆਪਣੇ ਫੱਟੜ ਜੰਮੂ ਵੱਲੇ ਵੇਖਣ ਦੀ ਹਿੰਮਤ ਨਹੀਂ ਸੀ ਰਹਿ ਗਈ। ਉਹਨੂੰ ਘੜੀ ਮੁੜੀ ਜੰਮੂ ਦੇ ਫੱਟਾਂ ਉੱਤੇ ਉਡੀਕਦੀਆਂ ਹੋਈਆਂ ਅੱਖੀਆਂ ਦਾ ਭੁਲੇਖਾ ਪੈਂਦਾ ਸੀ। ਬਾਬਾ ਜੰਮੂ ਉੱਤੇ ਲੂਣ ਵਾਲਾ ਕੋਸਾ ਪਾਣੀ ਛਿੜਕਣਾ ਤੇ ਦੂਰ ਦੀ ਗੱਲ, ਕਈ ਦਿਹਾੜੇ ਜੰਮੂ ਵਾਲੇ ਪਾਸੇ ਈ ਨਹੀਂ ਗਿਆ। ਉਹ ਆਪਣੇ ਜੰਮੂ ਲਈ ਦੁਖੀ ਸੀ ਤੇ ਉਹਦੇ ਤਨ 'ਤੇ ਲੱਗੀਆਂ ਹੋਈਆਂ ਕੁਹਾੜੀ ਦੀਆਂ ਸੱਟਾਂ ਤੇ ਫੱਟਾਂ ਲਈ ਹੋਰ ਵੀ ਦੁਖੀ ਸੀ। ਤਿੰਨ ਚਾਰ ਦਿਨ ਮਗਰੋਂ ਉਹਨੇ ਸੋਚਿਆ ਜਿਥੇ ਜੰਮੂ ਨਾਲ ਐਨਾ ਕੁਝ ਹੋ ਗਿਆ ਏ, ਬਾਕੀ ਵੀ ਸਹੀ। ਫੇਰ ਉਹਨੇ ਕੰਧ ਨਾਲ ਲੱਗਾ ਖਲੋਤਾ ਚੂਹਾ ਰੰਬਾ ਚੁੱਕਿਆ ਤੇ ਜੰਮੂ ਦੇ ਮੁੱਢ ਲਾਗੇ ਬਹਿ ਕੇ ਬੜੇ ਸਹਿਜ ਸਹਿਜ ਚੂਹੇ ਰੰਬੇ ਨਾਲ ਗੋਡੀ ਕਰਨ ਲੱਗ ਪਿਆ।

ਫੇਰ ਉਹਨੇ ਨਰਮ ਮਿੱਟੀ ਚੁੱਕ ਕੇ ਇਕ ਪਾਸੇ ਢੇਰ ਲਾ ਦਿੱਤਾ। ਹੁਣ ਜੰਮੂ ਦੀਆਂ ਜੜ੍ਹਾਂ ਨੰਗੀਆਂ ਹੋ ਗਈਆਂ ਸਨ। ਬਾਬੇ ਨੇ ਚੰਗੀ ਤਰ੍ਹਾਂ ਜੜ੍ਹਾਂ 'ਚੋਂ ਮਿੱਟੀ ਕੱਢੀ ਤੇ ਫੇਰ ਜੜ੍ਹਾਂ ਦਾ ਜਾਲ, ਜਿਹੜਾ ਜੜ੍ਹਾਂ ਦੇ ਇਕ ਦੂਜੇ ਨਾਲ ਜੁੜਨ ਦਾ ਕਰਕੇ ਬਣ ਗਿਆ ਸੀ, ਖੋਲ੍ਹਿਆ। ਹੁਣ ਸਭੇ ਜੜ੍ਹਾਂ ਵੱਖ ਵੱਖ ਹੋ ਗਈਆਂ ਸਨ। ਫੇਰ ਉਹ ਉੱਠ ਕੇ ਆਪਣੇ ਉਸ ਕੱਲਮ 'ਕੱਲੇ ਕਮਰੇ ਵਿਚ ਗਿਆ, ਜਿਹੜਾ ਉਹਦੀ ਵਰਤੋਂ ਵਿਚ ਸੀ। ਬਾਕੀ ਸਭਨਾਂ ਕਮਰਿਆਂ ਨੂੰ ਜਿੰਦਰੇ ਵੱਜੇ ਹੋਏ ਸਨ। ਏਥੇ ਬਾਬੇ ਨੇ ਲੋਹੇ ਦੀ ਇਕ ਅਲਮਾਰੀ ਖੋਲ੍ਹੀ। ਫੇਰ ਉਹਦਾ ਸੇਫ ਖੋਲ੍ਹਿਆ। ਸੇਫ ਵਿਚੋਂ ਚਮੜੇ ਦੀ ਇਕ ਥੈਲੀ ਕੱਢੀ ਤੇ ਥੈਲੀ ਦੀ ਡੋਰੀ ਖੋਲ੍ਹ ਕੇ ਉਹਨੂੰ ਭੋਏਂ ਉੱਤੇ ਮੂਧਾ ਕੀਤਾ। ਥੈਲੀ ਵਿਚੋਂ ਇਕ ਨੱਥੀ ਭੋਏਂ 'ਤੇ ਡਿੱਗ ਪਈ। ਚਾਂਦੀ ਦੀ ਨੱਥੀ ਐਵੇਂ ਪਤਲੀ ਜਿਹੀ ਤਾਰ ਦੀ ਬਣੀ ਹੋਈ ਨੱਥ ਜਿਸ ਵਿਚਕਾਰ ਇਕ ਹਰੇ ਕਚੂਰ ਰੰਗ ਦਾ ਮੋਤੀ ਪਰੁਚਿਆ ਹੋਇਆ ਸੀ। ਫੇਰ ਉਹਨੂੰ ਚੁੰਮਿਆ ਤੇ ਹਉਕਾ ਭਰ ਕੇ ਉੱਠ ਖਲੋਤਾ। ਬਾਬਾ ਇਕ ਵਾਰੀ ਫੇਰ ਜੰਮੂ ਦੇ ਮੁੱਢ ਲਾਗੇ ਜਾ ਬੈਠਾ। ਉਹਨੇ ਜੰਮੂ ਦੀਆਂ ਕਈ ਜੜ੍ਹਾਂ ਹੱਥ ਵਿਚ ਫੜ ਕੇ ਪੋਖੀਆਂ। ਫੇਰ ਜਿਵੇਂ



ਉਹਨੂੰ ਇਕ ਜੜ੍ਹ ਪਸੰਦ ਆ ਗਈ। ਉਹਨੇ ਇਹ ਜੜ੍ਹ ਇੰਜ ਪਿਆਰ ਨਾਲ ਆਪਣੇ ਹੱਥ ਵਿਚ ਫੜੀ ਜਿਵੇਂ ਕਿਸੇ ਨੇ ਮੁੰਦਰੀ ਪਾਉਣ ਲਈ ਆਪਣੀ ਮੰਗ ਦਾ ਹੱਥ ਫੜਿਆ ਹੋਵੇ। ਫੇਰ ਉਹਨੇ ਇਹ ਹਰੇ ਰੰਗ ਦੇ ਮੋਤੀ ਵਾਲੀ ਨੱਥੀ ਜਿਹੜੀ ਬਰੀਕ ਚਾਂਦੀ ਦੀ ਤਾਰ ਦੀ ਬਣੀ ਹੋਈ ਸੀ ਤੇ ਜਿਸ ਵਿਚ ਪਰੋਇਆ ਹੋਇਆ ਮੋਤੀ ਅੱਥਰੂ ਜਿੱਡਾ ਸੀ। ਹੌਲੀ ਹੌਲੀ ਜੜ੍ਹ ਨੂੰ ਇੰਜ ਪਾ ਦਿੱਤਾ ਜਿਵੇਂ ਮੁੰਦਰੀ ਪਾਈ ਦੀ ਏ ਤੇ ਉਦੋਂ ਤੀਕਰ ਅੱਗੇ ਲਈ ਗਿਆ, ਜਦੋਂ ਤੀਕਰ ਨੱਥੀ ਜੜ੍ਹ ਉੱਤੇ ਫਿਟ ਨਾ ਬੈਠ ਗਈ। ਇਕ ਵਾਰੀ ਫੇਰ ਬਾਬਾ ਪੈਰਾਂ ਭਾਰ ਬਹਿ ਕੇ ਵਾਹਵਾ ਕਿੰਨੇ ਚਿਰ ਤੀਕਰ ਨਥਲੀ ਵੇਖਦਾ ਰਿਹਾ। ਫੇਰ ਉਹਨੇ ਇਕ ਲੰਮਾ ਹਉਕਾ ਭਰਿਆ ਤੇ ਪੁੱਟੀ ਹੋਈ ਮਿੱਟੀ ਵਾਪਸ ਜੜ੍ਹਾਂ ਵਾਲੇ ਟੋਏ ਵਿਚ ਇੰਜ ਭਰਨੀ ਸ਼ੁਰੂ ਕੀਤੀ ਜਿਵੇਂ ਕੋਈ ਆਪਣੇ ਕਿਸੇ ਸੱਜਣ ਦੀ ਕਬਰ 'ਤੇ ਪਾਂਵਦਾ ਹੋਵੇ। ਸਾਰੀ ਮਿੱਟੀ ਪਾਵਣ ਮਗਰੋਂ ਬਾਬੇ ਨੇ ਜੰਮੂ ਦੇ ਮੁੱਢ ਦਵਾਲੇ ਚੰਗੀ ਤਰ੍ਹਾਂ ਪਾਣੀ ਤਰੋਂਕਿਆ ਤੇ ਨਿਢਾਲ ਜਿਹਾ ਹੋ ਕੇ ਜੰਮੂ ਦੀ ਦੁਸਾਂਗੀ ਉੱਤੇ ਜਿਹੜੀ ਮੁੱਢ ਤੋਂ ਕੋਈ ਪੰਜ ਫੁੱਟ ਉਤਾਂਹ ਦੋ ਟਹਿਣ ਪੁੰਗਰਣ ਦਾ ਕਰਕੇ ਬਣੀ ਹੋਈ ਸੀ, ਆਪਣਾ ਸਿਰ ਟਿਕਾਇਆ ਤੇ ਫੇਰ ਜਿਵੇਂ ਉਹਨੂੰ ਪੁਰਾਣੀਆਂ ਯਾਦਾਂ ਦਾ ਝੋਰਾ ਪੈ ਗਿਆ ਹੋਵੇ। ਉਹ ਸਭੇ ਯਾਦਾਂ ਤੇ ਚੇਤੇ ਹੁੰਮ ਹੁਮਾ ਕੇ ਉਹਦੇ ਉੱਤੇ ਆਣ ਚੜ੍ਹੇ, ਜਿਹਨਾਂ ਤੋਂ ਜਾਨ ਛਡਾਵਣ ਲਈ ਉਹ ਸਾਰਾ ਦਿਨ ਬਾਗ਼ ਦੇ ਫੁੱਲ ਬੂਟਿਆਂ ਦੀ ਸੇਵਾ ਵਿਚ ਰੁੱਝਾ ਰਹਿੰਦਾ ਸੀ। ਪਰ ਅੱਜ ਲੱਗਦਾ ਸੀ ਜਿਵੇਂ ਸਾਰੇ ਬੰਨ੍ਹ ਤੇ ਰੋਕਾਂ ਟੁੱਟ ਗਈਆਂ ਹੋਵਣ। ਯਾਦਾਂ ਦਾ ਰੇਲਾ ਆਇਆ ਤੇ ਹੜ੍ਹ ਬਣ ਕੇ ਉਹਦੇ ਪੂਰੇ ਵਜੂਦ ਉੱਤੇ ਛਾ ਗਿਆ।

ਇਕ ਨਿੱਕਾ ਜਿਹਾ ਬਾਲ ਦਿਨ ਡੁੱਬਣ ਮਗਰੋਂ ਆਪਣੀ ਮਾਂ ਦੀ ਉਂਗਲੀ ਫੜ ਕੇ ਹਮਸਾਇਆਂ ਦੇ ਘਰ ਜਾਂਦਾ ਏ। ਉਥੇ ਇਕ ਕਮਰੇ ਅੰਦਰ ਤਾਂਬੀਏ ਵਿਚ ਗੋਹਿਆਂ ਦੀ ਅੱਗ ਧੁਖ਼ਦੀ ਪਈ ਏ ਤੇ ਕਮਰੇ ਵਿਚ ਇਕ ਖ਼ੁਸ਼ਬੋ ਜਿਹੀ ਖਿਲਰੀ ਹੋਈ ਏ ਜਿਹੜੀ ਬਾਲ ਵਾਸਤੇ ਇਕ ਨਵੀਂ ਸ਼ੈਅ ਸੀ। ਕਮਰੇ ਵਿਚ ਕੱਲਮ 'ਕੱਲੀ ਮੰਜੀ 'ਤੇ ਇਕ ਸਵਾਣੀ ਲੰਮੀ ਪਈ ਹੋਈ ਏ। ਉਹਦੇ ਸਿਰ 'ਤੇ ਪੱਟੀ ਬੱਧੀ ਹੋਈ ਏ। ਫੇਰ ਬਾਲ ਦੀ ਮਾਂ ਨੇ ਖੇਸ ਪਰ੍ਹੇ ਕੀਤਾ। ਬਿਸਤਰੇ ਉੱਤੇ ਨਿੱਕੀ ਜਿਹੀ ਗੁੱਡੀ ਵਰਗੀ ਸ਼ੈਅ ਪਈ ਹੋਈ ਸੀ ਪਰ ਇਹ ਜੀਂਵਦੀ ਜਾਗਦੀ ਗੁੱਡੀ ਸੀ। ਬਾਲਕ ਦੀ ਮਾਂ ਨੇ ਉਹਨੂੰ ਉਤਾਂਹ ਚੁੱਕ ਕੇ ਆਪਣੇ ਚਿਹਰੇ ਲਾਗੇ ਕੀਤਾ ਤੇ ਬੜੀ ਚੰਗੀ ਤਰ੍ਹਾਂ ਵੇਖ ਕੇ ਆਖਿਆ, "ਲੈ ਭੈਣਾਂ! ਹੁਣ ਆਪਣਾ ਵਾਇਦਾ ਨਾ ਭੁੱਲੀਂ। ਇਹ ਕਾਕੀ ਅੱਜ ਤੋਂ ਸਾਡੀ ਊ।" ਫੇਰ ਉਹਨੇ ਇਹ ਨਿੱਕੀ ਜਿਹੀ ਜੀਵਦੀ ਜਾਗਦੀ ਗੁੱਡੀ ਆਪਣੇ ਕੋਲ ਖਲੋਤੇ ਪੁੱਤਰ ਦੇ ਮੋਢੇ ਨਾਲ ਲਾ ਦਿੱਤੀ ਜਿਹਨੂੰ ਇਹ ਗੱਲ ਕੋਈ ਬਹੁਤੀ ਚੰਗੀ ਨਾ ਲੱਗੀ ਤੇ ਨਾਲੇ ਅਜੇ ਉਹ ਮਸਾਂ ਆਪਣੇ ਜੋਗਾ ਈ ਹੋਇਆ ਸੀ। ਦੂਜੇ ਬਾਲਕ ਨੂੰ ਸੰਭਾਲਣਾ ਅਜੇ ਉਹਦੇ ਵੱਸ ਦੀ ਗੱਲ ਨਹੀਂ ਸੀ।

ਇਹ ਸੀਨ ਆਵਣ ਵਾਲੇ ਵਕਤਾਂ ਵਿਚ ਬਾਲਕ ਨੂੰ ਹਮੇਸ਼ਾ ਚੇਤੇ ਰਿਹਾ।

ਫੇਰ ਉਹ ਵੇਲੇ ਦੇ ਨਾਲ ਨਾਲ ਵੱਡੀ ਹੁੰਦੀ ਗਈ। ਉਹ ਕੁੜੀ ਸਾਡੇ ਬਾਬੇ ਦੀ ਠੀਕਰੀ ਦੀ ਮੰਗ ਸੀ। ਬੜਾ ਸੋਹਣਾ ਜੋੜਾ ਸੀ। ਵੇਲਾ ਲੰਘਦਾ ਗਿਆ ਤੇ ਜਦੋਂ ਮੁੰਡਾ ਵੀਹਾਂ ਵਰ੍ਹਿਆਂ ਦਾ ਹੋਇਆ ਉਦੋਂ ਕੁੜੀ ਦੀ ਉਮਰ ਵੀ ਸੋਲ੍ਹਾਂ ਸਾਲਾਂ ਦੀ ਹੋ ਗਈ ਸੀ ਤੇ ਜਿਵੇਂ ਹੁੰਦਾ ਆਇਆ ਏ, ਕੁੜੀ ਦੇ ਸੋਲ੍ਹਾਂ ਵਰ੍ਹੇ ਮੁੰਡੇ ਦੇ ਵੀਹਾਂ ਵਰ੍ਹਿਆਂ ਤੇ ਈ ਭਾਰੇ ਨਹੀਂ ਸਨ ਸਗੋਂ ਕੁੜੀ 'ਤੇ ਵੀ ਭਾਰੇ ਸਨ। ਹੁਣ ਉਹਨਾਂ ਦੇ ਮਾਪੇ ਵਿਆਹ ਦੀਆਂ ਤਿਆਰੀਆਂ ਵਿਚ ਰੁਝੇ ਹੋਏ ਸਨ। ਪਰ ਇਹ ਕੰਮ ਕਦੀ ਵੀ ਸੌਖਾ ਨਹੀਂ ਹੁੰਦਾ। ਧਰਤੀ ਦੀਆਂ ਕੁਝ ਵੇਖੀਆਂ ਤੇ ਕੁਝ ਅਣਵੇਖੀਆਂ ਤਾਕਤਾਂ ਇੰਜ ਦੇ ਕੰਮ ਕਦੀ ਵੀ ਸੌਖਿਆਂ ਕਰਕੇ ਨਹੀਂ ਹੋਣ ਦੇਂਦੀਆਂ। ਏਥੇ ਵੀ ਇੰਜ ਈ ਹੋਇਆ।

ਉਹਨਾਂ ਦੇ ਵਿਆਹ ਵਿਚ ਮਸਾਂ ਕੁ ਇਕ ਮਹੀਨਾ ਬਾਕੀ ਸੀ ਜਦੋਂ ਅਨਹੋਣੀ ਵਰਤ ਗਈ।

ਹੋਇਆ ਇੰਜ ਪਈ ਕੁੜੀ ਦੀ ਮਾਂ ਦੇ ਦੂਰ ਦੇ ਰਿਸ਼ਤੇਦਾਰ ਜਿਹੜੇ ਸੱਤ ਸਮੁੰਦਰ ਪਾਰ ਗੋਰਿਆਂ ਦੇ ਦੇਸ ਦੇ ਵਾਸੀ ਸਨ, ਆਪਣੇ ਸੱਜਣ ਪਿਆਰਿਆਂ ਨੂੰ ਮਿਲਣ ਲਈ ਆਪਣੀ ਜੰਮਣ ਭੋਇੰ ਵੱਲ ਆਏ। ਉਹਨਾਂ ਨਾਲ ਇਕ ਜਵਾਨ ਮੁੰਡਾ ਵੀ ਸੀ ਜਿਹਦੀ ਸ਼ਕਲ ਵਜ੍ਹਾ ਕੁਝ ਹੋਰ ਤਰ੍ਹਾਂ ਦੀ ਸੀ ਜਿਵੇਂ ਕਿਸੇ ਚੰਗੀ ਭਲੀ ਸ਼ੈਅ ਨੂੰ ਆਪ ਆਪਣੀ ਮਰਜ਼ੀ ਤੇ ਆਪਣੇ ਕੰਮਾਂ ਨਾਲ ਵਿਗਾੜ ਦਿੱਤਾ ਹੋਵੇ। ਫੇਰ ਪਤਾ ਨਹੀਂ ਕੀ ਹੋਇਆ। ਇਕ ਸ਼ਾਮ ਨੂੰ ਕੁੜੀ ਦੇ ਪਿਉ ਨੇ ਆਪਣੀ ਇਹ ਵੱਡੀ ਧੀ ਉਸ ਵਲੈਤੀ ਮੁੰਡੇ ਨਾਲ ਨਿਕਾਹ ਦਿੱਤੀ। ਮੁੰਡੇ ਦੀ ਮਾਂ ਨੂੰ ਇਹ ਕਹਿ ਕੇ ਤਸੱਲੀ ਦਿੱਤੀ, "ਤੁਸੀਂ ਕੁੜੀ ਈ ਲੈਣੀ ਏ, ਹੋਰ ਦੋ ਸਾਲਾਂ ਨੂੰ ਨਿੱਕੀ ਜਵਾਨ ਹੋ ਜਾਵੇਗੀ। ਤੁਹਾਡਾ ਪੁੱਤਰ ਉਹਦੇ ਨਾਲ ਵਿਆਹ ਕਰ ਸਕਦਾ ਏ। ਸਾਡੇ ਵੱਲੋਂ ਗੱਲ ਪੱਕੀ ਸਮਝੋ।"

ਅਜੇ ਤੀਕਰ ਮੁੰਡੇ ਨੂੰ ਉਸ ਅੱਗ ਦੇ ਤਾਅ ਦਾ ਅੰਦਾਜ਼ਾ ਨਹੀਂ ਸੀ। ਹੁਣ ਉਹਨੂੰ ਪਤਾ ਲੱਗਾ ਪਈ ਉਹ ਕੁੜੀ ਉਹਦੇ ਵਜੂਦ ਦਾ ਕਿੰਨਾ ਜ਼ਰੂਰੀ ਹਿੱਸਾ ਏ। ਫੇਰ ਉਹ ਦਿਨ ਵੀ ਆ ਗਿਆ ਜਦੋਂ ਕੁੜੀ ਨੇ ਸੱਤ ਸਮੁੰਦਰ ਪਾਰ ਟੁਰ ਜਾਣਾ ਸੀ। ਉਸ ਦਿਨ ਫ਼ਜਰੇ ਫ਼ਜਰੇ ਉਹ ਲੁਕ ਕੇ ਮੁੰਡੇ ਦੇ ਘਰ ਆਈ। ਮੁੰਡਾ ਉਹਨੂੰ ਵੇਖ ਕੇ ਤ੍ਰਬਕ ਗਿਆ। ਉਹ ਕੁੜੀ, ਇੰਜ ਲੱਗਦਾ ਸੀ ਜਿਵੇਂ ਸ਼ਰਿੰਕ ਹੋ ਗਈ ਹੋਵੇ। ਉਹ ਹੈ ਤੇ ਉਹੋ ਸੀ ਪਰ ਇੰਜ ਲੱਗਦਾ ਸੀ ਜਿਵੇਂ ਕਿਸੇ ਨੇ ਉਹਨੂੰ ਸ਼ਿਕੰਜੇ ਵਿਚ ਕੱਸ ਕੇ ਛੋਟਾ ਕਰ ਦਿੱਤਾ ਹੋਵੇ। ਬਸ ਉਹਦੀਆਂ ਅੱਖਾਂ ਪੂਰੀ ਤਰ੍ਹਾਂ ਜੀਵਦੀਆਂ ਪਈਆਂ ਸਨ ਜਿਵੇਂ ਉਹਨਾਂ ਵਿਚ ਅੱਗ ਬਲਦੀ ਹੋਵੇ। ਉਹਨੇ ਮੂੰਹੋਂ ਕੁਝ ਵੀ ਨਹੀਂ ਸੀ ਆਖਿਆ। ਬਸ ਆਪਣੀ ਨਾਜ਼ੁਕ ਤੇ ਸੋਹਣੀ ਨੱਕ ਵਿਚੋਂ ਆਪਣੀ ਨਥਲੀ ਲਾਹੀ, ਨਥਲੀ ਵਿਚ ਇਕ ਨਿੱਕਾ ਜਿਹਾ ਹਰਾ ਕਚੂਰ ਮੋਤੀ ਪਰੁਚਿਆ ਹੋਇਆ ਸੀ। ਉਹਨੇ ਮੂੰਹ ਦੂਜੇ ਪਾਸੇ ਫੇਰ ਇਹ ਨਥਲੀ ਜਿਹੜੀ ਮਸ੍ਹਾਂ ਚਾਂਦੀ ਦੀ ਇਕ ਪਤਲੀ ਜਿਹੀ ਤਾਰ ਨੂੰ ਗੋਲ ਕਰਕੇ ਬਣਾਈ ਗਈ ਸੀ, ਹੱਥ ਲੰਮਾ ਕਰਕੇ ਮੁੰਡੇ ਨੂੰ ਫੜਾ ਦਿੱਤੀ ਤੇ ਫੇਰ ਆਪਣੇ ਦੋਵੇਂ ਹੱਥ ਆਪਣੇ ਮੂੰਹ 'ਤੇ ਰੱਖ ਕੇ ਵਾਪਸ ਨੱਠ ਗਈ ਤੇ ਫੇਰ ਉਹ ਕਦੀ ਵੀ ਪਰਤ ਕੇ ਨਾ ਆਈ।

ਪੰਜ ਸੱਤ ਸਾਲ ਮਗਰੋਂ ਮੁੰਡੇ ਦਾ ਵੀ ਵਿਆਹ ਹੋ ਗਿਆ। ਹੁਣ ਉਹਦੇ ਕੋਲ ਅੱਲ੍ਹਾ ਦਾ ਦਿੱਤਾ ਸਭ ਕੁਝ ਸੀ। ਪਰ ਉਹ ਇਕ ਵਾਰੀ, ਸਿਰਫ਼ ਇਕ ਵਾਰੀ ਉਸ ਕੁੜੀ ਨੂੰ ਵੇਖਣਾ ਚਾਹੁੰਦਾ ਸੀ। ਪਰ ਉਹਦੀ ਇਹ ਹਸਰਤ ਕਦੀ ਵੀ ਪੂਰੀ ਨਾ ਹੋ ਸਕੀ। ਬਸ ਕੁੜੀ ਦੀ ਨਿਸ਼ਾਨੀ ਤੇ ਯਾਦ ਇਕ ਨਥਲੀ ਸੀ ਜਿਹੜੀ ਅੱਜ ਤੀਕਰ ਉਹਨੇ ਸਾਂਭ ਕੇ ਰੱਖੀ ਹੋਈ ਸੀ। ਫੇਰ ਉਹਦੀ ਆਲ ਔਲਾਦ ਵੀ ਸੱਤ ਸਮੁੰਦਰ ਪਾਰ ਈ ਸੈੱਟ ਹੋ ਗਈ ਪਰ ਉਹ ਵਾਪਸ ਪਰਤ ਆਇਆ। ਅੱਜ ਵੀ ਉਹਨੂੰ ਕੁੜੀ ਦੀ ਉਡੀਕ ਸੀ ਜਿਹਦਾ ਕਰਕੇ ਉਹ ਕਿਧਰੇ ਹੋਰ ਵੱਸਣ ਨੂੰ ਤਿਆਰ ਨਹੀਂ ਸੀ।

ਪਤਾ ਨਹੀਂ ਕਿੰਨਾ ਕੁ ਚਿਰ ਬਾਬਾ ਇਹਨਾਂ ਸੂਲਾਂ ਵਰਗੀਆਂ ਤਿੱਖੀਆਂ ਯਾਦਾਂ ਨਾਲ ਆਪਣੀ ਰੂਹ ਨੂੰ ਫੱਟੜ ਕਰਦਾ ਰਿਹਾ। ਉਹਦੀਆਂ ਅੱਖੀਆਂ 'ਚੋਂ ਵਗਦੇ ਅੱਥਰੂਆਂ ਨਾਲ ਜੰਮੂ ਦੇ ਤਣੇ ਉੱਤੇ ਲਕੀਰਾਂ ਜਿਹੀਆਂ ਪੈ ਗਈਆਂ ਸਨ। ਪਿਛਲੇ ਪੰਜਾਹ ਸਾਲਾਂ ਦੇ ਰੁਕੇ ਹੋਏ ਅੱਥਰੂ ਅੱਜ ਉਹਦੇ ਵੱਸੋਂ ਬਾਹਰ ਹੋ ਗਏ ਸਨ।

ਫੇਰ ਅੱਧੀ ਰਾਤ ਨੂੰ ਬਾਬੇ ਨੇ ਆਪਣੀ ਠੋਡੀ ਜੰਮੂ ਦੀ ਦੁਸਾਂਘੀ ਤੋਂ ਹਟਾਈ ਤੇ ਕਮਰੇ ਵਿਚ ਜਾ ਕੇ ਜਿਵੇਂ ਮੰਜੀ ਉੱਤੇ ਢਹਿ ਪਿਆ।

ਹੁਣ ਬਾਬਾ ਜੰਮੂ ਦੇ ਰੁੱਖ ਤੋਂ ਪਰ੍ਹੇ ਪਰ੍ਹੇ ਰਹਿੰਦਾ ਸੀ। ਜਿਵੇਂ ਉਧਰ ਜਾਂਦਿਆਂ ਉਹਨੂੰ ਡਰ ਆਂਵਦਾ ਹੋਵੇ। ਉਹ ਜੰਮੂ ਵੱਲੋਂ ਨਾ ਉਮੀਦ ਹੋ ਗਿਆ ਸੀ। ਨਾ ਤੇ ਉਹਨੇ ਜੰਮੂ ਦੀ ਗੋਡੀ ਕੀਤੀ ਤੇ ਨਾ ਈ ਪਾਣੀ ਦਿੱਤਾ। ਫੇਰ ਮਈ ਦਾ ਮਹੀਨਾ ਆ ਗਿਆ। ਇਕ ਦਿਨ ਉਹਨੇ



ਵਾਹਵਾ ਦੂਰੋਂ ਜੰਮੂ ਵੱਲ ਨਜ਼ਰ ਮਾਰੀ। ਜੰਮੂ ਦਵਾਲੇ ਬੇਸ਼ੁਮਾਰ ਡੇਹਮੂ ਉੱਡਦੇ ਪਏ ਸਨ। ਬਾਬੇ ਨੂੰ ਬੜਾ ਅਫ਼ਸੋਸ ਹੋਇਆ। ਉਹਨੇ ਸੋਚਿਆ ਪਈ ਉਹਦੀ ਬੇਪਰਵਾਹੀ ਕਰਕੇ ਜੰਮੂ ਉੱਤੇ ਭੂੰਡਾਂ ਨੇ ਖੱਖਰਾਂ ਪਾ ਦਿੱਤੀਆਂ ਨੇ। ਉਹਨੇ ਜੰਮੂ ਦੇ ਲਾਗੇ ਜਾ ਕੇ ਉੱਤੇ ਤੱਕਿਆ ਤੇ ਹੈਰਾਨ ਰਹਿ ਗਿਆ। ਜੰਮੂ ਦੇ ਰੁਖ ਨਾਲ ਹਰੇ ਕਚੂਰ ਮੋਤੀਆਂ ਦੇ ਬੇਸ਼ੁਮਾਰ ਗੁੱਛੇ ਲਮਕੇ ਹੋਏ ਸਨ। ਜਿਵੇਂ ਕੁੜੀ ਦੀ ਨਥਲੀ ਦਾ ਮੋਤੀ ਉੱਗਲ ਖਲੋਤਾ ਹੋਵੇ। ਪਰ ਐਡੀ ਭਰਵੀਂ ਫ਼ਸਲ ਬਾਬੇ ਨੇ ਆਪਣੀ ਪੂਰੀ ਹਯਾਤੀ ਵਿਚ ਕਦੀ ਵੀ ਨਹੀਂ ਸੀ ਵੇਖੀ। ਬੇਸ਼ੁਮਾਰ ਡੇਹਮੂ ਇਹਨਾਂ ਮੋਤੀਆਂ ਉਤੋਂ ਕੋਈ ਸ਼ੈਅ ਚੂਸ ਕੇ ਵਾਪਸ ਜਾਂਦੇ ਪਏ ਸਨ।

ਫੇਰ ਇਹ ਹਰੇ ਕਚੂਰ ਮੋਤੀ ਵੱਡੇ ਹੁੰਦੇ ਗਏ। ਜਦੋਂ ਸਾਵਣ ਭਾਦੋਂ ਦੀਆਂ ਝੜੀਆਂ ਲੱਗੀਆਂ, ਇਹਨਾਂ ਮੋਤੀਆਂ ਦਾ ਰੰਗ ਬਦਲਣਾ ਸ਼ੁਰੂ ਹੋ ਗਿਆ। ਇਹ ਮੋਟੇ ਬੜੇ ਮੋਟੇ ਤੇ ਰਸਦਾਰ ਜੰਮੂ ਬਣ ਗਏ। ਰੁੱਖ ਨੂੰ ਐਨਾ ਕੁ ਫਲ ਪਿਆ ਸੀ ਪਈ ਵੱਡੀਆਂ ਟਾਹਣੀਆਂ ਥੱਲੇ ਬਾਬੇ ਨੂੰ ਦੁਸਾਂਘੀਆਂ ਦੇ ਤੂਲ ਦੇਣੇ ਪੈ ਗਏ ਨਹੀਂ ਤੇ ਟਾਹਣੀਆਂ ਟੁੱਟਣ ਦਾ ਡਰ ਸੀ।

ਤੇ ਫੇਰ ਪੱਕੇ ਹੋਏ ਰਸ ਭਰੇ ਜੰਮੂ ਤੋੜਨ ਦਾ ਵੇਲਾ ਵੀ ਆ ਗਿਆ। ਫਲ ਭਾਵੇਂ ਕਿਧਰੇ ਵੀ ਲੱਗਿਆ ਹੋਵੇ, ਬਾਲਾਂ ਤੇ ਪੰਖੀਆਂ ਕੋਲੋਂ ਲੁਕਿਆ ਨਹੀਂ ਰਹਿ ਸਕਦਾ। ਹੁਣ ਉਤੇ ਪੰਖੀਆਂ ਤੇ ਥੱਲੇ ਬਾਲਾਂ ਦੀ ਹਰ ਵੇਲੇ ਰੌਣਕ ਲੱਗੀ ਰਹਿੰਦੀ। ਦੂਰੋਂ ਦੂਰੋਂ ਨਿੱਕੇ ਨਿੱਕੇ ਇਆਣੇ ਹੱਥਾਂ ਵਿਚ ਸਿਲਵਰ ਦੇ ਕੌਲੇ ਛੰਨੇ ਫੜ ਕੇ ਡਿੱਗਦੇ ਢਹਿੰਦੇ ਬਾਬੇ ਕੋਲ ਅੱਪੜ ਜਾਂਦੇ ਤੇ ਜੰਮੂ ਲੈ ਕੇ ਪਰਤਦੇ। ਇੰਜ ਬਾਬੇ ਦਾ ਨਾਂ ਜੰਮੂਆਂ ਵਾਲਾ ਬਾਬਾ ਪੈ ਗਿਆ। ਬਾਬਾ ਜੰਮੂ ਵੰਡਦਾ ਵੰਡਦਾ ਥੱਕ ਗਿਆ ਤਾਂ ਫੇਰ ਉਹਨੂੰ ਨਰਸਰੀ ਵਾਲੇ ਬਾਊ ਜੀ ਦਾ ਚੇਤਾ ਆਇਆ। ਬਾਬੇ ਨੇ ਕੋਠੀ ਦੀ ਇਕ ਨੁੱਕਰ ਵਿਚ ਕਾਹੀ ਦੀਆਂ ਜੜ੍ਹਾਂ ਦੱਬੀਆਂ ਸਨ, ਜਿਹੜੀਆਂ ਉੱਗ ਖਲੋਤੀਆਂ ਸਨ ਤੇ ਹੁਣ ਕਾਹੀ ਦਾ ਜਿਵੇਂ ਇਕ ਵੱਡਾ ਸਾਰਾ ਗੁਲਦਸਤਾ ਉੱਗਿਆ ਹੋਇਆ ਸੀ। ਨਾਜ਼ੁਕ ਤੇ ਮਨਮੋਹਣਾ। ਬਾਬੇ ਨੇ ਕਾਹੀ ਦੇ ਤੀਲਿਆਂ ਦਾ ਇਕ ਵੱਡਾ ਡੂਨਾ ਬਣਾਇਆ। ਉਹਨੂੰ ਜੰਮੂਆਂ ਨਾਲ ਭਰਿਆ ਤੇ ਆਪਣੇ ਨਰਸਰੀ ਵਾਲੇ ਬੇਲੀ ਬਾਊ ਜੀ ਕੋਲ ਅੱਪੜ ਗਿਆ। ਬਾਵਾ ਜੰਮੂ ਵੇਖ ਕੇ ਬੜਾ ਖ਼ੁਸ਼ ਹੋਇਆ। ਉਹਨੇ ਬਾਬੇ ਨੂੰ ਢੇਰ ਸਾਰੀਆਂ ਮੁਬਾਰਕਾਂ ਦਿੱਤੀਆਂ। ਫੇਰ ਫਲ ਚਖਿਆ ਤੇ ਆਖਿਆ, "ਬਾਬਾ ਜੀ ਮੈਂ ਆਪਣੀ ਹਯਾਤੀ ਵਿਚ ਐਡੇ ਰਸਦਾਰ ਤੇ ਨਰੋਏ ਜੰਮੂ ਕਦੀ ਵੀ ਨਹੀਂ ਜੇ ਖਾਧੇ। ਤੁਸੀਂ ਜੰਮੂ ਦੇ ਫੱਟਾਂ ਉੱਤੇ ਲੂਣ ਵਾਲਾ ਕੋਸਾ ਪਾਣੀ ਤਰੌਂਕਿਆ ਸੀ ?"

ਬਾਬੇ ਨੂੰ ਆਪਣੇ ਅੱਥਰੂ ਚੇਤੇ ਆ ਗਏ ਤੇ ਉਹਨੇ ਆਹੋ ਵਿਚ ਸਿਰ ਹਿਲਾਇਆ। ਬਾਊ ਨੇ ਜਿਵੇਂ ਆਪਣੇ ਆਪ ਨਾਲ ਗੱਲ ਕੀਤੀ। ਸੇਕ ਤੇ ਲੂਣ ਪਾਣੀ ਦਾ ਸਾਵਾਂ ਸਾਵਾਂ ਮੇਲ ਨਸੀਬਾਂ ਨਾਲ ਹੋਂਦਾ ਏ ਤੇ ਨਸੀਬਾਂ ਵਾਲਿਆਂ ਨੂੰ ਈ ਲੱਭਦਾ ਏ। ਉਹਵੀ ਜੇ ਅੱਲ੍ਹਾ ਸੋਹਣੇ ਦਾ ਖ਼ਾਸ ਕਰਮ ਹੋਵੇ ਤੇ। ਫੇਰ ਉਹਨੇ ਬਾਬੇ ਨੂੰ ਪੁੱਛਿਆ, "ਤੇ ਸੁਹਾਗਣ ਦੇ ਗਹਿਣੇ ਦੀ ਧੋਣ ਵੀ ਜੜ੍ਹਾਂ ਵਿਚ ਪਾਈ ਹੋਵੇਗੀ ?"

ਬਾਬੇ ਨੇ ਨਹੀਂ ਵਿਚ ਸਿਰ ਹਿਲਾਇਆ।

"ਤੇ ਫੇਰ ਕਿਹਦੇ ਗਹਿਣੇ ਵਰਤੇ ਸਨ।"

"ਬੈਰਾਗਣ ਦੇ।" ਬਾਬਾ ਬੜੀ ਹੌਲੀ ਜਿਹੀ ਬੋਲਿਆ। ਜਿਵੇਂ ਉਹਨੂੰ ਡਰ ਹੋਵੇ ਪਈ ਜੇ ਉਹ ਉੱਚੀ ਬੋਲਿਆ ਤੇ ਉਹਦਾ ਰੋਣ ਨਿਕਲ ਜਾਵੇਗਾ।

●

#15 ਏ, ਸੁਲਤਾਨਪੁਰਾ, ਲਾਹੌਰ
ਟੈਲੀਫ਼ੋਨ : 0092-42-7609822, ਮੋਬਾਇਲ : 0300-270980

# - ਜਤੀ ਸਤੀ

ਅਮੀਨ ਮਲਿਕ -

ਉਹ ਆਪਣੇ ਹਾਣ ਦੇ ਬਾਲਾਂ ਨਾਲ ਛੱਪੜ ਕੰਢੇ ਮਿੱਟੀ ਗੋਹ ਕੇ ਆਕੇ ਬਾਕੇ ਪਾ ਰਹੀ ਸੀ। ਅਜੇ ਖੇਡ ਨਹੀਂ ਸੀ ਮੁੱਕੀ। ਅਜੇ ਉਹਨੇ ਮਿੱਟੀ ਦੇ ਬਾਵੇ ਨੂੰ ਅੱਖਾਂ ਲਾਉਣੀਆਂ ਸਨ। ਨਾਲੇ ਘੁੱਗੂ ਘੋੜੇ ਬਣਾਉਣੇ ਸਨ, ਪਰ ਉਹਦੇ ਪਿਉ ਮੌਲਵੀ ਖ਼ੈਰ ਦੀਨ ਨੇ ਬਾਹੋਂ ਫੜ ਕੇ ਆਖਿਆ, "ਉੱਠ ਪਓ ਮੇਰੀ ਧੀ, ਆ ਜਾ ਘਰ ਚੱਲੀਏ।" ਹਾਣ ਦੇ ਬਾਲਾਂ ਨਾਲ ਭੋਏਂ ਤੇ ਬਹਿ ਕੇ ਗਿੱਲੀ ਮਿੱਟੀ ਦੇ ਆਲੇ ਭੋਲੇ ਛੱਡ ਕੇ ਘਰ ਦੀਆਂ ਕੰਧਾਂ ਉਹਲੇ ਕੈਦ ਹੋਣ ਨੂੰ ਕਿਸ ਦਾ ਜੀ ਕਰਦਾ ? ਉਹ ਬੜਾ ਰੋਈ, ਬੜਾ ਖਹਿੜਾ ਕੀਤਾ ਅਤੇ ਮਿੱਟੀ ਨਾਲ ਲਿਬੜੇ ਹੋਏ ਨਿੱਕੇ ਨਿੱਕੇ ਹੱਥਾਂ ਨਾਲ ਆਪਣੇ ਪਿਉ ਕੋਲੋਂ ਬਾਂਹ ਛੁਡਾ ਕੇ ਆਪਣੇ ਬਾਵੇ ਨੂੰ ਮੁਕੰਮਲ ਕਰਨ ਦੀ ਇੱਛਾ ਲਈ ਤਰਲੇ ਲੈਂਦੀ ਰਹੀ। ਪਰ ਮੌਲਵੀ ਖ਼ੈਰ ਦੀਨ ਨੇ ਬਦੋਬਦੀ ਚੁੱਕ ਕੇ ਉਹਨੂੰ ਗਲ ਨਾਲ ਲਾ ਲਿਆ। ਬਾਲੜੀ ਨੇ ਆਪਣੇ ਪਿਉ ਦੀ ਚੁੱਪ ਨੂੰ ਸੁੰਘ ਕੇ ਉਹਦੇ ਮੂੰਹ ਵੱਲ ਵੇਖਿਆ ਤੇ ਖਿਡਾਉਣੇ ਭੁੱਲ ਗਏ। ਖੇਡ ਖਰਾਬ ਹੋ ਜਾਏ ਤੇ ਆਸਾਂ ਦੇ ਬਾਵੇ ਟੁੱਟ ਹੀ ਜਾਂਦੇ ਨੇ। ਖ਼ੈਰ ਦੀਨ ਅੱਖਾਂ 'ਚ ਅੱਥਰੂ ਵੇਖ ਕੇ ਉਹਨੂੰ ਆਪਣਾ ਦੁੱਖ ਭੁੱਲ ਗਿਆ। ਉਹਦੀ ਉਮਰ ਐਡੀ ਨਹੀਂ ਸੀ ਕਿ ਆਪਣੇ ਪਿਉ ਨੂੰ ਰੋਣ ਦਾ ਕਾਰਨ ਪੁੱਛ ਸਕਦੀ। ਰੋਂਦੇ ਪਿਉ ਨੂੰ ਵੇਖ ਕੇ ਸਾਰੇ ਹੀ ਮਿੱਟੀ ਦੇ ਬਾਵੇ ਟੁੱਟ ਭੱਜ ਗਏ ਤੇ ਉਹ ਪਿਉ ਦੇ ਹੰਝੂਆਂ ਦੇ ਹੜ੍ਹ ਵਿਚ ਵੜ ਕੇ ਡੁੱਬ ਗਈ। ਉਹਨੂੰ ਰੋਂਦੀ ਵੇਖ ਕੇ ਖ਼ੈਰ ਦੀਨ ਆਪਣਾ ਦੁੱਖ ਭੁੱਲ ਕੇ ਵੀ ਧੀ ਦੇ ਦੁੱਖ ਨਾਲ ਰੂੰ ਵਾਂਗ ਤੁੰਬਿਆ ਗਿਆ। ਕੀਹਦੇ ਆਸਰੇ ਜੀਵੇਗੀ ਇਹ ਭੋਰਾ ਭਰ ਬਾਲੜੀ ? ਘਰ ਅੱਪੜ ਕੇ ਵੇਖਿਆ ਤੇ ਉਸ ਨਿੱਕੀ ਜਿਹੀ ਜਾਨ ਨੂੰ ਹੋਰ ਕਮਲ ਪੈ ਗਿਆ। ਵਿਹੜਾ ਜ਼ਨਾਨੀਆਂ ਨਾਲ ਭਰਿਆ ਹੋਇਆ ਸੀ। ਕੁਝ ਚੌਂਤਰੇ ਦੀ ਕੰਧ ਉੱਤੇ ਬਹਿ ਕੇ ਰੋ ਰਹੀਆਂ ਸਨ ਤੇ ਬਹੁਤੀਆਂ ਸਕੀਆਂ ਸੋਧਰੀਆਂ ਮੰਜੀ ਦੀਆਂ ਹੀਆਂ ਫੜ ਕੇ ਵੈਣ ਪਾ ਰਹੀਆਂ ਸਨ। ਇਹ ਸਾਰਾ ਕੁਝ ਵੇਖ ਕੇ ਇਕ ਨਿੱਕੀ ਜਿਹੀ ਮਾਂ ਮਹਿਟਰ ਨੇ ਚਾਂਗਰਾ ਮਾਰੀਆਂ ਤੇ ਉਹਦੀ ਫੁੱਫੀ ਨੇ ਆਖਿਆ, "ਵੇਖ ਖ਼ੈਰ ਦੀਨਾ! ਸੁਗਰਾਂ ਨੂੰ ਕਾਹਨੂੰ ਲੈ ਆਂਦਾ ਈ। ਏਸ ਮਾਸੂਮ ਨੂੰ ਖੇਡਣ ਦੇਣਾ ਸੀ ਜਿਥੇ ਖੇਡ ਰਹੀ ਸੀ। ਇਹ ਸਹਿਮ ਹੋਣ ਕੌਣ ਵੇਖੇਗਾ ?"

ਸੁਗਰਾਂ ਹੌਲੀ ਹੌਲੀ ਮੰਜੀ ਦੇ ਕੋਲ ਗਈ। ਆਲੇ ਦਵਾਲੇ ਹਰ ਜ਼ਨਾਨੀ ਵੱਲ ਵੇਖਿਆ। ਕਿਸੇ ਵੀ ਜ਼ਨਾਨੀ ਦਾ ਮੂੰਹ ਉਹਦੀ ਮਾਂ ਵਰਗਾ ਨਹੀਂ ਸੀ। ਜਿਸ ਦਾ ਮੂੰਹ ਉਹਦੀ ਮਾਂ ਵਰਗਾ



ਸੀ ਉਹ ਇਕ ਲਾਸ਼ ਸੀ ਜਿਹੜੀਆਂ ਅੱਖਾਂ ਮੀਟ ਕੇ ਸੁਗਰਾਂ ਦੀ ਦੁਨੀਆ ਨੂੰ ਹਨੇਰ ਕਰ ਗਈ ਸੀ। ਸੁਗਰਾਂ ਨੇ ਮਿੱਟੀ ਨਾਲ ਲਿਬੜੇ ਹੋਏ ਨਿੱਕੇ ਨਿੱਕੇ ਹੱਥਾਂ ਨਾਲ ਮਾਂ ਦੇ ਮੂੰਹ ਨੂੰ ਫੜ ਕੇ 'ਬੇਬੇ' ਆਖਿਆ ਤੇ ਪੱਥਰ ਵੀ ਪਾਣੀ ਬਣ ਕੇ ਰੁੜ੍ਹ ਗਏ। ਕਈਆਂ ਨੂੰ ਸੁਗਰਾਂ ਦੇ ਦੁੱਖ ਨੇ ਦਾਹਦੜ ਕੀਤਾ ਤੇ ਕਈਆਂ ਨੇ ਸੁਗਰਾਂ ਨੂੰ ਸ਼ੀਸ਼ਾ ਬਣਾ ਕੇ ਆਪਣੇ ਸੱਲ ਵੇਖ ਲਏ। ਹਰ ਇਕ ਨੇ ਕਿਸੇ ਨਾ ਕਿਸੇ ਗ਼ਮ ਦੀ ਫਾਹੀ ਗਲ ਪਾ ਕੇ ਆਪਣੇ ਆਪ ਨੂੰ ਲਮਕਾਇਆ।

ਐਵੇਂ ਚਾਰ ਹੀ ਦਿਹਾੜੇ ਢਿੱਲੀ ਮੱਠੀ ਜਿਹੀ ਹੋ ਕੇ ਮੰਜੀ 'ਤੇ ਪਈ ਸੁਗਰਾਂ ਦੀ ਮਾਂ ਆਪਣੀ ਜਵਾਨੀ ਦੀਆਂ ਬਹਾਰਾਂ ਨਾਲ ਲੈ ਕੇ ਪੰਜਾਂ ਵਰ੍ਹਿਆਂ ਦੀ ਧੀ ਨੂੰ ਦੁਨੀਆ ਦੇ ਰੰਗ ਵੇਖਣ ਨੂੰ ਛੱਡ ਗਈ।

ਮੌਲਵੀ ਖ਼ੈਰ ਦੀਨ ਨਿੱਕੇ ਜਿਹੇ ਪਿੰਡ ਦੀ ਨਿੱਕੀ ਜਿਹੀ ਮਸੀਤ ਦਾ ਮੌਲਵੀ ਸੀ। ਨਿੱਕੀ ਮਸੀਤ ਦਾ ਮੌਲਵੀ ਜਿਹੜਾ ਵੱਡਾ ਆਦਮੀ ਹੁੰਦਾ ਏ ? ਕੰਮ ਕਾਰ ਤੋਂ ਰਹੇ ਹੋਏ ਮਸੀਤ ਦੀਆਂ ਸਫ਼ਾਂ ਹੰਢਾਵਣ ਵਾਲੇ ਪੰਜ ਸੱਤ ਬੁੱਢੇ ਠੇਰੇ ਹੀ ਨਮਾਜ਼ ਪੜ੍ਹਨ ਆਉਂਦੇ ਸਨ, ਜਿਹੜੇ ਆਪਣੀਆਂ ਨੂੰਹਾਂ ਦੀਆਂ ਚੁਗਲੀਆਂ ਕਰਨ ਦੀ ਅੱਯਾਸ਼ੀ ਵੀ ਮਸੀਤੇ ਹੀ ਕਰ ਲੈਂਦੇ ਸਨ। ਜਾਂ ਕਦੀ ਕਦੀ ਉਹ ਲੋਕੀ ਆ ਜਾਂਦੇ ਸਨ ਜਿਹਨਾਂ ਨੇ ਨਮਾਜ਼ਾਂ ਸੁੱਖੀਆਂ ਹੁੰਦੀਆਂ ਸਨ ਕਿ ਰੱਬਾ ਹੱਕ ਸ਼ੁਫੇ ਦਾ ਕੇਸ ਮੇਰੇ ਹੱਕ 'ਚ ਕਰਦੇ, ਮੈਂ ਚਾਲੀ ਦਿਨ ਨਮਾਜ਼ ਪੜ੍ਹਾਂਗਾ। ਜੇ ਮੁਕੱਦਮਾ ਪਹਿਲਾਂ ਹੀ ਹਾਰ ਜਾਵੇ ਤੇ ਨਮਾਜ਼ਾਂ ਦਾ ਚਾਲੀਹਾ ਵੀ ਵਿਚੇ ਹੀ ਰਹਿ ਜਾਂਦਾ ਸੀ। ਉਂਜ ਵੀ ਮਸੀਤ ਵਿਚ ਮੌਲਵੀ ਦੀ ਟਹਿਲ ਐਵੇਂ ਤੋਕੜ ਮੱਝ ਵਰਗੀ ਹੀ ਹੁੰਦੀ ਏ। ਬੜੇ ਵੀ ਕਰਮਾਂ ਵਾਲੇ ਘਰਾਂ 'ਚ ਮੁੰਡਾ ਜੰਮੇ ਤੇ ਕੰਨ 'ਚ ਬਾਂਗ ਦੇਣ ਦਾ ਮੁੱਲ ਗੁੜ ਦੀ ਰੋੜੀ ਤੇ ਸਵਾ ਰੁਪਈਆ ਹੀ ਪੈਂਦਾ ਸੀ।

ਤਾਪ ਜਿਹੀ ਬਿਮਾਰੀ ਤੇ ਗ਼ਰੀਬਾਂ ਨੂੰ ਕੁਝ ਵੀ ਨਹੀਂ ਆਖਦੀ, ਜਾਂ ਗਰੀਬ ਹੁੰਦੇ ਈ ਐਡੇ ਢੀਠ ਨੇ ਕਿ ਤਾਪ ਕੋਲੋਂ ਢੱਠਦੇ ਹੀ ਨਹੀਂ। ਮੌਲਵੀ ਖ਼ੈਰ ਦੀਨ ਦੀ ਬੀਵੀ ਜੈਨਬ ਜਦੋਂ ਬਿਲਕੁਲ ਹੀ ਹੰਭ ਗਈ ਤੇ ਮੰਜੀ ਉੱਤੇ ਪੈ ਗਈ । ਮੀਆਂ ਖ਼ੈਰ ਦੀਨ ਹਕੀਮ ਕਰੀਮ ਬਖਸ਼ ਵੱਲ ਗਿਆ ਪਰ ਗ਼ਰੀਬ ਦੀ ਨਬਜ਼ 'ਤੇ ਹਕੀਮ ਕਰੀਮ ਬਖਸ਼ ਜਿਹਾ ਗਰੀਬ ਵੀ ਨਹੀਂ ਜਾਂਦਾ। ਉਸ ਨੇ ਉਥੋਂ ਹੀ ਓਪਰੀਆਂ ਜਿਹੀਆਂ ਗੱਲਾਂ ਸੁਣ ਕੇ ਦੁੱਧ ਨਾਲ ਖਾਣ ਨੂੰ ਦੇ ਛੱਡੀਆਂ ਚਾਰ ਪੁੜੀਆਂ। ਘੜੇ ਦੇ ਪਾਣੀ ਨਾਲ ਅਜੇ ਤਿੰਨ ਹੀ ਖਾਧੀਆਂ ਸਨ ਕਿ ਇਕ ਪੁੜੀ ਆਪਣੀ ਆਖ਼ਰੀ ਨਿਸ਼ਾਨੀ ਛੱਡ ਕੇ ਜੈਨਬ ਅੱਖਾਂ ਮੀਟ ਗਈ।

ਮੌਲਵੀ ਖ਼ੈਰ ਦੀਨ ਰੰਡਾ ਹੋ ਗਿਆ। ਸੁਗਰਾਂ ਯਤੀਮ ਹੋ ਗਈ ਤੇ ਨਸੀਬਾਂ ਦੇ ਚੰਨ ਨੂੰ ਵੇਖਦਿਆਂ ਵੇਖਦਿਆਂ ਹੀ ਗ੍ਰਹਿਣ ਲੱਗ ਗਿਆ। ਖੁਸ਼ੀਆਂ ਦੀ ਕੋਮਲ ਕਰੂੰਬਲੀ ਨੂੰ ਮੌਤ ਦੀ ਜ਼ਾਲਮ ਬੱਕਰੀ ਖਾ ਗਈ। ਸੁਗਰਾਂ ਸਾਰੀ ਦਿਹਾੜੀ ਮੀਆਂ ਖ਼ੈਰ ਦੀਨ ਦੇ ਕੁੜਤੇ ਦੀ ਨੁੱਕਰ ਫੜ ਕੇ ਡਰੀ ਡਰੀ ਜਿਹੀ ਉਹਦੇ ਨਾਲ ਨਾਲ ਫਿਰਦੀ ਰਹਿੰਦੀ ਤੇ ਇੰਜ ਹੀ ਫਿਰਦਿਆਂ ਫਿਰਦਿਆਂ ਦਿਨ ਫਿਰ ਗਏ। ਮਾਂ ਦੀ ਮੌਤ ਦੇ ਸੱਲ ਨੂੰ ਸੀਨੇ ਵਿਚ ਵਸਾ ਕੇ ਜੀਣ ਵਾਲੀ ਸੁਗਰਾਂ ਸਿਰ ਕੱਢਣ ਲੱਗ ਪਈ। ਮੌਲਵੀ ਖ਼ੈਰ ਦੀਨ ਨੂੰ ਜੈਨਬ ਦੀ ਸੱਟ ਅਤੇ ਗਰੀਬੀ ਦੀ ਧੂਲ ਨੇ ਵਕਤ ਤੋਂ ਪਹਿਲਾਂ ਹੀ ਹੱਥ ਵਿਚ ਖੂੰਡੀ ਫੜਾ ਦਿੱਤੀ। ਅੱਲ੍ਹਾ ਲੋਕ ਤੇ ਉਹ ਪਹਿਲਾਂ ਹੀ ਸੀ ਪਰ ਜਦੋਂ ਦੁਨੀਆ ਵਿਚ ਕੁਝ ਨਾ ਰਿਹਾ ਤੇ ਫੇਰ ਅੱਲ੍ਹਾ ਹੀ ਅੱਲ੍ਹਾ ਸੀ। ਉਸ ਨੇ ਸੁਗਰਾਂ ਨੂੰ ਕੁਰਾਨ ਮਜੀਦ, ਹਦੀਸ਼ਾ ਅਤੇ ਅੱਲ੍ਹਾ ਦਾ ਨਾਂ ਹੀ ਪੜ੍ਹਾਇਆ ਤੇ ਇਕੋ ਹੀ ਰਾਹ ਵਿਖਾਇਆ। ਸੁਗਰਾਂ ਨੇ ਵੀ ਦੁਨੀਆ ਦਾ ਕੁਝ ਨਾ ਵੇਖਿਆ। ਨਾ ਮਾਂ ਦੇ ਲਾਡ, ਨਾ ਗੁੱਡੀਆਂ ਪਟੋਲੇ, ਨਾ ਸਹੇਲੀਆਂ ਨਾਲ ਕਿੱਕਲੀ ਤੇ ਨਾ ਹੀ ਸ਼ੀਸ਼ੇ ਕੋਲੋਂ ਆਪਣੀ ਜਵਾਨੀ ਦੀਆਂ ਚੁਗਲੀਆਂ ਸੁਣ ਕੇ ਸ਼ਰਮਾਈ। ਬਾਲਪੁਣੇ ਨੂੰ ਕੋਈ ਵੀ ਪਤਾ ਨਾ ਲੱਗਾ ਕਿ ਉਹਨੇ ਕਿਹੜੇ ਵੇਲੇ ਜਵਾਨੀ ਦੇ

ਸੋਹਲਵੇਂ ਡੰਡੇ ਉੱਤੇ ਪੈਰ ਰੱਖ ਲਿਆ ਸੀ। ਨਾ ਫੁੱਲਾਂ ਵਾਲੀ ਕੁੜਤੀ ਪਾਈ, ਨਾ ਖੁੱਲ੍ਹੇ ਪੌਂਚੇ ਹੋਏ ਤੇ ਨਾ ਵਿੰਗਾ ਚੀਰ ਕੱਢਿਆ। ਜਿਸਮ ਵਿਚ ਤਬਦੀਲੀਆਂ ਦੀਆਂ ਸਾਰੀਆਂ ਮਠਿਆਈਆਂ ਆ ਗਈਆਂ ਪਰ ਮਨ ਵਿਚ ਕੋਈ ਵੀ ਲੱਡੂ ਨਾ ਫੁੱਟਿਆ। ਚਿੱਟ ਸਫ਼ੈਦ ਲੀੜੇ ਪਾ ਕੇ ਪਿਉ ਕੋਲੋਂ ਕੁਰਾਨ ਸ਼ਰੀਫ ਪੜ੍ਹਨ ਵਾਲੀ ਨੇ ਜ਼ਿੰਦਗੀ ਦਾ ਹੋਰ ਕੋਈ ਵੀ ਸਬਕ ਨਾ ਪੜ੍ਹਿਆ। ਰੂੜੀ ਉੱਤੇ ਉੱਗ ਪੈਣ ਵਾਲੀ ਵੱਲ ਵਾਂਗ ਉਹ ਵਧ ਕੇ ਜਵਾਨ ਹੋ ਗਈ ਪਰ ਜਵਾਨੀ ਨੇ ਉਹਦੇ ਕੰਨ ਵਿਚ ਕੋਈ ਅਜਿਹੀ ਗੱਲ ਨਾ ਆਖੀ, ਜਿਹਦੇ ਨਾਲ ਉਹ ਆਕੜ ਕੇ ਟੁਰਦੀ।

ਅਜੇ ਉਹ ਆਪ ਹੀ ਬਾਲੜੀ ਸੀ ਜਦੋਂ ਬਾਲੜੀਆਂ ਨੇ ਉਹਨੂੰ ਆਪਾ ਸੁਗਰਾਂ ਆਖ ਕੇ ਉਹਦੇ ਕੋਲੋਂ ਸਬਕ ਲੈਣਾ ਸ਼ੁਰੂ ਕਰ ਦਿੱਤਾ। ਉਹਦੇ ਅਹਿਸਾਸ ਨੇ ਉਹਨੂੰ ਆਪਣੇ ਵਰਗਾ ਕਰ ਦਿੱਤਾ ਤੇ ਉਹ ਵਿਚਾਰੀ ਬਜ਼ੁਰਗਾਂ ਵਰਗੀ ਹੋ ਗਈ। ਸਾਰੇ ਪਿੰਡ ਦੀਆਂ ਨਿੱਕੀਆਂ ਨਿੱਕੀਆਂ ਕੁੜੀਆਂ ਕਾਇਦੇ ਸਪਾਰੇ ਲੈ ਕੇ ਸਵੇਰੇ ਸਵੇਰੇ ਆ ਜਾਂਦੀਆਂ ਤੇ ਉਹਨੂੰ ਆਪਾ ਜੀ ਆਖ ਕੇ ਸਲਾਮ ਕਰਦੀਆਂ। ਇਹ ਨਿੱਕੀਆਂ ਨਿੱਕੀਆਂ ਬਾਲੜੀਆਂ ਸੋਲਾਂ ਸਾਲ ਦੀ ਜਵਾਨ ਸੁਗਰਾਂ ਨੂੰ ਧੀਆਂ ਵਾਂਗ ਲੱਗਣ ਲੱਗ ਪਈਆਂ ਤੇ ਐਸਰਾਂ ਹੀ ਹਾਲਾਤ ਦੀ ਮਕੜੀ ਨੇ ਉਹਦੇ ਦਵਾਲੇ ਬਜ਼ੁਰਗੀ ਦਾ ਜਾਲ਼ਾ ਤਣ ਦਿੱਤਾ।

ਸੁਗਰਾਂ ਸ਼ੋਹਦੀ ਦੀ ਮਾਂ ਕਾਹਦੀ ਮਰੀ ਉਹ ਆਪ ਹੀ ਮਾਵਾਂ ਵਰਗੀ ਹੋ ਗਈ। ਉਹਨੇ ਮੁਟਿਆਰਾਂ ਵਾਲੀ ਚਾਲ ਭੁੱਲ ਕੇ ਸੰਜੀਦਗੀ ਦੀ ਬੁੱਕਲ ਮਾਰ ਲਈ। ਸਬਕ ਪੜ੍ਹਦਿਆਂ ਪੜ੍ਹਦਿਆਂ ਬਾਲੜੀਆਂ ਵੀ ਉੱਚੀਆਂ ਹੁੰਦੀਆਂ ਗਈਆਂ। ਸੁਗਰਾਂ ਦੇ ਸਿਰ ਵਿਚ ਬੱਗੇ ਵਾਲ ਆਵਣ ਲੱਗ ਪਏ ਤੇ ਮੌਲਵੀ ਖ਼ੈਰ ਦੀਨ ਦੇ ਲੱਕ ਵਿਚ ਕੁੱਬ ਆ ਗਿਆ। ਹਰ ਕੋਈ ਆਪਣੇ ਆਪਣੇ ਅਗਲੇ ਸਟੇਸ਼ਨ ਉੱਤੇ ਪੁੱਜ ਗਿਆ।

ਆਪਾ ਸੁਗਰਾਂ ਹੁਣ ਜਗਤ ਆਪਾ ਸੀ। ਪਿੰਡ ਦੀਆਂ ਬੁੱਢੀਆਂ ਠੇਰੀਆਂ ਵੀ ਆਖਦੀਆਂ ਸਨ "ਸਲਾਮਾ ਲੈਕਮ ਆਪਾ ਸੁਗਰਾਂ।" ਆਪਾ ਸੁਗਰਾਂ ਦੀ ਇੱਜ਼ਤ ਲੋਕੀਂ ਮੰਨਤਾਂ ਵਰਗੀ ਜਿਹੀ ਕਰਨ ਲੱਗ ਪਏ ਸਨ। ਹਾਕੂ ਰੰਘੜ ਦੀ ਧੀ ਬਸ਼ੀਰਾਂ ਨੇ ਆਪਣਾ ਸਪਾਰਾ ਕੰਧ 'ਤੇ ਰੱਖ ਕੇ ਆਖਿਆ, "ਆਪਾ ਜੀ, ਸਾਡੀ ਪੱਠੀ ਨੇ ਅੱਜ ਪਹਿਲਾ ਆਂਡਾ ਦਿੱਤਾ ਏ, ਬੇਬੇ ਨੇ ਆਖਿਆ ਇਹ ਆਂਡਾ ਆਪਾ ਸੁਗਰਾਂ ਲਈ ਲੈ ਜਾ, ਬਰਕਤ ਪਵੇਗੀ।" ਸੁਗਰਾਂ ਨਿੰਮ੍ਹਾ ਜਿਹਾ ਹੱਸੀ ਤੇ ਆਂਡੇ ਨੂੰ ਦੁਨੀਆ ਦੇ ਗੋਲ ਨਕਸ਼ੇ ਵਾਂਗ ਹੱਥ ਵਿਚ ਘੁੰਮਾ ਫਿਰ ਕੇ ਵੇਖਿਆ। ਬੜੀ ਗੋਲ ਮੋਲ ਹੈ ਇਹ ਨਿੱਕੀ ਜਿਹੀ ਦੁਨੀਆ। ਕੁਝ ਦਿਨਾਂ ਪਿੱਛੋਂ ਨਜ਼ਮਾ ਨੇ ਦੁੱਧ ਦਾ ਕਰਮੰਡਲ ਸੁਗਰਾਂ ਕੋਲ ਰੱਖ ਕੇ ਆਖਿਆ, "ਆਪਾ ਜੀ, ਪਰਸੋਂ ਸਾਡੀ ਕੁੰਢੀ ਪਹਿਲਣ ਝੋਟੀ ਸੂਈ ਸੀ ਤੇ ਅੰਮਾਂ ਨੇ ਤੁਹਾਡੇ ਲਈ ਹੋਬਲੂ ਘੱਲਿਆ ਏ। ਨਾਲੇ ਆਖਦੀ ਸੀ ਝੋਟੀ ਅਤੇ ਕੱਟੀ ਨੂੰ ਫੂਕ ਮਾਰ ਛੱਡੋ।" ਏਸ ਸ਼ਰਧਾ ਤੇ ਅਕੀਦਤ ਦਾ ਖਲਾਰ ਖੁੱਲ੍ਹਾ ਹੁੰਦਾ ਗਿਆ। ਸੱਤੂ, ਗੁੜ ਦੀ ਰੋੜੀ, ਮੱਕੀ ਦਾ ਆਟਾ, ਗੰਨਿਆਂ ਦੀ ਪੋਲੀ ਅਤੇ ਇੰਜ ਦੀਆਂ ਵਧੇਰੇ ਸੁਗਾਤਾਂ ਆਪਾ ਸੁਗਰਾਂ ਵੱਲ ਆਉਂਦੀਆਂ ਰਹੀਆਂ। ਏਥੋਂ ਤੀਕਰ ਕਿ ਲੰਬੜਦਾਰਾਂ ਦੀ ਨੌਕਰਾਣੀ ਰਾਤ ਨੂੰ ਸੁੱਚੀ ਟਾਕੀ ਵਿਚ ਲਪੇਟੀ ਲਾਲ ਥੇਵੇ ਵਾਲੀ ਸੋਨੇ ਦੀ ਛਾਪ ਸੁਗਰਾਂ ਨੂੰ ਦੇ ਕੇ ਆਖਣ ਲੱਗੀ, "ਆਪਾ ਜੀ, ਲੰਬੜਾਂ ਘਰ ਤਿੰਨ ਕੁੜੀਆਂ ਪਿੱਛੋਂ ਪੁੱਤ ਜੰਮਿਆ ਏ ਤੇ ਉਹਨਾਂ ਨੇ ਸੋਨੇ ਦੀ ਛਾਪ ਸੁੱਖੀ ਹੋਈ ਸੀ। ਲਉ ਸੰਭਾਲ ਲਵੋ।" ਪਿੰਡ ਦੀਆਂ ਜ਼ਨਾਨੀਆਂ ਸੁਗਰਾਂ ਕੋਲੋਂ ਤਵੀਤ ਧਾਗਾ ਵੀ ਕਰਾਣ ਲੱਗ ਪਈਆਂ।

ਇਹ ਸਾਰਾ ਕੁਝ ਹੁੰਦਾ ਰਿਹਾ, ਵੇਲੇ ਦੀ ਅੱਖ ਵੇਖਦੀ ਰਹੀ ਅਤੇ ਆਪਾ ਸੁਗਰਾਂ ਵੇਲੇ ਕੋਲੋਂ ਕਈ ਗੱਲਾਂ ਪੁੱਛਦੀ ਪੁੱਛਦੀ ਚੁੱਪ ਚਾਪ ਟੁਰਦੀ ਰਹੀ। ਸੁਗਰਾਂ ਦੀ ਹਯਾਤੀ ਦੀ ਗੱਡੀ



ਜਵਾਨੀ ਵਾਲੇ ਸਟੇਸ਼ਨ ਨੂੰ ਹੱਥ ਹਿਲਾਉਂਦੀ ਹੌਲੀ ਹੌਲੀ ਛੱਡ ਰਹੀ ਸੀ। ਨਾ ਅਜੇ ਉਹਦੀ ਉਮਰ ਦੀ ਦੁਪਹਿਰ ਮੁੱਕੀ ਸੀ ਤੇ ਨਾ ਹੀ ਚੰਗੀ ਤਰ੍ਹਾਂ ਲੌਢਾ ਵੇਲਾ ਹੋਇਆ ਸੀ। ਸਬਕ ਪੜ੍ਹਨ ਵਾਲਿਆਂ ਕਈ ਸਪਾਰੇ ਪੜ੍ਹ ਸੁੱਟੇ ਸਨ ਪਰ ਸੁਗਰਾਂ ਦੀ ਕਿਤਾਬ ਦੇ ਸਾਰੇ ਵਰਕੇ ਅਜੇ ਤੀਕਰ ਖ਼ਾਲੀ ਸਨ ਕਿ ਮੀਆਂ ਖ਼ੈਰ ਦੀਨ ਅੱਲ੍ਹਾ ਨੂੰ ਪਿਆਰਾ ਹੋ ਗਿਆ। ਗਰੀਬ ਦੀ ਮੌਤ ਅਤੇ ਅਮੀਰ ਦੇ ਐਬ ਦਾ ਰੌਲਾ ਬਹੁਤਾ ਚਿਰ ਨਹੀਂ ਪੈਂਦਾ। ਛੇਤੀ ਹੀ ਸਾਰਾ ਕੁਝ ਠੱਪਿਆ ਜਾਂਦਾ ਏ। ਪਿੰਡ ਦੀਆਂ ਜ਼ਨਾਨੀਆਂ ਨੇ ਚਾਰ ਦਿਹਾੜੇ ਆ ਕੇ ਸੁਗਰਾਂ ਨਾਲ ਦੁਨੀਆਦਾਰੀ ਵਾਲੇ ਫਫੜੇ ਕੀਤੇ ਤੇ ਹੌਲੀ ਹੌਲੀ ਸੁਗਰਾਂ ਦੇ ਫੱਟ ਉੱਤੇ ਵੀ ਅੰਗੂਰ ਆ ਗਿਆ। ਕੁੜੀਆਂ ਕਾਇਦੇ ਸਪਾਰੇ ਲੈ ਕੇ ਆਪਾ ਸੁਗਰਾਂ ਦੇ ਦਵਾਲੇ ਪੜ੍ਹਾਈ ਦਾ ਰੌਲਾ ਪਾਉਣ ਲੱਗ ਪਈਆਂ ਤੇ ਸਾਰਾ ਕੁਝ ਮੁੱਕ ਗਿਆ ਜ਼ਮਾਨੇ ਦੇ ਸ਼ੋਰ ਵਿਚ।

ਅੱਲ੍ਹਾ ਜਿਵਾਈ ਦੂਰੋਂ ਨੇੜਿਓਂ ਫੁੱਫੀ ਲੱਗਦੀ ਸੀ ਸੁਗਰਾਂ ਦੀ। ਇਹ ਤੇ ਰੱਬ ਨੂੰ ਹੀ ਪਤਾ ਹੋਸੀ ਕਿ ਅੱਲ੍ਹਾ ਜਿਵਾਈ ਨੂੰ ਸੁਗਰਾਂ ਦਾ ਦੁੱਖ ਖਾਂਦਾ ਸੀ ਜਾਂ ਨੂਰਾਂ ਤਰਖਾਣੀ ਦੀ ਸਾਂਝ ਪਿਆਰੀ ਸੀ। ਉਸ ਨੇ ਨੂਰਾਂ ਦੇ ਪੁੱਤ ਨਾਲ ਸੁਗਰਾਂ ਦੇ ਰਿਸ਼ਤੇ ਦੀ ਗੱਲ ਟੋਰ ਦਿੱਤੀ। ਸੁਗਰਾਂ ਵਿਚਾਰੀ ਵੇਲੇ ਅਤੇ ਹਾਲਾਤ ਦੇ ਹੜ੍ਹ ਵਿਚ ਰੁੜ੍ਹ ਪੁੜ੍ਹ ਕੇ ਸਾਰਾ ਕੁਝ ਡੋਬ ਬੈਠੀ ਸੀ। ਪਰ ਨੂਰਾਂ ਦਾ ਪੁੱਤ ਜੀਰਾ ਵੀ ਵਿਆਹ ਦੇ ਜਹਾਜ਼ ਦੀ ਉਸੇ ਟਿਕਟ ਦੀ ਉਡੀਕ ਵਿਚ ਸੀ ਜਿਹਦੀ ਕੋਈ ਵੀ ਸੀਟ ਖ਼ਾਲੀ ਨਾ ਹੋਵੇ। ਉਹ ਵੀ ਚਾਂਸ ਵਾਲੀ ਟਿਕਟ ਫੜ ਕੇ ਬੜੇ ਹੀ ਚਿਰ ਦਾ ਬੈਠਾ ਹੋਇਆ ਸੀ।

ਨੂਰਾਂ ਤਰਖਾਣੀ ਫੁੱਫੀ ਅੱਲ੍ਹਾ ਜਿਵਾਈ ਦੀ ਗੂਹੜੀ ਸਹੇਲੀ ਸੀ ਤੇ ਨਾਲੇ ਕਈ ਵਰ੍ਹਿਆਂ ਤੋਂ ਲਏ ਹੋਏ ਚਾਲ੍ਹੀ ਰੁਪਏ ਅਜੇ ਤੀਕ ਉਹ ਨੂਰਾਂ ਨੂੰ ਨਹੀਂ ਸੀ ਮੋੜ ਸਕੀ। ਰੱਬ ਜਾਣੇ ਭਤੀਜੀ ਦਾ ਗ਼ਮ ਸੀ ਜਾਂ ਸਹੇਲੀ ਦੀ ਖੁਸ਼ੀ ਜਾਂ ਹੋ ਸਕਦਾ ਏ ਕਰਜ਼ਾ ਲਾਹੁਣ ਦਾ ਹੀ ਇਹ ਵੇਲਾ ਸੀ। ਏਸ ਕਰਕੇ ਅੱਲ੍ਹਾ ਜਿਵਾਈ ਨੂੰ ਇਹ ਰਿਸ਼ਤਾ ਪੱਕਾ ਕਰਨ ਦੀ ਬੜੀ ਕਾਹਲ ਸੀ।

ਜੇ ਸੁਗਰਾਂ ਨੂੰ ਹਾਲਾਤ ਨੇ ਧੱਕੇ ਨਾ ਦਿੱਤੇ ਹੁੰਦੇ ਤੇ ਜੀਰਾ ਤਰਖਾਣ ਪਾਸਕੂ ਵੀ ਨਹੀਂ ਸੀ ਸੁਗਰਾਂ ਦੇ। ਸੁਗਰਾਂ ਦੇ ਮਾਸੂਮ ਅਤੇ ਸਾਫ਼ ਸੁਥਰੇ ਸ਼ਰੀਫ ਜਿਹੇ ਚਿਹਰੇ ਉੱਤੇ ਅਜੇ ਵੀ ਅੰਤਾਂ ਦਾ ਰੂਪ ਸੀ। ਉਸ ਨੇ ਦੁਨੀਆ ਦੀ ਕਿਸੇ ਵੀ ਮੈਲ ਨੂੰ ਕਦੀ ਉਂਗਲ ਵੀ ਨਹੀਂ ਸੀ ਲਾ ਕੇ ਵੇਖੀ। ਉਹਦੇ ਚਿਹਰੇ ਉੱਤੇ ਅਜੇ ਬੜੀਆਂ ਸੱਚੀਆਂ ਲਿਖਤਾਂ ਸਨ।

ਅੱਲ੍ਹਾ ਜਿਵਾਈ ਨੇ ਸੁਗਰਾਂ ਨਾਲ ਜੀਰੇ ਦੀ ਗੱਲ ਟੋਰੀ ਤੇ ਸੁਗਰਾਂ ਦੀ ਬੇਵਸੀ ਦੇ ਖੂਹ ਦਾ ਪਾਣੀ ਉਤਰ ਆਇਆ, ਪਰ ਸ਼ੁਗਰਾਂ ਨੇ ਆਪਣੀ ਸ਼ਰਾਫਤ ਦਾ ਹੱਥ ਦੇ ਕੇ ਉਸ ਪਾਣੀ ਨੂੰ ਅੱਖਾਂ ਵਿਚੋਂ ਵਗਣ ਤੋਂ ਪਹਿਲਾਂ ਹੀ ਡੱਕ ਲਿਆ। ਉਸਦੀ ਚੁੱਪ ਨੂੰ ਅੱਲ੍ਹਾ ਜਿਵਾਈ ਨੇ ਉਹਦੀ ਹਾਂ ਸਮਝ ਕੇ ਨੂਰਾਂ ਤਰਖਾਣੀ ਨੂੰ ਮੁਬਾਰਕਾਂ ਦੇ ਦਿੱਤੀਆਂ। ਹੌਲੀ ਹੌਲੀ ਇਹ ਗੱਲ ਪਿੰਡ ਦੀਆਂ ਗਲੀਆਂ 'ਚੋਂ ਹੁੰਦੀ ਹੋਈ ਘਰ ਘਰ ਫਿਰਨ ਲੱਗ ਪਈ। ਪਿੰਡ ਦੀਆਂ ਮੁਟਿਆਰਾਂ ਨੂੰ ਸੁਗਰਾਂ ਦੀ ਢਲਦੀ ਜਵਾਨੀ ਉੱਤੇ ਰੱਜ ਕੇ ਤਰਸ ਆਇਆ ਅਤੇ ਪਿੰਡ ਦੇ ਜਵਾਨਾਂ ਦਾ ਜੀ ਕੀਤਾ ਕਿ ਜੀਰੇ ਤਰਖਾਣ ਵਿਚ ਆਰਾ ਫੇਰ ਕੇ ਚੀਰ ਪਾ ਦੇਈਏ। ਰੋਹੀ ਦੀ ਕਿੱਕਰ ਨਾਲੋਂ ਕਾਲਾ ਜੀਰਾ ਊਠ ਦੇ ਗਲ ਫੁੰਮਣ ਪਾਉਣ ਵਾਲੀ ਗੱਲ ਸੀ। ਸਾਰਾ ਪਿੰਡ ਹੱਕਾ ਬੱਕਾ ਰਹਿ ਗਿਆ। ਅਖੇ ਖਸਮਾਂ ਬਾਝੋਂ ਸਾਉਣ ਤਿਰਹਾਈਆਂ। ਸੁਗਰਾਂ ਜਿਹੇ ਹੀਰੇ ਨੂੰ ਜੀਰੇ ਜਿਹੇ ਊਠ ਦੇ ਲੜ ਲੱਗਦਾ ਵੇਖ ਕੇ ਸਾਰਾ ਪਿੰਡ ਕਚੀਚੀਆਂ ਵੱਟਦਾ ਸੀ। ਲੋਕੀ ਤੇ ਆਪਾ ਸੁਗਰਾ ਦੀ ਇੱਜ਼ਤ ਨੂੰ ਮੁੱਖ ਰੱਖਦਿਆਂ ਚੁੱਪ ਦੇ ਚੱਪ ਹੀ ਰਹਿ ਗਏ ਪਰ ਬਾਲਾਂ ਨੂੰ ਕਿਹੜੀ ਲੱਥੀ ਚੜ੍ਹੀ ਸੀ। ਨਿੱਕੀ ਜਿਹੀ ਬਾਲੜੀ ਨਜ਼ਮਾ ਸਵੇਰੇ ਸਵੇਰੇ ਆਪਣੀ ਹਿੱਕ ਨਾਲ ਸਪਾਰਾ ਲਾ ਕੇ ਅੰਦਰ

ਵੜੀ ਤੇ ਸੁਗਰਾਂ ਇਕ ਟੁੱਟੇ ਹੋਏ ਘੜੇ ਦੀ ਠੀਕਰੀ ਨਾਲ ਜ਼ਮੀਨ ਤੇ ਲਕੀਰਾਂ ਵਾਹ ਰਹੀ ਸੀ। ਪਤਾ ਨਹੀਂ ਉਹਨੇ ਆਪਣੇ ਨਸੀਬਾਂ ਦਾ ਨਕਸ਼ਾ ਅਜੇ ਵਾਹ ਲਿਆ ਸੀ ਕਿ ਨਹੀਂ, "ਅਸਲਾਮਾ ਲੈਕਮ ਆਪਾ ਸੁਗਰਾਂ" ਆਖ ਕੇ ਨਜ਼ਮਾ ਨੇ ਸਾਰਾ ਕੁਝ ਢਾਹ ਦਿੱਤਾ। ਨਜ਼ਮਾ ਨੇ ਆਪਣੀ ਚੌਂਕੀ ਫੜੀ ਤੇ ਆਪਾ ਸੁਗਰਾਂ ਦੇ ਕੋਲ ਬਹਿ ਕੇ ਆਖਣ ਲੱਗੀ, "ਆਪਾ ਜੀ ਤੁਹਾਡਾ ਵਿਆਹ ਹੋ ਗਿਆ ਤੇ ਅਸੀਂ ਕਿਹਦੇ ਕੋਲੋਂ ਪੜ੍ਹਾਂਗੇ ?" ਜਿਹੜੀ ਛੱਤ ਥੱਲੇ ਆਸਾਂ ਦੀਆਂ ਥੰਮੀਆਂ ਦੇ ਕੇ ਸੁਗਰਾਂ ਖਲਿਹਾਰ ਰਹੀ ਸੀ, ਉਸ ਛੱਤ ਨੂੰ ਨਜ਼ਮਾ ਦੇ ਮਾਸੂਮ ਜਿਹੇ ਸਵਾਲ ਨੇ ਧੜੰਮ ਕਰਕੇ ਡੇਗ ਦਿੱਤਾ। ਨਜ਼ਮਾ ਸਵਾਲ ਕਰਕੇ ਜਵਾਬ ਉਡੀਕਦੀ ਰਹੀ ਤੇ ਸੁਗਰਾਂ ਛੱਤ ਥੱਲੇ ਆ ਕੇ ਦੁਹਾਈ ਪਾਉਣ ਲੱਗ ਪਈ। ਨਾ ਨਜ਼ਮਾ ਦੀ ਮਸੂਮੀਅਤ ਨੂੰ ਕੋਈ ਜਵਾਬ ਲੱਭਿਆ ਤੇ ਨਾ ਹੀ ਸੁਗਰਾਂ ਦੀ ਮਜ਼ਲੂਮੀਅਤ ਨੂੰ ਕੋਈ ਗੱਲ ਸੁੱਝੀ। ਨਜ਼ਮਾ ਨੇ ਚੁੱਪ ਦੀ ਗੰਭੀਰਤਾ ਕੋਲੋਂ ਡਰ ਕੇ ਆਪਣਾ ਸਪਾਰਾ ਖੋਲ੍ਹਿਆ ਤੇ ਰੱਬ ਦੇ ਕਲਾਮ ਉੱਤੇ ਉਂਗਲ ਰੱਖ ਕੇ ਆਪਣਾ ਸਬਕ ਪੜ੍ਹਨ ਲੱਗ ਪਈ। ਅੱਜ ਦਾ ਸਬਕ ਵੀ ਰੱਬ ਸਬੱਬੋਂ ਇਕ ਸਬਕ ਹੀ ਸੀ। ਰੱਬ ਨੇ ਆਖਿਆ, "ਮੈਂ ਆਪਣੇ ਬੰਦੇ ਦਾ ਇਮਤਿਹਾਨ ਲੈਂਦਾ ਹਾਂ ਤੇ ਮੇਰੇ ਬੰਦੇ ਏਸ ਇਮਤਿਹਾਨ ਵਿਚ ਪੂਰੇ ਉਤਰਦੇ ਨੇ।" ਸੋਚਿਆ ਤੇ ਹੋਵੇਗਾ ਸੁਗਰਾਂ ਨੇ ਕਿ ਇਮਤਿਹਾਨ ਸਿਰਫ਼ ਗਰੀਬਾਂ ਦਾ ਹੀ ਕਿਉਂ ਲਿਆ ਜਾਂਦਾ ਏ ? ਰੱਬ ਦੇ ਸਾਰੇ ਬੰਦੇ ਗਰੀਬ ਹੀ ਕਿਉਂ ਹੁੰਦੇ ਨੇ ਅਤੇ ਇਮਤਿਹਾਨ ਦੀਆਂ ਔਕੜਾਂ ਵਿਚ ਗ਼ਰੀਬਾਂ ਨੂੰ ਹੀ ਕਿਉਂ ਪੀੜਿਆ ਜਾਂਦਾ ਏ ?

ਨਜ਼ਮਾ ਦੇ ਸਵਾਲ ਵਾਂਗਰ ਸੁਗਰਾਂ ਦਾ ਜਵਾਬ ਵੀ ਕਿਸੇ ਨਾ ਦਿੱਤਾ। ਸਵਾਲੀ ਮਾੜਾ ਗ਼ਰੀਬ ਹੋਵੇ ਤੇ ਉਹਦੀ ਝੋਲੀ ਵਿਚ ਜਵਾਬ ਦੀ ਖ਼ੈਰ ਮਰਜ਼ੀ ਨਾਲ ਹੀ ਪਾਉਂਦਾ ਏ ਕੋਈ।

ਆਪਾ ਸੁਗਰਾਂ ਦੇ ਵਿਆਹ ਬਾਰੇ ਘਟਾਵਾਂ ਚੜ੍ਹੀਆਂ, ਬੱਦਲ ਗੱਜੇ ਅਤੇ ਫਾਂਡਾ ਵਰ੍ਹ ਕੇ ਹੌਲੀ ਹੌਲੀ ਅਸਮਾਨ ਸਾਫ਼ ਹੋ ਗ੍ਹਿਆ। ਗੱਲ ਆਈ ਗਈ ਹੋ ਗਈ। ਹੁੰਦਾ ਤੇ ਸਾਰਾ ਕੁਝ ਰੱਬੋਂ ਹੀ ਹੈ ਪਰ ਕਦੀ ਕਦੀ ਗੱਲਾਂ ਕਿਸੇ ਹੋਰ ਦੇ ਮੱਥੇ ਲੱਗ ਜਾਂਦੀਆਂ ਨੇ। ਜੀਰੇ ਤਰਖਾਣ ਨੂੰ ਚਾਣਚੱਕ ਅਜਿਹਾ ਹੈਜ਼ਾ ਹੋਇਆ ਕਿ ਉਹ ਮਸਾਂ ਮਸਾਂ ਮੌਤ ਦੇ ਮੂੰਹ 'ਚੋਂ ਬਚਿਆ। ਉਹਦੀ ਮਾਂ ਨੂਰਾਂ ਨੇ ਜਿਥੇ ਹੋਰ ਮੰਨਤਾਂ ਮੰਨੀਆਂ ਇਕ ਐਸੀ ਮੰਨਤ ਵੀ ਦਿਲ ਵਿਚ ਧਾਰ ਲਈ ਜਿਹਨੂੰ ਧਾਰਨ ਲੱਗਿਆਂ ਉਹ ਬੜੀ ਹੀ ਔਖੀ ਹੋਈ ਸੀ। ਪਰ ਪੁੱਤ ਦੀ ਹਯਾਤੀ ਲਈ ਉਸ ਨੇ ਇਕ ਵੱਡੇ ਸਾਰੇ ਸ਼ੌਕ ਨੂੰ ਵੀ ਕੁਰਬਾਨ ਕਰਨ ਦੀ ਮੰਨਤ ਮੰਨ ਲਈ। ਜੀਰਾ ਤਰਖਾਣ ਮੰਜੀ ਤੋਂ ਉੱਠ ਕੇ ਹੌਲੀ ਹੌਲੀ ਟੁਰਨ ਫਿਰਨ ਲੱਗ ਪਿਆ ਤੇ ਲੋਕਾਂ ਦੀ ਆਸ ਫੇਰ ਟੁੱਟ ਗਈ। ਗੱਲ ਇਹ ਨਹੀਂ ਸੀ ਕਿ ਲੋਕੀ ਸੁਗਰਾਂ ਆਪਾ ਨੂੰ ਕੁਆਰੀ ਹੀ ਵੇਖਣਾ ਚਾਹੁੰਦੇ ਸਨ। ਅਸਲ ਗੱਲ ਇਹ ਸੀ ਕਿ ਮੈਲਾ ਜਿਹਾ ਜੀਰਾ ਸੁਗਰਾਂ ਦੀ ਚਿੱਟੀ ਜਵਾਨੀ ਉੱਤੇ ਛਿੱਟ ਬਣ ਕੇ ਪੈ ਜਾਵੇ, ਕਿਸੇ ਨੂੰ ਪਸੰਦ ਨਹੀਂ ਸੀ।

ਸਾਵਣ ਭਾਦੋਂ ਦਾ ਸਿੱਲ੍ਹਾ ਸਿੱਲ੍ਹਾ ਜਿਹਾ ਦਿਹਾੜਾ ਸੀ। ਮੀਂਹ ਸਾਰੀ ਦਿਹਾੜੀ ਰੁਕ ਰੁਕ ਕੇ ਪੈਂਦਾ ਰਿਹਾ ਤੇ ਸ਼ਾਮੀਂ ਖਰਾ ਹੋ ਗਿਆ। ਲੋਕਾਂ ਨੇ ਪੂੜੇ ਅਤੇ ਪਕੌੜੇ ਕੱਢਣ ਦੀਆਂ ਤਿਆਰੀਆਂ ਕੀਤੀਆਂ ਪਰ ਜੀਰੇ ਨੂੰ ਬੀਮਾਰੀ ਕਾਰਨ ਕੁਝ ਵੀ ਚੰਗਾ ਨਹੀਂ ਸੀ ਲੱਗਦਾ। ਉਹ ਰੂਹ ਦੇ ਆਖੇ ਲੱਗ ਕੇ ਲੱਤਾਂ ਦੀ ਮਰਜ਼ੀ ਟਾਲ ਕੇ ਕਾਵਾਂ ਵਾਲੇ ਖੂਹ ਵੱਲ ਟੁਰ ਪਿਆ। ਸਮਾਂ ਚੰਗਾ ਸੀ, ਕਈ ਦਿਨਾਂ ਦੀ ਬੀਮਾਰੀ ਪਿੱਛੋਂ ਅੱਜ ਖੂਹ ਦੀ ਮਣ ਉੱਤੇ ਲੱਤਾਂ ਲਮਕਾ ਕੇ ਬੈਠਣਾ ਉਹਨੂੰ ਚੰਗਾ ਲੱਗਾ। ਉਹਦਾ ਜੀਅ ਕਰਦਾ ਸੀ ਅੱਜ ਉਹਦੇ ਕੋਲ ਕੋਈ ਨਾ ਆਵੇ ਤੇ ਨਾ ਹੀ ਕੋਈ ਗੱਲ ਕਰੇ। ਪਰ ਜੀਅ ਦੀ ਕੋਈ ਸੁਣਦਾ ਈ ? ਇਕ ਦੂਜੇ ਨੂੰ ਟਿਚਕਰਾਂ ਅਤੇ ਠੱਠੇ ਕਰਦੇ ਹੋਏ ਮੁੰਡਿਆਂ ਦੀ ਟੋਲੀ ਵੀ ਪਿੰਡੋਂ ਆਣ ਵੜੀ, "ਹਈ ਸ਼ਾਵਾਸ਼ੇ, ਹਈ ਸ਼ਾਵਾਸ਼ੇ, ਅੱਜ



ਤੇ ਜੀਰਾ ਲਾੜਾ ਵੀ ਆਪਣੀਆਂ ਹੀ ਲੱਤਾਂ ਉੱਤੇ ਟੁਰਿਆ ਫਿਰਦਾ ਏ।" ਖ਼ੁਸ਼ੀਏ ਤੇਲੀ ਨੇ ਮਖ਼ੌਲ ਕੀਤਾ।

"ਉਏ ਇਹਨੂੰ ਆਖੋ ਉਏ ਕੋਈ ਖ਼ੈਰ ਖ਼ੈਰਾਤ ਕੱਢੇ। ਬਚ ਗਿਆ ਜੇ ਆਪਾ ਸੁਗਰਾਂ ਦੀ ਬੰਦੂਕ ਵਰਗੀ ਬਦਦੁਆ ਕੋਲੋਂ।" ਗਫੂਰਾ ਕਾਣ ਆਪਣੀ ਗੱਲ ਆਖ ਕੇ ਜ਼ੀਰੇ ਦੇ ਕੋਲ ਹੀ ਬਹਿ ਗਿਆ ਤੇ ਆਖਣ ਲੱਗਾ, "ਉਏ ਜੀਰਿਆ, ਤੈਨੂੰ ਆਖਿਆ ਨਹੀਂ ਸੀ ਆਪਾ ਸੁਗਰਾਂ ਜਿਹੀ ਜਤੀ ਸਤੀ ਜ਼ਨਾਨੀ ਨਾਲ ਆਪਣੇ ਵਿਆਹ ਵਰਗਾ ਜ਼ੁਲਮ ਨਾ ਕਰੀਂ। ਉਹ ਪਹੁੰਚੀ ਹੋਈ ਰੂਹ ਏ ਤੇ ਉਹਦੀ ਸਿੱਧੀ ਰੱਬ ਨਾਲ ਗੱਲਬਾਤ ਈ। ਸ਼ੁਕਰ ਕਰ ਬਚ ਗਿਆ ਏਂ ਉਹਦੀ ਬਲਦੇ ਤੰਦੂਰ ਵਰਗੀ ਹਾਅ ਕੋਲੋਂ। ਫੁੱਫੀ ਅੱਲ੍ਹਾ ਜਿਵਾਈ ਨੇ ਤੇ ਤੇਰੀ ਮਾਂ ਦਾ ਹੇਜ ਵੰਡ ਕੇ ਵਿਚਾਰੀ ਆਪਾ ਸੁਗਰਾਂ ਦੀ ਮਜਬੂਰੀ ਨਾਲ ਉਹਦੀਆਂ ਲੱਤਾਂ ਜੂੜ ਕੇ ਤੇਰੇ ਲੜ ਲਾਵਣ ਦਾ ਮਤਾ ਪਕਾ ਹੀ ਦਿੱਤਾ ਸੀ। ਤੈਨੂੰ ਆਪ ਸੋਚਣਾ ਚਾਹੀਦਾ ਸੀ ਕਿ ਕਿਥੇ ਰਾਮ ਰਾਮ ਤੇ ਕਿਥੇ ਟੈਂ ਟੈਂ। ਸ਼ੁਕਰ ਕਰ ਘੱਟਿਆ ਬਚ ਗਿਆ ਏਂ।" ਕੋਲੋਂ ਫੀਮਾ ਘੁਮਿਆਰ ਆਖਣ ਲੱਗਾ, "ਉਏ ਦੁਹਾਈ ਰੱਬ ਦੀ ਇਹਨਾਂ ਨੇ ਆਪਾ ਸੁਗਰਾਂ ਦਾ ਸਿਰਫ਼ ਚਾਲ੍ਹੀ ਰੁਪਏ ਹੀ ਮੁੱਲ ਪਾਇਆ ਏ। ਫੁੱਫੀ ਅੱਲ੍ਹਾ ਜਿਵਾਈ ਨੇ ਆਪਣਾ ਉਧਾਰ ਲਾਹੁਣ ਸਦਕਾ ਆਪਾ ਸ਼ੁਗਰਾਂ ਨੂੰ ਬੱਕਰੀ ਵਾਂਗ ਮਾਸੀ ਨੂਰਾਂ ਦੀ ਖੁਰਲੀ 'ਤੇ ਬੰਨ੍ਹ ਦਿੱਤਾ ਏ।"

ਇਹ ਗੱਲਾਂ ਸੁਣ ਕੇ ਜੀਰੇ ਦੇ ਕੰਨ 'ਤੇ ਖੜ੍ਹੇ ਹੋਏ। ਉਹ ਉੱਠਦਾ ਉੱਠਦਾ ਬਹਿ ਗਿਆ ਤੇ ਆਖਣ ਲੱਗਾ, "ਮੈਂ ਏਸ ਗੱਲ ਨੂੰ ਇੰਜ ਵੀ ਨਹੀਂ ਸਮਝਦਾ। ਇਹ ਬੀਮਾਰੀ ਰੱਬੋਂ ਆਉਂਦੀ ਏ। ਮੈਂ ਕੀੜਿਆਂ ਵਾਲੇ ਅਮਰੂਦ ਖਾ ਲਏ ਸੀ, ਜਿਹਦੇ ਨਾਲ ਹੈਜ਼ਾ ਹੋ ਗਿਆ ਸੀ।"

ਇਹ ਸੁਣ ਕੇ ਕੋਲੋਂ ਅੱਲ੍ਹਾ ਰੱਖਾ ਬੁੱਲ੍ਹੜ ਹੱਸਿਆ ਤੇ ਆਖਣ ਲੱਗਾ, "ਉਏ ਜੀਰਿਆ! ਜਾਪਦਾ ਏ ਅਜੇ ਵੀ ਤੈਨੂੰ ਸਬਕ ਨਹੀਂ ਮਿਲਿਆ ? ਅੱਜ ਤੇ ਪੁੱਤਰਾ ਤੂੰ ਕੀੜਿਆਂ ਵਾਲੇ ਅਮਰੂਦ ਖਾਧੇ ਨੇ, ਸਾਨੂੰ ਲੱਗਦਾ ਏ ਅੱਗੋਂ ਹੁਣ ਤੈਨੂੰ ਕਬਰ 'ਚ ਕੀੜੇ ਖਾਵਣਗੇ। ਉਏ ਛੱਡ ਦੇ ਆਪਾ ਸੁਗਰਾਂ ਦਾ ਖਹਿੜਾ। ਤੋਬਾ ਤੋਬਾ ਹੋ ਕੇ ਸਾਰਾ ਟੱਬਰ ਆਪਾ ਸੁਗਰਾਂ ਕੋਲੋਂ ਮੁਆਫ਼ੀ ਮੰਗ ਲਵੋ। ਵਿਆਹ ਕਰਵਾਉਂਦਾ ਕਰਵਾਉਂਦਾ ਕਿਧਰੇ ਜਨਾਜ਼ਾ ਨਾ ਕਢਵਾ ਲਵੀਂ।"

ਰੱਖੇ ਬੁੱਲ੍ਹੜ ਦੀ ਗੱਲ ਅਜੇ ਭੁੰਜੇ ਨਹੀਂ ਸੀ ਪਈ ਤੇ ਰੋਸ਼ਾ ਕਸ਼ਮੀਰੀ ਬੋਲਿਆ, "ਲਉ ਹੋਰ ਸੁਣ ਲਉ, ਇਹ ਜੀਰਾ ਅਜੇ ਵੀ ਅਮਰੂਦਾਂ ਦੇ ਕੀੜਿਆਂ ਦਾ ਨਾਂ ਲਾ ਕੇ ਆਪਾ ਸੁਗਰਾਂ ਜਿਹੀ ਸੰਧੂਰੀ ਅੰਬੀ ਨੂੰ ਚੱਕ ਮਾਰਨ ਨੂੰ ਫਿਰਦਾ ਜੇ। ਏਸ ਨੂੰ ਪੁੱਛੋ ਕਮਲਿਆ ਤੂੰ ਤੇ ਭਲਾ ਕੀੜੇ ਖਾ ਕੇ ਮਰਨ ਲੱਗਾ ਸੈਂ ਤੇ ਫੱਜਾ ਗੁੱਜਰ ਕਿਉਂ ਮਰਿਆ ਸੀ ? ਸਾਰੇ ਪਿੰਡ ਨੂੰ ਪਤਾ ਏ ਕਿ ਉਸ ਨੇ ਆਪਾ ਸੁਗਰਾਂ ਨੂੰ ਦੁੱਧ ਦੀ ਗੜਵੀ ਫੜਾਉਣ ਲੱਗਿਆਂ ਉਹਦੀ ਵੀਣੀ ਨੂੰ ਹੱਥ ਲਾ ਦਿੱਤਾ ਸੀ ਤੇ ਤੀਜੇ ਦਿਹਾੜੇ ਖੁਰਲੀ 'ਚ ਪੱਠੇ ਰਲਾਉਂਦਿਆਂ ਸੱਪ ਲੜਿਆ ਤੇ ਫੁੜਕ ਗਿਆ।"

ਐਸਰਾਂ ਦੀਆਂ ਪੰਜ ਸੱਤ ਗੱਲਾਂ ਹੋਰ ਹੋਈਆਂ ਤੇ ਜੀਰੇ ਤਰਖਾਣ ਦੀ ਅੰਦਰੋਂ ਕੋਠੀ ਹਿੱਲ ਗਈ। ਉਹਨੂੰ ਕਬਰ ਦੇ ਕੀੜੇ, ਸੱਪ ਦਾ ਜ਼ਹਿਰ ਤੇ ਮੌਤ ਦਾ ਫੰਦਾ ਡਰਾਉਣ ਲੱਗ ਪਿਆ। ਖੂਹ ਦੀ ਮਣ ਤੋਂ ਮਲਕੜੇ ਹੀ ਉੱਠ ਕੇ ਘਰ ਨੂੰ ਟੁਰ ਪਿਆ। ਸਾਰੀ ਦਿਹਾੜੀ ਜੀਰਾ ਚੁੱਪ ਚਾਪ ਰਿਹਾ ਤੇ ਤਕਾਲੀਂ ਉਹਦੀ ਮਾਂ ਨੂਰਾਂ ਨੇ ਆਖਿਆ, "ਵੇ ਜੀਰਿਆ! ਅੱਜ ਤੇ ਤੂੰ ਚੰਗਾ ਭਲਾ ਏ ਤੇ ਐਵੇਂ ਬੁੱਲ੍ਹ ਅਟੇਰ ਕੇ ਘੁੱਟਿਆ ਵੱਟਿਆ ਜਿਹਾ ਕਾਹਨੂੰ ਬੈਠਾ ਏਂ ?"

ਜੀਰੇ ਨੇ ਕਬਰ ਦੇ ਕੀੜੇ, ਫੱਜੇ ਗੁੱਜਰ ਦਾ ਸੱਪ ਅਤੇ ਆਪਾ ਸੁਗਰਾਂ ਦੀ ਬਦਦੁਆ ਕੋਲੋਂ ਡਰਨ ਵਾਲੀਆਂ ਸਾਰੀਆਂ ਗੱਲਾਂ ਆਪਣੀ ਮਾਂ ਨੂੰ ਦੱਸ ਕੇ ਆਖਿਆ, "ਬੇਬੇ! ਐਦਕਾਂ ਤੇ ਬਚ ਗਿਆ ਹਾਂ, ਪਰ ਜੇ ਆਪਾ ਸੁਗਰਾਂ ਨਾਲ ਵਿਆਹ ਵਾਲੀ ਗੱਲ ਨਾ ਛੱਡੀ ਤੇ ਮੌਤ ਨੇ ਮੈਨੂੰ

ਨਹੀਂ ਛੱਡਣਾ।"

ਇਹ ਗੱਲਾਂ ਸੁਣ ਕੇ ਨੂਰਾਂ ਤਰਖਾਣੀ ਦਾ ਤ੍ਰਾਹ ਨਿਕਲ ਗਿਆ ਤੇ ਉਸ ਨੇ ਆਪਣੀਆਂ ਦੋਵੇਂ ਉਂਗਲਾਂ ਭੌਏਂ ਨਾਲ ਲਾ ਕੇ ਕੰਨਾਂ ਨੂੰ ਲਾਉਂਦਿਆਂ ਆਖਿਆ, "ਵੇ ਰੱਬਾ! ਮੈਨੂੰ ਮੁਆਫ਼ ਕਰ ਦੇਈਂ। ਜੀਰਾ ਜਦੋਂ ਮੰਜੀ ਉੱਤੇ ਪਿਆ ਬੜਾ ਲਾਗ਼ਰ ਸੀ ਤੇ ਮੈਂ ਵੀ ਮੰਨਤ ਮੰਨੀ ਸੀ ਕਿ ਇਹ ਰਾਜ਼ੀ ਹੋ ਜਾਵੇ ਤੇ ਇਹਦਾ ਵਿਆਹ ਆਪਾ ਸੁਗਰਾਂ ਨਾਲ ਨਹੀਂ ਕਰਾਂਗੀ। ਪਰ ਮੈਂ ਔਗਣਹਾਰੀ ਵਾਇਦਾ ਕਰਕੇ ਫਿਰ ਗਈ ਸਾਂ। ਕਸੂਰ ਅਸਲ ਵਿਚ ਮੇਰਾ ਵੀ ਕੋਈ ਬਹੁਤਾ ਨਹੀਂ। ਇਹ ਔਂਤਰਾ ਸ਼ੈਤਾਨ ਬੜਿਆਂ ਬੜਿਆਂ ਨੂੰ ਉਂਗਲੀ ਲਾ ਲੈਂਦਾ ਏ। ਮੈਂ ਵੀ ਆਪਣੇ ਜੀਅ ਵਿਚ ਇਹ ਹੀ ਆਖ ਛੱਡਿਆ ਸੀ ਕਿ ਮੇਰੇ ਜੀਰੇ ਦੀ ਬੀਮਾਰੀ ਦਾ ਕਾਰਨ ਅਮਰੂਦ ਹੀ ਸਨ। ਆਪਾ ਸੁਗਰਾਂ ਨੇ ਇਹਦੇ ਵਿਚ ਕੀ ਕੀਤਾ ਏ ?" ਇਹ ਗੱਲ ਕਰਕੇ ਨੂਰਾਂ ਨੇ ਜੀਰੇ ਨੂੰ ਗਲ ਨਾਲ ਲਾਇਆ ਤੇ ਆਖਣ ਲੱਗੀ, "ਚੰਗਾ ਕੀਤਾ ਈ ਪੁੱਤ, ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਨੀ। ਮੈਂ ਅੱਜ ਹੀ ਆਪਾ ਸੁਗਰਾਂ ਦੇ ਪੈਰਾਂ ਨੂੰ ਹੱਥ ਲਾ ਕੇ ਮੁਆਫ਼ੀ ਮੰਗ ਆਵਾਂਗੀ। ਖਸਮਾਂ ਨੂੰ ਖਾਣ ਚਾਲੀ ਰੁਪਏ ਜੇ ਅੱਲ੍ਹਾ ਜਿਵਾਈ ਨਹੀਂ ਦੇਂਦੀ ਤੇ ਉਹਦੇ ਵੀ ਕਿਸੇ ਪੁੱਤ ਦੇ ਖੱਫਣ ਉੱਤੇ ਹੀ ਲੱਗਣਗੇ। ਜਾਨ ਆ ਤੇ ਜਹਾਨ ਆ। ਅੱਜ ਤੋਂ ਆਪਾ ਸੁਗਰਾਂ ਦੇ ਵਿਆਹ ਦਾ ਅਸਾਂ ਨਾਂ ਨਹੀਂ ਲੈਣਾ। ਸਾਨੂੰ ਕੀ ਲੋੜ ਏ ਰੱਬ ਦੇ ਵਲੀ ਹੱਥੋਂ ਮਰਨ ਦੀ।"

ਆਪਾ ਸੁਗਰਾਂ ਦਾ ਬਾਲਪੁਣਾ ਜਵਾਨੀ ਦੀ ਘਾਟੀ ਲੰਘ ਕੇ ਢਲਦੀ ਉਮਰ ਦੇ ਪੱਤਣ ਉੱਤੇ ਆ ਖਲੋਤਾ। ਭੁੱਖ ਨੰਗ ਦੇ ਔਖੇ ਸੌਖੇ ਦਿਹਾੜੇ ਉਸ ਨੇ ਆਪਣੇ ਇਕਲਾਪੇ ਨੂੰ ਗਲ ਲਾ ਕੇ ਕੱਢ ਲਏ। ਉਹਦੀਆਂ ਮੰਗਣੀਆਂ ਹੋਈਆਂ ਤੇ ਹੋ ਕੇ ਟੁੱਟੀਆਂ। ਕਿਸੇ ਨੇ ਉਸ ਨੂੰ ਵਲੀ ਅੱਲ੍ਹਾ ਬਜ਼ੁਰਗ ਆਖਿਆ ਤੇ ਕਿਸੇ ਨੇ ਜਤੀ ਸਤੀ। ਕੌਣ ਜਾਣੇ ਹਯਾਤੀ ਦੇ ਚੁੱਲ੍ਹੇ ਉੱਤੇ ਚੜ੍ਹੇ ਸਾਹਵਾਂ ਦੀ ਰਿਝਦੀ ਖੀਰ ਵਿਚ ਜਜ਼ਬਿਆਂ 'ਤੇ ਕੀ ਗੁਜ਼ਰੀ ਏ ? ਉਹ ਤੇ ਵਿਚਾਰੀ ਚੁੱਪ ਦਾ ਰੋਜ਼ਾ ਰੱਖ ਕੇ ਡੰਡ ਪਾਉਂਦੇ ਲੋਕਾਂ ਦੀਆਂ ਗੱਲਾਂ ਸੁਣ ਕੇ ਰੱਬ ਵੱਲ ਝਾਤੀ ਮਾਰ ਛੱਡਦੀ ਸੀ। ਇਕ ਜੀਰੇ ਤਰਖਾਣ ਨੇ ਹੀ ਉਹਦੇ ਵੱਲ ਪੈਰ ਪੁੱਟਿਆ ਤੇ ਉਹ ਵੀ ਪਰਤ ਗਿਆ। ਆਪਾ ਸੁਗਰਾਂ ਵਿਚਾਰੀ ਦਾ ਉਹੀ ਨੱਕ ਦੀ ਸੇਧ ਵਾਲਾ ਸਫ਼ਰ, ਜਿਸ ਵਿਚ ਕਦੀ ਵੀ ਕੋਈ ਮੋੜ ਨਾ ਆਇਆ। ਉਹਦੇ ਕੋਲੋਂ ਪੜ੍ਹਨ ਵਾਲੀਆਂ ਕੁੜੀਆਂ ਦਾ ਦੂਜਾ ਪੂਰ ਵੀ ਪੜ੍ਹ ਕੇ ਜਵਾਨ ਹੋ ਗਿਆ। ਬਹੁਤੀਆਂ ਕੁੜੀਆਂ ਨੂੰ ਆਪਾ ਸੁਗਰਾਂ ਦੀ ਜ਼ਿੰਦਗੀ ਨਾਲ ਐਸਰਾਂ ਦੀ ਅਕੀਦਤ ਸੀ ਕਿ ਉਸੇ ਤਰ੍ਹਾਂ ਦੀਆਂ ਬਣ ਕੇ ਉਹਦੇ ਵਰਗੀ ਹੀ ਇੱਜ਼ਤ ਇਹਤਰਾਮ ਅਤੇ ਬਜ਼ੁਰਗੀ ਦੀ ਖਾਹਸ਼ ਕਰਦੀਆਂ ਤੇ ਉਸ ਵਾਂਗ ਜ਼ਿੰਦਗੀ ਗੁਜ਼ਾਰਨ ਨੂੰ ਚੰਗਾ ਸਮਝਦੀਆਂ।

ਸੂਰਜ ਹੌਲੀ ਹੌਲੀ ਚੁੱਪ ਚਪੀਤਾ ਲਹਿੰਦੇ ਵੱਲ ਟੁਰਿਆ ਜਾ ਰਿਹਾ ਸੀ। ਕੰਧਾਂ ਦੇ ਪਰਛਾਵੇਂ ਪਲ ਪਲ ਲੰਮੇ ਹੁੰਦੇ ਜਾ ਰਹੇ ਸਨ। ਖੱਦਰ ਦੀ ਚਿੱਟੀ ਚਾਦਰ ਦੀ ਬੁੱਕਲ ਮਾਰੀ ਪੀੜ੍ਹੀ 'ਤੇ ਬੈਠੀ ਆਪਾ ਸੁਗਰਾਂ ਪਰਛਾਵੇਂ ਤੋਂ ਡਰਦੀ ਆਪਣੀ ਪੀੜ੍ਹੀ ਨੂੰ ਹੋਰ ਅੱਗੇ ਖਿੱਚ ਕੇ ਧੁੱਪ ਦੀ ਭਾਲ ਦਾ ਪੈਂਡਾ ਕਰਦੀ ਜਾਂਦੀ ਸੀ। ਉਮਰ ਹੰਢਾਅ ਕੇ ਝੜ ਗਏ ਪੱਤਿਆਂ ਵਾਲੀ ਵਿਹੜੇ 'ਚ ਖਲੋਤੀ ਵੀਰਾਨ ਕੰਡਿਆਲੀ ਬੇਰੀ ਉੱਤੇ ਚਿੜੀਆਂ ਦਾ ਰੌਲਾ ਦੱਸ ਰਿਹਾ ਸੀ ਕਿ ਅਨ੍ਹੇਰਾ ਹੋਣ ਈ ਵਾਲਾ ਏ। ਦੋ ਤਿੰਨਾਂ ਦਿਹਾੜੀਆਂ ਦੇ ਤਾਪ ਨੇ ਆਪਾ ਨੂੰ ਕੁਝ ਮਧੋਲ ਜਿਹਾ ਛੱਡਿਆ ਸੀ। ਉਹ ਆਪਣੀ ਹਿੱਕ ਉੱਤੇ ਹੱਥ ਰੱਖ ਕੇ ਹੌਲੀ ਹੌਲੀ ਦਬ ਰਹੀ ਸੀ ਕਿ ਕੋਲ ਬੈਠੀ ਇਕ ਜਵਾਨ ਸ਼ਗਿਰਦ ਨੇ ਆਖਿਆ "ਆਪਾ ਜੀ, ਮੈਂ ਤੁਹਾਡਾ ਬਿਸਤਰਾ ਸਿੱਧਾ ਕਰ ਦਿੱਤਾ ਏ ਤੇ ਉੱਠ ਕੇ ਅੰਦਰ ਚਲੇ ਚਲੋ।" ਉਸਨੇ ਸੂਰਜ ਦੀ ਅੱਖ ਮੀਟਦੀ ਲਾਲੀ ਵੱਲ ਵੇਖ ਕੇ ਆਖਿਆ, "ਕੋਈ ਨਹੀਂ ਮਰੀਅਮ, ਕੁਝ ਚਿਰ ਬਾਹਰ ਬੈਠ ਲੈਣ ਦੇ, ਆਖ਼ਰ ਅੰਦਰ ਹੀ ਤੇ ਜਾਣਾ ਏ ਇਕ



ਦਿਨ।"

ਬੇਰੀ ਉੱਤੇ ਚਿੜੀਆਂ ਦਾ ਰੌਲਾ ਮੁੱਕ ਗਿਆ, ਮਸੀਤ ਵਿਚੋਂ ਅਜ਼ਾਨ ਦੀ ਆਵਾਜ਼ ਆਈ ਕਿ ਅੱਲ੍ਹਾ ਸਭ ਤੋਂ ਵੱਡਾ ਏ। ਆਪਾ ਸੁਗਰਾਂ ਨਮਾਜ਼ ਲਈ ਉੱਠਣ ਲੱਗੀ ਤੇ ਲੱਤਾਂ ਨੇ ਸਾਥ ਨਾ ਦਿੱਤਾ। ਡਿੱਗਦੀ ਡਿੱਗਦੀ ਨੇ ਕੰਧ ਦਾ ਆਸਰਾ ਲੈ ਲਿਆ। ਮਰੀਅਮ ਨੇ ਵੇਖਿਆ ਤੇ ਦੌੜ ਕੇ ਆਪਾ ਨੂੰ ਸਾਂਭ ਲਿਆ। ਉਹ ਸਹਾਰਾ ਦੇ ਕੇ ਅੰਦਰ ਬਿਸਤਰੇ ਤਕ ਲੈ ਗਈ ਪਰ ਆਪਾ ਨੇ ਜ਼ਿਦ ਕਰਕੇ ਵਜ਼ੂ ਲਈ ਪਾਣੀ ਮੰਗਿਆ ਤੇ ਮਰੀਅਮ ਨੇ ਆਖਿਆ, "ਰਹਿਣ ਦੇਵੋ ਆਪਾ ਜੀ, ਨਮਾਜ਼ ਫੇਰ ਪੜ੍ਹੀ ਜਾਏਗੀ, ਤੁਸੀਂ ਮੰਜੀ ਉੱਤੇ ਲੇਟ ਜਾਵੋ।" ਸੁਗਰਾਂ ਬੁੱਲ੍ਹਾਂ ਵਿਚ ਨਿੰਮ੍ਹਾ ਜਿਹਾ ਹੱਸ ਕੇ ਆਖਣ ਲੱਗੀ, "ਨੀ ਝੱਲੀਏ! ਇਹ ਨਮਾਜ਼ ਫੇਰ ਨਹੀਂ ਆਉਣੀ, ਲੇਟਣ ਲਈ ਤੇ ਹੁਣ ਇਹ ਵੇਲਾ ਸਾਰਾ ਹੀ ਮੇਰੇ ਕੋਲ ਹੈ।" ਆਪਾ ਨਮਾਜ਼ ਪੜ੍ਹਦਿਆਂ ਪੜ੍ਹਦਿਆਂ ਬਹਿ ਗਈ ਤੇ ਮੁਸੱਲੇ ਤੋਂ ਉੱਠ ਕੇ ਮੰਜੀ ਉੱਤੇ ਜਾਣ ਦਾ ਪੈਂਡਾ ਬੜਾ ਹੀ ਔਖਾ ਹੋ ਗਿਆ। ਮਰੀਅਮ ਨੇ ਪਾਣੀ ਦੇ ਦੋ ਘੁੱਟ ਪਿਆ ਕੇ ਦਵਾਖੇ ਵਿਚ ਪਏ ਦੀਵੇ ਨੂੰ ਤੀਲੀ ਲਾਈ ਤੇ ਉਹਦਾ ਤੇਲ ਵੇਖ ਕੇ ਆਖਣ ਲੱਗੀ, "ਆਪਾ ਜੀ, ਦੀਵੇ ਵਿਚ ਤੇ ਬੜਾ ਹੀ ਥੋੜ੍ਹਾ ਤੇਲ ਰਹਿ ਗਿਆ ਏ। ਤੇਲ ਵਾਲੀ ਬੋਤਲ ਕਿਥੇ ਹੈ ? ਮੈਂ ਰਤੀ ਕੁ ਤੇਲ ਪਾ ਦੇਵਾਂ।" ਆਪਾ ਸੁਗਰਾਂ ਨੇ ਦੀਵੇ ਦੀ ਲੋਅ ਵੱਲ ਵੇਖ ਕੇ ਆਖਿਆ, "ਨੀ ਛੱਡ ਮਰੀਅਮ ਕੀ ਕਰਨੀ ਏ ਬਹੁਤੀ ਲੋਅ, ਹੁਣ ਤੇ ਉਂਜ ਵੀ ਲੋਅ ਲੱਗਣ ਦਾ ਵੇਲਾ ਆ ਗਿਆ ਏ। ਮੈਨੂੰ ਲੱਗਦਾ ਏ ਤੇਲ ਵਾਲੀ ਬੋਤਲ ਵੀ ਸੱਖਣੀ ਹੋ ਗਈ ਏ। ਏਸ ਦੀਵੇ ਦਾ ਤੇਲ ਪੂਰੀ ਰਾਤ ਨਾ ਵੀ ਕੱਢੇਗਾ ਤੇ ਕੀ ਫ਼ਰਕ ਪੈਂਦਾ ਹੈ ? ਜਦੋਂ ਬੰਦਾ ਸੌਂ ਜਾਵੇ ਜਾਂ ਅੱਖਾਂ ਮੀਟ ਲਵੇ ਤੇ ਫੇਰ ਕੀ ਪਤਾ ਲੱਗਦਾ ਏ ਕਿ ਰੌਸ਼ਨੀ ਹੈ ਜਾਂ ਅਨ੍ਹੇਰਾ ?" ਆਪਾ ਸੁਗਰਾਂ ਦੇ ਪੈਰਾਂ ਤੇ ਚੰਗੀ ਤਰ੍ਹਾਂ ਰਜਾਈ ਦੇ ਕੇ ਮਰੀਅਮ ਨੇ ਆਖਿਆ, "ਆਪਾ ਜੀ, ਅੱਜ ਮੈਂ ਤੁਹਾਡੇ ਕੋਲ ਹੀ ਸੌਂਵਾਂਗੀ ਤੇ ਹੁਣ ਮੈਂ ਦੌੜ ਕੇ ਆਪਣੀ ਬੇਬੇ ਨੂੰ ਦੱਸ ਆਵਾਂ।" ਸੁਗਰਾਂ ਨੇ ਹੱਥ ਦੇ ਇਸ਼ਾਰੇ ਨਾਲ ਆਗਿਆ ਦੇ ਕੇ ਆਖਿਆ, "ਮਰੀਅਮ ਬਹੁਤੀ ਦੇਰ ਨਾ ਕਰ ਦਈਂ, ਕਿਧਰੇ ਦੇਰ ਹੀ ਨਾ ਹੋ ਜਾਏ। ਛੇਤੀ ਮੁੜੀਂ ਤੇ ਕਿਸੇ ਹੋਰ ਕੁੜੀ ਨੂੰ ਨਾਲ ਨਾ ਲਿਆਈਂ। ਅੱਜ ਮੈਂ ਤੇਰੇ ਨਾਲ ਬੜੀਆਂ ਗੂਹੜੀਆਂ ਗੱਲਾਂ ਕਰਨੀਆਂ ਨੇ।"

ਮਰੀਅਮ ਹੱਥ ਵਿਚ ਦੁੱਧ ਦਾ ਛੰਨਾ ਲੈ ਕੇ ਪਰਤੀ ਤੇ ਦਵਾਖੇ 'ਚ ਪਏ ਹੋਏ ਦੀਵੇ ਦੀ ਲੋਅ ਤੇਲ ਦੀ ਘਾਟ ਹੋਣ ਕਰਕੇ ਬੜੀ ਹੀ ਨਿੰਮ੍ਹੀ ਹੋ ਚੁੱਕੀ ਸੀ। ਦੀਵਾ ਉਭੇ ਜਿਹੇ ਸਾਹ ਲੈ ਰਿਹਾ ਸੀ। ਮਰੀਅਮ ਨੇ ਰਹਿੰਦੇ ਖੂੰਹਦੇ ਤੇਲ ਵਿਚ ਪੋਟਾ ਡੋਬ ਕੇ ਰੂੰ ਦੀ ਬੱਤੀ ਉੱਤੇ ਨਚੋੜਿਆ ਕਿ ਕੁਝ ਚਿਰ ਲਈ ਲੋਅ ਹੁੰਦੀ ਰਵ੍ਹੇ। ਫੇਰ ਚੁੱਪਚਾਪ ਪਈ ਸੁਗਰਾਂ ਦੇ ਮੂੰਹ ਵਿਚ ਦੋ ਘੁੱਟ ਦੁੱਧ ਪਾਇਆ ਕਿ ਸਾਹ ਸੌਖਾ ਹੋ ਜਾਵੇ। ਇੰਜ ਲੱਗਦਾ ਸੀ ਜਿਵੇਂ ਦੋਵੇਂ ਹੀ ਦੀਵੇ ਬੜੇ ਕਾਹਲੇ ਨੇ ਆਪਣੀ ਆਪਣੀ ਮੰਜ਼ਿਲ ਲਈ।

ਦੁੱਧ ਦੇ ਦੋ ਘੁੱਟ ਪੀ ਕੇ ਆਪਾ ਸੁਗਰਾਂ ਨੇ ਮਰੀਅਮ ਦੀ ਬਾਂਹ ਫੜ ਕੇ ਆਪਣੀ ਮੰਜੀ ਦੀ ਬਾਹੀ 'ਤੇ ਬਿਠਾ ਲਿਆ ਤੇ ਆਖਣ ਲੱਗੀ, "ਵੇਖ ਮਰੀਅਮ! ਮੇਰੇ ਲਈ ਅੱਜ ਇਹ ਅਖ਼ੀਰਲੀ ਤੇ ਤੇਰੇ ਜਿਹੀਆਂ ਮੁਟਿਆਰਾਂ ਲਈ ਇਹ ਪਹਿਲੀ ਗੱਲ ਹੈ। ਮੇਰੀ ਏਸ ਗੱਲ ਨੂੰ ਪੱਲੇ ਬੰਨ੍ਹ ਕੇ ਸਾਰੇ ਜਹਾਨ ਦੀਆਂ ਕੁੜੀਆਂ ਨੂੰ ਇਹ ਸੁਨੇਹਾ ਦੇ ਦਈਂ। ਉਹਨਾਂ ਨੂੰ ਆਖੀਂ ਨੇਕੀ ਅਤੇ ਸ਼ਰਾਫਤ ਦਾ ਲੜ ਫੜ ਕੇ ਜਵਾਨੀ ਦੇ ਜਿੱਲ੍ਹਣ ਵਿਚੋਂ ਦੀ ਲੰਘ ਜਾਣਾ ਗੱਲ ਤੇ ਬੜੀ ਚੰਗੀ ਏ ਪਰ ਲੰਘਣ ਲੱਗਿਆਂ ਕਿੰਨੀ ਵਾਰੀ ਮਰਨਾ ਪੈਂਦਾ ਹੈ ਇਹ ਸਿਰਫ਼ ਮੈਨੂੰ ਹੀ ਪਤਾ ਏ। ਅੜੀਓ ਕਿਧਰੇ ਤੁਸੀਂ ਨਾ ਰੱਬ ਦੇ ਕਾਨੂੰਨ ਨੂੰ ਕਤਲ ਕਰਕੇ ਫਾਂਸੀ ਚੜ੍ਹਨਾ। ਵੇਖਿਓ! ਕਿਧਰੇ ਤੁਸੀਂ ਵੀ ਆਪਾ ਸੁਗਰਾਂ ਬਣਨ ਦੀ ਗ਼ਲਤੀ ਨਾ ਕਰਿਓ। ਮੈਨੂੰ ਤੇ ਜੇਸਰਾਂ ਦਾ ਵੀ ਬਣਾ

ਛੱਡਿਆ ਉਹ ਵੇਲੇ ਦੇ ਘੁਮਿਆਰ ਦੀ ਮਜਬੂਰੀ ਸੀ। ਮੈਂ ਜੋ ਵੀ ਬਣੀ, ਜੇਸਰਾਂ ਦੀ ਵੀ ਬਣੀ ਉਹ ਸਾਰੀ ਵੇਲੇ ਦੀ ਕਾਰਸਤਾਨੀ ਸੀ ਅਤੇ ਮੇਰ ਕੋਲੋਂ ਮੇਰ ਹਾਲਾਤ ਨੇ ਕਦੀ ਵੀ ਨਹੀਂ ਪੁੱਛਿਆ ਕਿ ਤੂੰ ਵੀ ਆਪਣੀ ਕੋਈ ਮਰਜ਼ੀ ਦੱਸ। ਮੈਨੂੰ ਏਥੋਂ ਤੀਕਰ ਲਿਆਵਣ ਵਾਲੇ ਹਾਲਾਤ ਅਤੇ ਵੇਲੇ ਨੇ ਮੇਰੀ ਉਂਗਲ ਫੜ ਕੇ ਲਿਆਂਦਾ ਏ। ਮੇਰੀ ਮਰਜ਼ੀ ਕਦੋਂ ਕਿਸੇ ਨੇ ਪੁੱਛੀ ਸੀ। ਆਖ ਛੱਡੀਂ ਮਰੀਅਮ ਆਪਣੇ ਹਾਣ ਦੀਆਂ ਸਾਰੀਆਂ ਕੁੜੀਆਂ ਨੂੰ। ਕਿਧਰੇ ਉਹ ਮੇਰੇ ਪੈਰਾਂ 'ਤੇ ਪੈਰ ਰੱਖ ਕੇ ਟੁਰਨ ਦੀ ਕੋਸ਼ਿਸ਼ ਨਾ ਕਰਨ। ਬੜਾ ਔਖਾ ਏ ਇੰਜ ਮਰ ਮਰ ਕੇ ਜੀਵਣਾ। ਸਾਰੇ ਜਹਾਨ ਨਾਲ ਜੰਗ ਛੇੜੀ ਜਾ ਸਕਦੀ ਏ ਪਰ ਆਪਣੀ ਰੂਹ ਅਤੇ ਆਪਣੇ ਅੰਦਰ ਨਾਲ ਲੜਨਾ ਬੜਾ ਹੀ ਔਖਾ ਹੈ। ਨੀ ਮਰੀਅਮ! ਆਪਣੇ ਨਫਸ ਨਾਲ ਮੱਥਾ ਲਾ ਕੇ ਜੀਵਣਾ ਜਵਾਨੀ ਦੀ ਮੌਤ ਅਤੇ ਆਪਣੇ ਆਪ ਨੂੰ ਨਾਗ ਲੜਾਵਣ ਵਾਲੀ ਗੱਲ ਹੈ।

ਤੂੰ ਆਖ ਦੇਵੀਂ ਸਾਰੇ ਪਿੰਡ ਦੀਆਂ ਕੁੜੀਆਂ ਨੂੰ ਕਿ ਸੁਗਰਾਂ ਦੇ ਅੰਦਰ ਵੀ ਇਕ ਸੁਗਰਾਂ ਸੀ ਜਿਹਨੂੰ ਨਾ ਕਿਸੇ ਨੇ ਵੇਖਿਆ, ਨਾ ਸੁਣਿਆ। ਮੈਂ ਸਾਰੀ ਹਯਾਤੀ ਸਬਕ ਪੜ੍ਹਾਇਆ ਪਰ ਇਹ ਨਾ ਦੱਸ ਸਕੀ ਕਿ ਕੁਦਰਤ ਅਤੇ ਫਿਤਰਤ ਨਾਲ ਆਢਾ ਲਾ ਕੇ ਸਾਰੀ ਹਯਾਤੀ ਹੀ ਜੰਗ ਕਰਦਿਆਂ ਲੰਘ ਜਾਂਦੀ ਜੇ।

ਵੇਖੀਂ ਮਰੀਅਮ! ਕਿਧਰੇ ਸੁਗਰਾਂ ਨੂੰ ਨਮੂਨਾ ਬਣਾ ਕੇ ਕੋਈ ਕੁੜੀ ਸਾਰੀ ਉਮਰ ਆਪਣੇ ਆਪ ਨਾਲ ਹੱਥੋ ਪਾਈ ਨਾ ਹੁੰਦੀ ਰਹਵੇ।

ਦੀਵਾ ਫੇਰ ਉੱਚਾ ਹੋਣ ਲੱਗ ਪਿਆ। ਇੰਜ ਲੱਗਦਾ ਸੀ ਜਿਵੇਂ ਕਿਸੇ ਨੂੰ ਕਾਂਬਾ ਛਿੜ ਗਿਆ ਹੋਵੇ। ਜਿਵੇਂ ਕੋਈ ਡੁੱਬਣ ਵਾਲੀ ਜ਼ਿੰਦਗੀ ਦੀ ਫਰਿਆਦ ਕਰਦਾ ਏ। ਮਰੀਅਮ ਨੇ ਆਲੇ ਦਵਾਲੇ ਦੇ ਤੇਲ ਵਿਚ ਪੋਟਾ ਭਿਉਂ ਕੇ ਦੀਵੇ ਦੇ ਲਬਾਂ ਨੂੰ ਲਾਇਆ ਕਿ ਚਾਰ ਸਾਹ ਹੋਰ ਕੱਢ ਲਵੇ।

"ਨੀ ਮਰੀਅਮ, ਦੋ ਚੂਲੀਆਂ ਪਾਣੀ ਮੇਰੇ ਮੂੰਹ 'ਚ ਪਾਈਂ, ਜ਼ਬਾਨ ਬੜੀ ਹੀ ਸੁੱਕ ਗਈ ਏ।" ਸੁਗਰਾਂ ਨੇ ਪਾਣੀ ਦੇ ਗਲਾਸ ਵੱਲ ਇਸ਼ਾਰਾ ਕਰਕੇ ਆਖਿਆ। ਮਰੀਅਮ ਨੇ ਦੋ ਚਮਚੇ ਪਾਣੀ ਆਪਾ ਸੁਗਰਾਂ ਦੇ ਮੂੰਹ ਵਿਚ ਪਾਇਆ ਤੇ ਉਸ ਨੇ ਫੇਰ ਅੱਖਾਂ ਪੁੱਟ ਲਈਆਂ। ਉਹ ਆਪਣੇ ਹੋਠਾਂ 'ਤੇ ਜੀਭ ਫੇਰ ਕੇ ਆਖਣ ਲੱਗੀ, "ਵੇਖ ਮਰੀਅਮ! ਇਹ ਜ਼ਿੰਦਗੀ ਬੰਦੇ ਕੋਲੋਂ ਹਿਸਾਬ ਮੰਗਦੀ ਹੈ। ਵੇਖਿਓ ਕਿਧਰੇ ਬੇਹਿਸਾਬੀ ਨਾ ਕਰਿਓ। ਤੁਸੀਂ ਕਿਧਰੇ ਸੁਗਰਾਂ ਬਣਨ ਦੀ ਕੋਸ਼ਿਸ਼ ਨਾ ਕਰਿਓ। ਸਿਆਲ ਦੀਆਂ ਕਾਲੀਆਂ ਲੰਮੀਆਂ ਰਾਤਾਂ 'ਚ ਅੱਧੀ ਰਾਤ ਨੂੰ ਬਰਕਤ ਚੌਂਕੀਦਾਰ ਬਾਹਰ ਗਲੀ ਵਿਚ ਜਦੋਂ ਵੀ ਆਖਦਾ ਹੁੰਦਾ ਸੀ, "ਜਾਗਦੇ ਰਹੋ ਪਈ ਜਾਗਦੇ ਰਹੋ" ਤੇ ਮੇਰਾ ਜੀ ਕਰਦਾ ਹੁੰਦਾ ਸੀ ਬਰਕਤ ਦਾ ਗੁੱਟ ਫੜ ਕੇ ਅੰਦਰ ਲੈ ਆਵਾਂ ਤੇ ਉਹਨੂੰ ਜੱਫਾ ਪਾ ਕੇ ਉਹਦੇ ਵਿਚ ਗਵਾਚ ਜਾਵਾਂ।"

ਆਖਦੇ ਆਖਦੇ ਸੁਗਰਾਂ ਦੇ ਸਾਹ ਲੰਮੇ ਲੰਮੇ ਹੋ ਗਏ ਤੇ ਸਾਹਾਂ ਦੀ ਹਵਾ ਕੋਲੋਂ ਡਰਦਾ ਹੋਇਆ ਦੀਵਾ ਵੀ ਕੰਬਣ ਲੱਗ ਪਿਆ। ਉਹਦੇ ਆਖ਼ਰੀ ਸਾਹ ਦੀ ਚਪੇੜ ਨਾਲ ਦੀਵੇ ਦਾ ਸਾਹ ਵੀ ਨਿਕਲ ਗਿਆ।

ਮਰੀਅਮ ਨੇ ਆਪਾ ਸੁਗਰਾਂ ਦੇ ਨੇੜੇ ਜਿਹੇ ਹੋ ਕੇ ਵੇਖਿਆ। ਸੁਗਰਾਂ ਦੇ ਦੋਵੇਂ ਹੱਥ ਉਹਦੇ ਮੱਥੇ ਉੱਤੇ ਧਰੇ ਹੋਏ ਸਨ ਜਿਵੇਂ ਸਾਰੀ ਦੁਨੀਆ ਨੂੰ ਸਲਾਮ ਕਰ ਰਹੇ ਹੋਣ।

●

#43, ਓਕਲੈਂਡ ਰੋਡ, ਲੰਡਨ—ਈ 15-2ਏ ਐਨ, ਯੂ. ਕੇ.
ਟੈਲੀਫ਼ੋਨ : 0208-5192139



# – ਕੱਲ੍ਹ ਤੇ ਭਲਕੇ

**ਗੁਲਾਮ ਹਸਨ ਸਾਜਿਦ –**

ਰਾਤ ਆਪਣੇ ਅਖ਼ੀਰਲੇ ਦਮਾਂ 'ਤੇ ਏ। ਹਵਾ ਦੀ ਨਿੰਮੀ ਨਿੰਮੀ ਸ਼ੂਕਰ ਆਪ ਮੁਹਾਰੀ ਵਧਦੀ ਜਾਂਦੀ ਏ ਤੇ ਘਾਟੀਆਂ, ਰੁੱਖਾਂ ਤੇ ਪੀਲੇ ਪੱਤਰਾਂ ਅੰਦਰ ਲੁਕੀਆਂ ਸੁਨਹਿਰੀ ਰੰਗ ਚਿੜੀਆਂ ਹਿੱਕ ਮੁੱਠ ਹੋ ਕੇ ਚੁਹਕਣ ਲੱਗ ਪਈਆਂ ਨੇ। ਚਾਨਣ ਹੋਵਣ ਵਿਚ ਥੋੜ੍ਹੀ ਜਿਹੀ ਵਿੱਥ ਰਹਿ ਗਈ ਤੇ ਉਹਦੀਆਂ ਨੀਂਦਰ ਮਾਰੀਆਂ ਰੱਤੀਆਂ ਅੱਖਾਂ ਵਿਚ ਸ਼ਾਹ ਕਾਲੀ ਰਾਤ ਦਾ ਸਾਇਆ ਕਿਨਾਰਿਓਂ ਬਾਹਰ ਹੋ ਕੇ ਢਲਣ ਵਾਲਾ ਹੋਇਆ ਖਲਾ ਏ। ਅਸੀਂ ਦੋਵੇਂ ਲੰਘ ਚੱਲੀ ਰਾਤ ਦੀ ਵਾਪਰੀ ਪਾਰੋਂ ਪੱਚੀ ਆਂ ਤੇ ਹਿੱਕ ਦੂਏ ਨੂੰ ਅੱਖ ਭਰ ਕੇ ਵੇਖਣ ਵੇਲੇ ਆਉਣ ਵਾਲਿਆਂ ਪਲਾਂ ਦੇ ਡਰ ਤੋਂ ਆਪਣੇ ਆਪ ਨੂੰ ਕੁੰਜੀ ਜਾਨੇ ਆਂ ਤੇ ਸਾਨੂੰ ਕੱਖ ਪਤਾ ਨਹੀਂ ਪਿਆ ਲੱਗਦਾ ਕਿ ਇੰਜ ਹੈ ਕਿਉਂ ?

ਮੈਂ ਉਹਦੇ ਮੱਥੇ ਦੇ ਨਿੱਤਰੇ ਹੋਏ ਸ਼ੀਸ਼ੇ ਵਿਚ ਆਪਣੇ ਆਪ ਨੂੰ ਵੇਖਦਾ ਆਂ ਤਾਂ ਉਹ ਛੱਤ 'ਤੇ ਅੱਖਾਂ ਗੱਡੀ ਬੈਠੀ ਕਿਸੇ ਸ਼ੋਖ ਜਿਹੇ ਰੰਗ ਦੇ ਮੈਲ ਖ਼ੋਰੇ ਧੱਬੇ ਵਿਚ ਆਪਣਾ ਅਕਸ ਵੇਖਣ ਦੀ ਕੋਸ਼ਿਸ਼ ਕਰਦੀ ਏ। ਉਹਦੀਆਂ ਕੰਵਲ ਵਰਗੀਆਂ ਮੋਟੀਆਂ ਅੱਖਾਂ ਦੀਆਂ ਪਲਕਾਂ ਤੇ ਅਣਗਿਣਤ ਸਿਤਾਰੇ ਭਖਦੇ ਪਏ ਨੇ। ਆਪਣੀ ਹੋਂਦ ਤੋਂ ਤ੍ਰਠੇ ਹੋਏ ਸਾਰੇ ਜਹਾਨ ਵਿਚ ਲਖੂਖਹਾ ਚਾਂਦੀ ਰੰਗੀਆਂ ਕਿਰਨਾਂ ਲਿਸ਼ਕਦੀਆਂ ਹੋਈਆਂ ਇਕ ਤੋਂ ਦੂਜੇ ਬੰਨ੍ਹੇ ਵੱਲ ਭੱਜਦੀਆਂ ਜਾਂਦੀਆਂ ਨੇ।

"ਅਸੀਂ ਇਕ ਆਂ ਨਾ ?" ਮੈਂ ਪਾਣੀ ਦੀ ਹਿੱਕ 'ਤੇ ਖਿੜਦੇ ਬੁਲਬੁਲੇ ਨੂੰ ਆਪਣੀ ਪਹਿਲੀ ਫੂਕ ਨਾਲ ਸੁਆਹ ਕਰ ਦੇਨਾ ਆਂ। "ਅਸੀਂ ਇਕ ਨਹੀਂ। ਅਸੀਂ ਇਕ ਹੋ ਈ ਸਕਦੇ ਨਹੀਂ। ਏਸ ਲਈ ਪਈ ਅਸੀਂ ਕਦੀ ਇਕ ਰਹੇ ਈ ਨਹੀਂ।"

ਉਹ ਪਹਿਲਾਂ ਹੋ ਕੇ ਝੀਲ ਦੇ ਰਮਜ਼ਾਂ ਭਰੇ ਲਿਸ਼ਕਦੇ ਨੀਲੇ ਪਾਣੀ ਵਿਚ ਆਪਣਾ ਅਕਸ ਵੇਖਣ ਦਾ ਤਰਲਾ ਕਰਦੀ ਏ। ਮੁੜ ਉਹੋ ਪਾਣੀ ਆਪਣੀਆਂ ਅੱਖਾਂ ਵਿਚ ਭਰ ਕੇ ਮੈਨੂੰ ਬਿੱਟ ਬਿੱਟ ਤੱਕਦਿਆਂ ਬੜੇ ਮਾਣ ਨਾਲ ਆਖਦੀ ਏ, "ਨਹੀਂ, ਅਸੀਂ ਇਕ ਆਂ। ਏਸ ਲਈ ਪਈ ਅਸੀਂ ਅਜ਼ਲਾਂ ਤੋਂ ਇਕ ਈ ਰਹੇ ਆਂ।" ਫੇਰ ਉਹ ਪਾਣੀ ਦੀ ਇਕ ਨੀਲੀ ਕਲੀ ਮੇਰੀ ਤਲੀ 'ਤੇ ਰੱਖ ਕੇ ਬੜੀ ਹੈਰਾਨੀ ਨਾਲ ਪੁੱਛਦੀ ਏ, "ਤੁਹਾਨੂੰ ਯਾਦ ਨਹੀਂ। ਕੁਝ ਯਾਦ ਨਹੀਂ ਤੁਹਾਨੂੰ ?"

ਮੈਂ ਚੁੱਪ ਰਹਿੰਨਾ ਆਂ ਤੇ ਚੁੱਪ ਕੀਤੀ ਬੈਠਾ ਉਹਨੂੰ ਬਲਦੀਆਂ ਅੱਖਾਂ ਨਾਲ ਵੇਖਦਾ ਰਹਿੰਨਾ ਆਂ। ਉਹਨੂੰ ਜਿਹੜੀ ਪਾਣੀ ਦੀਆਂ ਨੀਲੀਆਂ ਕਲੀਆਂ ਚੁਣ ਚੁਣ ਕੇ ਉਹਨਾਂ ਦੇ ਪਲ ਪਲ ਵਿਚ ਕਿੰਨੇ ਈ ਹਾਰ ਪਰੋਈ ਜਾਂਦੀ ਏ। ਉਹ ਹਾਰ ਪਰੋ ਰਹੀ ਏ ਤੇ ਉਹਦੀ ਝੋਲ਼ੀ ਵਿਚ ਅਣਗਿਣਤ ਨੀਲੀਆਂ ਕਲੀਆਂ ਦਾ ਢੇਰ ਏ। ਪਰ ਹੁਣ ਜਦੋਂ ਉਹ ਮੇਰੇ ਵੱਲ ਵੇਖਦੀ ਏ ਤਾਂ ਮੈਨੂੰ ਸਹੀ ਹੁੰਦਾ ਏ ਪਈ ਉਹਦੀਆਂ ਸੁਫ਼ਨੇ ਭਰੀਆਂ ਅੱਖਾਂ ਅੰਦਰ ਵਨੋਵਨ ਦੀਆਂ ਲਿਖਤਾਂ ਸੱਜੀਆਂ ਨੇ।

"ਤੂੰ ਗਡਵਿਆ ਤੱਕਿਆ ਏ ?" ਉਹ ਮੇਰੀਆਂ ਅੱਖਾਂ ਤੋਂ ਮੇਰੇ ਅਨਪੜ੍ਹ ਹੋਵਣ ਦਾ ਗਹੁ ਕਰਕੇ ਵਰਸੇ ਬਿਨਾਂ ਈ ਬੜੇ ਪੀਡੇ ਸੁਭਾਅ ਨਾਲ ਪੁੱਛਦੀ ਏ ਮੈਨੂੰ।

"ਆਹੋ !" ਮੈਂ ਸਿਰ ਮਾਰ ਕੇ ਛੇਤੀ ਨਾਲ ਇਕਰਾਰ ਕਰਦਾ ਆਂ।

ਤਦ ਉਹ ਮੁਸਕਰਾਉਂਦੀ ਏ ਤੇ ਮੈਨੂੰ ਦਿਸਦਾ ਏ ਪਈ ਨੇੜੇ ਆਉਂਦੀ ਭਲਕ ਵਿਚ ਦੁੱਧ ਰੰਗੇ ਚਾਨਣੇ ਦੀ ਚਿੱਟੀ ਲਕੀਰ ਜਿਵੇਂ ਹੌਲੇਂ ਹੌਲੇਂ ਪੱਘਰ ਕੇ ਖਿੰਡਣ ਲੱਗ ਪਈ ਏ। ਮੈਂ ਸਿਰ ਚੁੱਕਣਾ ਵਾਂ ਤੇ ਅਰਸ਼ 'ਤੇ ਖਿੱਲਰੇ ਮੰਜ਼ਰਾਂ ਦੇ ਉਹਲੇ ਓਸ ਬੰਨੇ ਵੇਖਣ ਦਾ ਤਰਲਾ ਮਾਰਦਾ ਆਂ ਜਿਥੇ ਕੁਝ ਵੀ ਨਹੀਂ ਤੇ ਕੋਈ ਲਾਲੀ ਜਿਹੀ ਏ, ਜਿਹੜੀ ਘੜੀ ਮੁੜੀ ਸੁੰਗੜਦੀ ਜਾਂਦੀ ਏ।

"ਅਸੀਂ ਇਕ ਰਹੇ ਆਂ।" ਉਹ ਚਿੜੀਆਂ ਦੀ ਚੁਹਕ ਵਿਚ ਡੁੱਬਦੀ ਤਰਦੀ ਨਿੰਮੀ ਜਿਹੀ ਆਵਾਜ਼ ਵਿਚ ਆਖਦੀ ਏ।

"ਜਦ ਅਸੀਂ ਜੰਮੇ ਸਾਂ ਤਾਂ ਅਸੀਂ ਇਕ ਸਾਂ। ਫੇਰ ਇਕ ਦਿਨ ਇਕ ਅਣਡਿੱਠੀ ਤਲਵਾਰ ਨੇ ਸਾਨੂੰ ਵੇਲੇ ਤੇ ਇਕ ਮਨਸੂਹੇ ਖਲਾਰ ਵਿਚ ਵਿਚੋਂ ਚੀਰ ਕੇ ਅੱਧੋ ਅੱਧ ਕਰ ਦਿੱਤਾ ਤੇ ਅਸੀਂ ਅਜ਼ਾਬ ਦੀ ਏਸ ਕੁੜਤਣ ਨੂੰ ਝਾਗ ਕੇ ਆਪਣੇ ਆਪਣੇ ਅੱਧ ਹੋਏ ਵਜੂਦ ਨੂੰ ਪੂਰਨ ਵਜੂਦ ਦਾ ਰੂਪ ਦੇਵਣ ਵਿਚ ਕਾਮਯਾਬ ਰਹੇ ਪਰ ਵਖਰੇਵੇਂ ਦੇ ਏਸ ਜ਼ਹਿਰੀ ਅਮਲ ਦੀ ਅਜ਼ਲੀ ਪੀੜ ਅਜੇ ਤਾਈਂ ਸਾਡੇ ਵਜੂਦ ਦਾ ਹਿੱਸਾ ਏ। ਅਸੀਂ ਏਸ ਪੀੜ ਦੇ ਜਾਣੂ ਨਹੀਂ ਰਹੇ ਪਰ ਇਹ ਪੀੜ ਸਾਡੇ ਅੰਦਰ ਹਮੇਸ਼ ਤੋਂ ਜਾਗਦੀ ਪਈ ਏ ਤੇ ਆਲ ਦਵਾਲ ਤੋਂ ਵੱਖ ਹੋਵਣ ਦਾ ਰੁਖ ਸਾਡੇ ਅੰਦਰ ਵਿਚ ਰਚਿਆ ਹੋਇਆ ਏ ਤੇ ਅਸੀਂ ਇਕ ਦੂਜੇ ਤੋਂ ਮਨਸੂਹੇ ਹੋ ਕੇ ਵੀ ਇਕ ਦੂਏ ਤੋਂ ਵੱਖ ਹੋਏ ਅਧਖੜ ਵਜੂਦ ਨੂੰ ਲੱਭਦੇ ਰਹਿੰਦੇ ਆਂ ਤੇ ਫੇਰ ਜਦੋਂ ਅਸੀਂ ਆਪਣੇ ਚੀਰੇ ਗਏ ਵੱਖ ਹੋਏ ਵਜੂਦ ਨੂੰ ਸਿਹਾਣ ਲੈਂਦੇ ਆਂ ਸਾਨੂੰ ਲੱਗਦਾ ਏ ਜਿਵੇਂ ਅਸੀਂ ਮੁੜ ਪੂਰਨ ਹੋ ਗਏ ਆਂ। ਖ਼ੌਰੇ ਅਸੀਂ ਕਦੇ ਇਕ ਰਹੇ ਹੋਸਾਈਂ, ਕਦੋਂ ? ਇਹਦਾ ਤਾਂ ਉੱਕਾ ਪਤਾ ਨਹੀਂ ਪਰ ਐਨਾ ਗਹੁ ਜ਼ਰੂਰ ਹੁੰਦਾ ਏ, ਪਰ ਅਸੀਂ ਦੋਵੇਂ।"

"ਅਸੀਂ ਦੋ ਤਾਂ ਨਹੀਂ।" ਮੈਂ ਡੁੱਬਦੇ ਹਾਂ ਨਾਲ ਇਕਰਾਰਦਾ ਹਾਂ। "ਪਰ ਅਸੀਂ ਇਕ ਵੀ ਨਹੀਂ।"

"ਅਸੀਂ ਇਕ ਆਂ।" ਉਹ ਆਖਦੀ ਏ ਤੇ ਆਪਣੀਆਂ ਅੱਖਾਂ ਅੰਦਰ ਜੜਿਆ ਹੋਇਆ ਇਕ ਸੁੰਦਰ ਸੁਪਨਾ ਖੋਲ੍ਹ ਕੇ ਵੇਖਦੀ ਏ ਤੇ ਫੇਰ ਉਹਦੀ ਸਾਂਭ ਸੰਭਾਲ ਦੇ ਖਲਮੇ ਲੱਗ ਜਾਂਦੀ ਏ। ਦੂਰ ਰੁੱਖਾਂ ਦੇ ਜਾਮਨੀ ਪੱਤਰਾਂ ਦੇ ਚਾਨਣਾ ਧਰੀਂਹ ਪਾਣ ਲੱਗ ਪੈਂਦਾ ਏ ਤੇ ਹਵਾ ਦਾ ਇਕ ਨਸ਼ਈ ਬੁੱਲ੍ਹਾ ਮੇਰੇ ਸਾਹਮਣਿਓਂ ਤਾੜੀਆਂ ਮਾਰਦਾ ਤ੍ਰਿਖੀ ਟੋਰ ਟੁਰਦਾ ਕਿਧਰੇ ਦੂਰ ਨਿਕਲ ਜਾਂਦਾ ਏ।

ਤਾਂ ਮੈਂ ਸਿਰ ਨੀਵਾਂ ਕਰਕੇ ਬਹੁੰ ਮਲੂਕੜੇ ਢੰਗ ਨਾਲ ਆਪਣੇ ਅੰਦਰ ਵੇਖਦਾ ਆਂ। ਚਾਰ ਚੁਫ਼ੇਰੇ ਖਿੱਲਰੀ ਸ਼ਾਹ ਕਾਲੀ ਰਾਤ ਵਿਚੋਂ ਇਕ ਕਹਿਕਹਾ ਖਿੱਲਰ ਕੇ ਗੂੰਜਦਾ ਏ ਤੇ ਮੇਰੀਆਂ ਪੀਲੀਆਂ ਕੰਧਾਂ 'ਤੇ ਸਵਾਹ ਹੋਈ ਖਰ੍ਹਵੀ ਮਿੱਟੀ ਅਬਾਗਤ ਮੇਰੇ ਕਦਮਾਂ ਵਿਚ ਆ ਪੈਂਦੀ ਏ। ਤਦ ਮੈਂ ਆਪਣੇ ਬਾਹਰ ਦੀਆਂ ਸਾਰੀਆਂ ਅੱਖਾਂ ਨੂਟ ਲੈਂਦਾ ਆਂ ਤੇ ਆਪਣੀ ਤਲੀ



ਦੇ ਸ਼ੀਸ਼ੇ ਵਿਚ ਬੜੇ ਗਹੁ ਨਾਲ ਆਪਣੇ ਆਪ ਨੂੰ ਭਾਲਦਾ ਆਂ। ਕੁਝ ਚਿਰ ਤੀਕ ਖਲਾਅ ਵਿਚ ਵੇਖਦਾ ਆਂ ਤੇ ਮੁੜ ਖਿਲਰਦਿਆਂ ਸਾਹਵਾਂ ਦੀ ਕੰਧ ਨਾਲ ਟੇਕ ਲਾ ਕੇ ਕਿਸੇ ਮਨਸੂਹੇ ਡਰ ਤੋਂ ਥਰ ਥਰ ਕੰਬਣ ਲੱਗ ਪੈਂਦਾ ਆਂ।

"ਤੂੰ ਖਿੰਡਣ ਤਾਂ ਨਹੀਂ ਲੱਗ ਪਿਆ ਕਿਧਰੇ ?" ਉਹ ਜਦੋਂ ਪੁੱਛਦੀ ਏ ਤਾਂ ਉਹਦੀ ਆਵਾਜ਼ ਵਿਚ ਚਿਤਾਵਨੀ ਦਾ ਰੰਗ ਬਹੁੰ ਗੂੜ੍ਹਾ ਹੁੰਦਾ ਏ।

"ਨਹੀਂ।" ਮੈਂ ਸੰਭਲ ਕੇ ਬੜੇ ਪੱਕ ਨਾਲ ਆਖਦਾ ਆਂ।" ਮੈਂ ਖਿੰਡ ਨਹੀਂ ਰਿਹਾ ਪਰ ਹੁਣ ਵੇਲਾ ਆ ਗਿਆ ਏ ਪਈ ਮੈਂ ਆਪਣੇ ਅਸਲ ਵਜੂਦ ਵੱਲ ਪਰਤ ਜਾਵਾਂ। ਮੈਨੂੰ ਪਰਤਣਾ ਚਾਹੀਦਾ ਏ।"

"ਨਹੀਂ।" ਉਹ ਮੁਰਝਾ ਮੁਰਝਾ ਕੇ ਖਿਲਰਦੀਆਂ ਕਲੀਆਂ ਨੂੰ ਹਿੱਕ ਮੁੱਠ ਕਰਨ ਦੀ ਕੋਸ਼ਿਸ਼ ਕਰਦਿਆਂ ਬੜੇ ਹਿਰਖ ਨਾਲ ਆਖਦੀ ਏ।

"ਤੈਨੂੰ ਉਡੀਕਣਾ ਪਵੇਗਾ, ਜਦੋਂ ਤਾਈਂ ...।"

"ਜਦ ਤਾਈਂ ...।" ਮੈਂ ਡਰ ਨਾਲ ਪੀਲਾ ਪੈ ਕੇ ਉਹਦੀ ਗੱਲ ਨੂੰ ਦੁਹਰਾਂਦਾ ਆਂ।

ਓਸਲੇ ਅਬਾਗਤ ਚਾਨਣੇ ਦੀ ਇਕ ਤਿੱਖੀ ਰਿਸ਼ਮ ਉੱਛਲ ਕੇ ਉਹਦੇ ਮੁਹਾਂਦਰੇ ਨੂੰ ਲਿਸ਼ਕਾ ਜਾਂਦੀ ਏ ਤੇ ਉਹਦੇ ਪਿੰਡੇ ਦਾ ਕੁੰਦਨ ਹਿੱਕ ਪਲ ਲਈ ਲਿਸ਼ਕਦਾ ਤੇ ਮੁੜ ਅੱਗ ਫੜ ਲੈਂਦਾ ਏ। ਉਹਦੀ ਝੋਲੀ ਵਿਚ ਖਿੱਲਰੀਆਂ ਪਾਣੀ ਦੀਆਂ ਪੀਲੀਆਂ ਕਲੀਆਂ ਖਿੰਡ ਪੁੰਡ ਕੇ ਥੱਲੇ ਝੀਲ ਵਿਚ ਜਾ ਪੈਂਦੀਆਂ ਨੇ ਤੇ ਕਾਗ਼ਜ਼ ਵਰਗੇ ਪਾਣੀ ਦੇ ਵਰਕਿਆਂ ਅੰਦਰ ਟੁੱਭੀ ਮਾਰ ਕੇ ਗਵਾਚ ਜਾਂਦੀਆਂ ਨੇ। ਰੁੱਖਾਂ ਦੇ ਪੀਲੇ ਪੱਤਿਆਂ ਤੇ ਪੀਲੇ ਚਾਨਣ ਦਾ ਪੋਚਾ ਫਿਰਦਾ ਏ ਤੇ ਮੈਂ ਆਪਣੀਆਂ ਅੱਖਾਂ ਉੱਤੇ ਸੁਫ਼ਨੇ ਦਾ ਉਛਾੜ ਪਾ ਕੇ ਉਹਦੀ ਸਾਂਭ ਸੰਭਾਲ ਦੇ ਕੰਮ ਲੱਗ ਜਾਂਦਾ ਆਂ। ਓਸ ਵੇਲੇ ਤਾਈਂ ਜਦ ਤਾਈਂ ਚਾਨਣੇ ਦਾ ਓਸ ਮੇਰੇ ਵਜੂਦ ਵਿਚ ਖਿੱਲਰ ਨਹੀਂ ਜਾਂਦਾ ਤੇ ਰਾਤ ਦੀ ਦੇਵੀ ਦਾ ਸ਼ਾਹ ਕਾਲਾ ਵਜੂਦ ਮੈਨੂੰ ਆਪਣੀ ਝੋਲੀ ਵਿਚ ਪਾ ਕੇ ਮੇਰੀ ਮੌਤ ਦੀ ਖੁਸ਼ਖ਼ਬਰੀ ਨਹੀਂ ਦੇ ਦੇਂਦਾ।

●

#280, ਰਜ਼ਾ ਬਲਾਕ, ਅਲਾਮਾ ਇਕਬਾਲ ਟਾਊਨ, ਲਾਹੌਰ
ਟੈਲੀਫ਼ੋਨ : 00928-42-5418908, e-mail : gh_sajid@hotmail.com

ਪੰਜਾਬੀ ਦੇ ਸਮਰਥ ਸ਼ਾਇਰ **ਪ੍ਰਮਿੰਦਰਜੀਤ** ਦੀ ਕਾਵਿ ਪੁਸਤਕ

**ਬਚਪਨ ਘਰ ਤੇ ਮੈਂ**

ਚੇਤਨਾ ਪ੍ਰਕਾਸ਼ਨ, ਲੁਧਿਆਣਾ

*

ਜਾਪਾਨੀ ਵਾਸੀ ਸ਼ਾਇਰ **ਪਰਮਿੰਦਰ ਸੋਢੀ** ਦੀਆਂ ਵਾਰਤਕ ਪੁਸਤਕਾਂ

**ਧੱਮਪਦ * ਰੱਬ ਦੇ ਡਾਕੀਏ**

(ਦੂਸਰੇ ਐਡੀਸ਼ਨ ਪ੍ਰਕਾਸ਼ਿਤ)

ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ * ਚੇਤਨਾ ਪ੍ਰਕਾਸ਼ਨ, ਲੁਧਿਆਣਾ

# ਨਿਸ਼ਾਨੀ

ਮੀਰ ਤਨਹਾ ਯੂਸਫ਼ੀ

ਸੂਰਜ ਦੇ ਡੁੱਬਣ ਵਿਚ ਘੜੀ ਦੋ ਘੜੀ ਦੀ ਦੇਰ ਸੀ।

"ਬੇਟਾ ਪਤਾ ਤੇ ਲਿਖ ਕੇ ਪਰਸ ਵਿਚ ਪਾਇਆ ਸੀ ? ਖ਼ੌਰੇ ਟਿਕਟ ਲੈਂਦੇ ਵੇਲੇ ਵੇਲੇ ਕਿਧਰੇ ਡਿੱਗ ਪਿਆ ਏ।" ਮਾਈ ਨੇ ਆਖਿਆ।

ਅਹਿਮਦ ਤੇ ਮਾਈ ਦੀ ਗੱਲ ਬਾਤ ਦੇ ਹਿਸਾਬ ਨਾਲ ਉਹ ਮਾਂ ਧੀ ਸਨ, ਜਿਹੜੀਆਂ ਨਾਲ ਦੇ ਸ਼ਹਿਰ ਤੋਂ ਡੀਗਰ ਵੇਲੇ ਇਹ ਸੋਚ ਕੇ ਨਿਕਲੀਆਂ ਸਨ ਪਈ ਡੇਢ ਘੰਟੇ ਦਾ ਰਾਹ ਏ, ਸ਼ਾਮਾਂ ਤੋਂ ਪਹਿਲੇ ਅੱਪੜ ਜਾਂ ਗੀਆਂ। ਪਤਾ ਉਹਨਾਂ ਦੇ ਕੋਲ ਸੀ। ਉੱਤੋਂ ਗਰਮੀਆਂ ਦੇ ਦਿਨ ਸਨ, ਡਰ ਕਾਹਦਾ ਸੀ ?

ਚੱਲਦੀ ਹੋਈ ਸੜਕ, ਕਾਲਾ ਸ਼ਾਹ ਧੂੰ ਛੱਡਦੀਆਂ ਤੇ ਮੁਰਦੇ ਜਗਾਣ ਵਾਲੇ ਹਾਰਨ ਮਾਰਦੀਆਂ ਬੱਸਾਂ, ਦਸ ਦਸ ਸਵਾਰੀਆਂ ਵਾਲੇ ਤੁੰਨ ਕੇ ਭਰੇ ਹੋਏ ਟਾਂਗੇ ਤੇ ਉਹਨਾਂ ਅੱਗੇ ਜੁਪੇ ਹਫ਼ਦੇ ਪਰ ਟਕਾ ਟਕ ਨੱਸਦੇ ਘੋੜੇ, ਔਕਾਤੋਂ ਬਹੁਤੇ ਲੱਦੇ ਤੇ ਸੜਕਾਂ ਤਰੋੜਦੇ ਰੇਸ ਰੇਸ ਕਰਦੇ ਟਰੱਕ, ਕੰਨਾਂ ਵਿਚ ਤੀਰਾਂ ਵਾਂਗ ਖੁਭਦੀ ਮਕਰੂਹ ਆਵਾਜ਼ ਵਾਲੇ ਰਿਕਸ਼ੇ। ਮਰੀਲ ਖੋਤੇ ਤੇ ਉਹਨਾਂ ਪਿੱਛੇ ਖੜ ਖੜ ਰਿੜਦੀਆਂ ਰੇਹੜੀਆਂ, ਫਟ ਫਟ ਕਰਦੇ ਸਕੂਟਰ, ਭਿਣ ਭਿਣ ਕਰਦੇ ਮੋਟਰ ਸਾਇਕਲ ਤੇ ਏਸ ਸਾਰੇ ਸ਼ੋਰ, ਧੂੰ ਤੇ ਧੂੜ ਦੇ ਵਿਚ ਸੜਕ ਕੰਢੇ ਲਾਂਘੇ ਤੋਂ ਬਚ ਬਚ, ਉੱਚੀ ਉੱਚੀ ਬੋਲਦੇ, ਖੰਘਦੇ ਖੰਘਾਰ ਸੁੱਟਦੇ ਪੈਦਲ ਚੱਲਦੇ ਲੋਕ। ਇਹ ਕੋਈ ਜੰਗਲ ਨਹੀਂ ਸੀ ਜਿਥੇ ਕਿਸੇ ਬੇਲੇ ਵਿਚ ਰੁੱਖਾਂ ਤੇ ਝਾੜੀਆਂ ਦੇ ਝੁੰਡਾਂ ਅੰਦਰ ਰਾਹ ਗਵਾਚ ਜਾਵੇ ਪਰ ਉਹਨਾਂ ਮਾਂ ਧੀ ਲਈ ਰਾਹ ਜਿਵੇਂ ਗਵਾਚ ਈ ਗਿਆ ਸੀ। ਤੇ ਹੁਣ ਉਹ ਇਵੇਂ ਟੇਵੇ ਨਾਲ ਉਹ ਇਸ ਬਾਜ਼ਾਰ ਵਿਚ ਅੱਪੜ ਕੇ ਅਹਿਮਦ ਦੇ ਸਾਹਮਣੇ ਖਲੋਤੀਆਂ ਜਿਵੇਂ ਤਰਲਾ ਈ ਲੈ ਰਹੀਆਂ ਸਨ।

ਮਾਈ ਦੇ ਮੋਢੇ ਨਾਲ ਮੋਢਾ ਜੋੜ ਖਲੋਤੀ ਜ਼ਨਾਨੀ ਪਰੇਸ਼ਾਨੀ ਤੇ ਉਮੀਦ ਨਾਲ ਭਰੀਆਂ ਅੱਖਾਂ ਨਾਲ ਅਹਿਮਦ ਵੱਲ ਵੇਖ ਰਹੀ ਸੀ। ਉਹਦੀ ਸ਼ਕਲ ਤੋਂ ਇੰਜ ਲੱਗਦਾ ਪਿਆ ਸੀ ਜਿਵੇਂ ਅਹਿਮਦ ਹੁਣੇ ਕਹਿਣ ਵਾਲਾ ਏ ਪਈ, "ਤੁਸੀਂ ਫ਼ਿਕਰ ਨਾ ਕਰੋ ਮੈਂ ਜਾਣਨਾ ਵਾਂ ਕਿ ਤੁਸੀਂ ਕਿਹੜੇ ਘਰ ਜਾਣਾ ਏ, ਆਓ, ਮੇਰੇ ਨਾਲ।" ਪਰ ਅਹਿਮਦ ਬੋਲਿਆ, "ਅੱਛਾ ਇਹ ਦੱਸੋ ਉਹ ਏਸ ਮੁਹੱਲੇ ਵਿਚ ਕਦੋਂ ਦੇ ਰਹਿ ਰਹੇ ਨੇ ?"



"ਬੇਟਾ ਕੋਈ ਦੋ ਕੁ ਮਹੀਨੇ ਹੋ ਗਏ ਨੇ। ਪਹਿਲਾਂ ਉਹ...।" ਮਾਈ ਕੁਝ ਦੱਸਣ ਲੱਗੀ ਪਰ ਅਹਿਮਦ ਨੇ ਵਿਚ ਈ ਉਹਦੀ ਗੱਲ ਟੁੱਕ ਦਿੱਤੀ ਤੇ ਆਖਿਆ, "ਤਾਂ ਈ, ਮੈਂ ਵੀ ਆਖਾਂ ਐਸਾ ਕਿਹੜਾ ਬੰਦਾ ਏ ਜਿਹੜਾ ਏਧਰ ਰਹਿੰਦਾ ਏ ਤੇ ਮੈਂ ਉਹਨੂੰ ਜਾਣਦਾ ਨਹੀਂ।"

"ਉਧਰ ਜ਼ਰਾ ਕਿਰਾਇਆ ਬਹੁਤਾ ਸੀ, ਬੈਂਕ ਵਿਚ ਕੰਮ ਕਰਦਾ ਏ ਮੇਰਾ ਪੁੱਤਰ।" ਮਾਈ ਨੇ ਅਗਲੀ ਪਛਾਣ ਕਰਾਈ।

"ਬੈਂਕ ਵਿਚ...? ਬੈਂਕ ਵਿਚ...।" ਅਹਿਮਦ ਆਪਣੇ ਸੱਜੇ ਹੱਥ ਨਾਲ ਆਪਣੀ ਜ਼ਰਾ ਕੁ ਵਧੀ ਦਾਹੜੀ ਖੁਰਕਦਾ ਫੇਰ ਸੋਚਣ ਲੱਗ ਪਿਆ। ਉਹਦੇ ਚੇਤੇ ਵਿਚ ਇਕੋ ਬੈਂਕ ਵਾਲਾ ਆ ਰਿਹਾ ਸੀ ਪਰ ਉਹ ਤਾਂ ਮੁੱਦਤਾਂ ਤੋਂ ਏਥੇ ਰਹਿ ਰਿਹਾ ਸੀ। ਅਹਿਮਦ ਉਹਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹਦਾ ਘਰ ਉਸੇ ਬੈਂਕ ਦੀ ਉਤਲੀ ਮੰਜ਼ਲ ਉੱਤੇ ਸੀ, ਜਿਹਦੇ ਵਿਚ ਉਹ ਕੰਮ ਕਰਦਾ ਸੀ।

ਉਂਜ ਤਾਂ ਇਹ ਪੁਰਾਣੀ ਆਬਾਦੀ ਸੀ ਤੇ ਪੰਝੀ ਤੀਹ ਵਰ੍ਹੇ ਪਹਿਲਾਂ ਲੋਕ ਏਥੋਂ ਵੱਡੇ ਬਾਜ਼ਾਰ ਜਾਣ ਵੇਲੇ ਕਹਿੰਦੇ ਹੁੰਦੇ ਸਨ ਪਈ, "ਜ਼ਰਾ ਸ਼ਹਿਰ ਜਾ ਰਹਿਆ ਵਾਂ।" ਹੁਣ ਇਹ ਹਾਲ ਸੀ ਪਈ ਏਥੋਂ ਵੀ ਕੋਈ ਪੰਜ ਸੱਤ ਕਿਲੋਮੀਟਰ ਅੱਗੇ ਤਾਈਂ ਸ਼ਹਿਰ ਈ ਠਾਠਾਂ ਮਾਰ ਰਿਹਾ ਸੀ। ਉਹਨਾਂ ਵੇਲਿਆਂ ਵਿਚ ਬਹੁਤੇ ਮਕਾਨ ਸੜਕ ਦੇ ਨਾਲ ਨਾਲ ਬਣੇ ਹੋਏ ਸਨ ਤੇ ਉਹਨਾਂ ਦੇ ਪਿਛਵਾੜੇ ਪੈਲੀਆਂ ਤੇ ਬਾਗ਼ ਹੁੰਦੇ ਸਨ ਜਿਹੜੇ ਕਦੋਂ ਦੇ ਉੱਜੜ ਕੇ ਚੁੱਲ੍ਹਿਆਂ ਦਾ ਬਾਲਣ ਬਣ ਗਏ ਸਨ। ਪੈਲੀਆਂ ਵਿਚ ਪੱਕੇ ਤੇ ਉੱਚੇ ਮਕਾਨ ਉੱਗ ਪਏ ਸਨ। ਰੁੱਖਾਂ ਦੀ ਥਾਂ ਡਿਸ਼ ਐਨਟੀਨਿਆਂ ਤੇ ਏਰੀਅਲਾਂ ਨੇ ਲੈ ਲਈ ਸੀ ਤੇ ਪਖੂਆ ਪੰਛੀਆਂ ਦੀ ਥਾਂ ਘਰ ਘਰ ਵਿਚੋਂ ਵੰਨ ਸੁਵੰਨੀਆਂ ਬੇਸੁਰੀਆਂ, ਬੇਤਾਲੀਆਂ ਬਦੇਸ਼ੀ ਪਰਦੇਸੀ ਉਹ ਆਵਾਜ਼ਾਂ ਉਬਲ ਉਬਲ ਗਲੀ ਵਿਚ ਡਿੱਗਦੀਆ ਸਨ ਜਿਹਨਾਂ ਨੂੰ ਕਹਿਣ ਵਾਲੇ ਗਾਣੇ ਤੇ ਸਮਝਣ ਵਾਲੇ ਖੱਪ ਆਖਦੇ ਸਨ। ਇਹ ਖੱਪ ਬਾਹਰ ਗਲੀ ਵਿਚੋਂ ਲੰਘਣ ਵਾਲੇ ਨੂੰ ਇਹ ਵੀ ਦੱਸਦੀ ਸੀ ਪਈ ਕਿਹੜੇ ਘਰ ਵਿਚ ਸੀ ਡੀ ਪਲੇਅਰ ਚੱਲ ਰਿਹਾ ਏ ਤੇ ਕਿਹੜੇ ਵਿਹੜੇ ਵਿਚ ਅਜੇ ਵੀ ਨਿਰੇ ਟੇਪ ਰਿਕਾਰਡਰ ਉੱਤੇ ਡੰਗ ਪਿਆ ਟੱਪਦਾ ਏ। ਜਿਹੜੇ ਬਹੁਤੇ ਸਿਆਣੇ ਹੁੰਦੇ ਸਨ ਉਹ ਇਹਨਾਂ ਆਵਾਜ਼ਾਂ ਤੋਂ ਇਹ ਗਵੇੜ ਵੀ ਲਾਉਂਦੇ ਸਨ ਪਈ ਕਿਹੜੇ ਘਰ ਦਾ ਕੋਈ ਜੀਅ ਪਰਦੇਸ ਦੀਆਂ ਅੱਗਾਂ ਵਿਚ ਸੜਦਾ, ਬਰਫ਼ਾਂ ਵਿਚ ਪਿਆ ਠਰਦਾ ਏ ਤੇ ਕਿਹੜੇ ਘਰ ਵਾਲੇ ਅਜੇ ਏਥੇ ਪਏ ਧੱਕੇ ਖਾਂਦੇ ਨੇ।

ਓਸੇ ਰੌਲ਼ੇ ਖੱਪ ਤੇ ਸ਼ੋਰ ਵਿਚ ਖਲੋਤੇ ਅਹਿਮਦ ਨੇ ਆਪਣੀ ਤਫਤੀਸ਼ ਅੱਗੇ ਟੋਰੀ, "ਅੱਛਾ, ਕੋਈ ਗੱਡੀ ਸ਼ੱਡੀ ਰੱਖੀ ਹੋਵੇ।"

"ਨਾ ਬੱਚਾ, ਏਨੇ ਜੋਗਾ ਨਹੀਂ ਉਹ।" ਮਾਈ ਨੇ ਆਖਿਆ।

"ਚੱਲ ਅੰਮਾ, ਅੱਡੇ ਚੱਲੀਏ। ਘਰ ਈ ਮੁੜ ਜਾਨੇ ਆਂ। ਕਿਹੜੀ ਕੋਈ ਰਾਤ ਪੈ ਗਈ ਏ ? ਦੋ ਘੰਟਿਆਂ ਵਿਚ ਘਰ ਹੋਵਾਂਗੇ।" ਦੂਜੀ ਜ਼ਨਾਨੀ ਪਹਿਲੀ ਵਾਰ ਬੋਲੀ। ਉਹਦੇ ਬੋਲਣ ਤੋਂ ਅਹਿਮਦ ਨੂੰ ਇੰਜ ਲੱਗਾ ਜਿਵੇਂ ਓਸ ਜ਼ਨਾਨੀ ਨੇ ਸਾਰੀ ਉਮਰ ਆਪਣੀ ਆਵਾਜ਼ ਬਹੁਤ ਸਾਂਭ ਕੇ ਰੱਖੀ ਹੋਈ ਹੋਵੇ ਤੇ ਬਸ ਓਸ ਵੇਲੇ ਵਰਤੀ ਹੋਵੇ ਜਦੋਂ ਸੱਚੀ ਮੁੱਚੀ ਆਵਾਜ਼ ਵਰਤਣ ਦੀ ਲੋੜ ਪਈ ਹੋਵੇ। ਉਹ ਕੋਈ ਚਾਲ਼ੀ ਬਤਾਲੀ ਵਰ੍ਹਿਆਂ ਦੀ ਹੋਣੀ ਏ।

"ਨਹੀਂ ਨਹੀਂ। ਐਸੀ ਕਿਹੜੀ ਗੱਲ ਏ ? ਤੁਸੀਂ ਬੁਰਾ ਨਾ ਮਨਾਓ ਤਾਂ ਮੇਰਾ ਘਰ ਹਾਜ਼ਰ ਏ, ਓਥੇ ਮੇਰੀ ਮਾਂ ਏ, ਮੇਰੀਆਂ ਭੈਣਾਂ-ਭਰਜਾਈਆਂ ਨੇ। ਰੋਟੀ ਖਾ ਪੀ ਕੇ ਆਰਾਮ ਕਰੋ। ਇਹ ਨਾਲ ਈ ਗਲੀ ਏ। ਤੁਹਾਡਾ ਪਤਾ ਸਵੇਰੇ ਲੱਭ ਲਵਾਂਗੇ। ਨਾਲੇ ਹੋ ਸਕਦਾ ਏ, ਘਰ ਵਿਚ ਕਿਸੇ

ਨੂੰ ਉਹਦਾ ਪਤਾ ਹੋਵੇ।" ਅਹਿਮਦ ਫਟਾਫਟ ਬੋਲਿਆ।

"ਨਹੀਂ ਬੇਟਾ, ਚੰਗਾ ਨਹੀਂ ਲੱਗਦਾ। ਜੋ ਅੱਲ੍ਹਾ ਦੀ ਮਰਜ਼ੀ, ਕਿਸਮਤ ਵਿਚ ਮੁਲਾਕਤ ਨਹੀਂ ਸੀ ਲਿਖੀ।" ਮਾਈ ਨੇ ਆਖਿਆ ਤੇ ਆਪਣੀ ਧੀ ਵੱਲ ਮੁੜ ਕੇ ਬੋਲੀ, "ਚੱਲ ਫੇਰ ਠੀਕ ਏ, ਘਰ ਈ ਮੁੜ ਜਾਨੇ ਆਂ।"

ਮਾਈ ਨੇ ਆਪਨੀ ਬੋਸਕੀ ਰੰਗੀ ਚਾਦਰ ਆਪਨੇ ਚਿੱਟੇ ਦੁੱਧ ਵਾਲਾਂ ਉੱਤੇ ਕਰਕੇ ਸਵਾਹਰੀ ਕੀਤੀ। ਦੂਜੀ ਜ਼ਨਾਨੀ ਨੇ ਭੋਏਂ ਉੱਤੇ ਰੱਖਿਆ ਬੈਗ ਸੱਜੇ ਪਾਸੇ ਜ਼ਰਾ ਕੁ ਲਿਫ਼ ਕੇ ਹੱਥ ਨਾਲ ਚੁੱਕ ਲਿਆ।

"ਚੰਗਾ ਜੀ, ਮਿਹਰਬਾਨੀ।" ਆਖ ਕੇ ਜਵਾਨ ਜ਼ਨਾਨੀ ਮੁੜ ਗਈ।

"ਜ਼ਰਾ ਠਹਿਰੋ, ਮੈਂ ਕਿਸੇ ਹੋਰ ਨੂੰ ਪੁੱਛਨਾ ਵਾਂ।" ਅਹਿਮਦ ਨੇ ਫਿਰ ਹਜਤ ਕੀਤੀ। ਉਹਨੂੰ ਆਪਨੇ ਆਪ ਉੱਤੇ ਵੱਟ ਪਿਆ ਚੜ੍ਹਦਾ ਸੀ, ਪਈ ਸਾਰਾ ਦਿਨ ਓਸ ਬਾਜ਼ਾਰ ਦੀਆਂ ਦੁਕਾਨਾਂ ਦੇ ਥੜ੍ਹਿਆਂ ਕੁਰਸੀਆਂ ਬੈਂਚਾਂ ਤੇ ਸਟੂਲਾਂ ਉੱਤੇ ਬਹਿ ਰਹਿਣ ਵਾਲੇ ਨੂੰ ਆਪਨੇ ਮੁਹੱਲੇ ਵਿਚ ਦੋ ਮਹੀਨੇ ਤੋਂ ਆਏ ਇਕ ਬੰਦੇ ਦਾ ਪਤਾ ਨਹੀਂ ਸੀ ਪਿਆ ਲੱਗਦਾ।

ਆਪਨੀ ਉਮਰ ਦੇ ਇਹਨਾਂ ਭਰਵੇਂ ਤੇ ਸੋਹਣੇ ਸਾਲਾਂ ਵਿਚ ਏਧਰ ਓਧਰ ਫਿਰਨ ਦਾ ਉਹਨੂੰ ਕੋਈ ਸ਼ੌਕ ਨਹੀਂ ਸੀ, ਪਰ ਕੀ ਕਰਦਾ, ਉਹ ਉੱਕਾ ਵਿਹਲਾ ਸੀ। ਸਦਾ ਦਾ ਵੇਹਲਾ। ਨਾ ਕੋਈ ਕੰਮ, ਨਾ ਕਾਜ। ਕਦੀ ਓਥੇ ਬਹੁ, ਕਦੀ ਏਥੇ। ਆਉਂਦੇ ਜਾਂਦੇ ਹਰ ਬੰਦੇ ਨੂੰ ਨੀਝ ਲਾ ਕੇ ਵੇਖਣ ਤੋਂ ਅੱਡ ਉਹਨੂੰ ਹੋਰ ਕੋਈ ਕੰਮ ਈ ਨਹੀਂ ਸੀ ਤੇ ਅੱਜ ਏਸ ਕੰਮ ਨੂੰ ਪਰਖਣ ਦਾ ਵੇਲਾ ਆਇਆ ਤਾਂ ਉਹ ਇਹਦੇ ਵਿਚ ਈ ਰਹਿ ਗਿਆ ਜਿਵੇਂ ਬਹੁਤਾ ਮਿੱਠਾ ਪੈਣ ਨਾਲ ਹਲਵਾ ਖਾਣ ਜੋਗਾ ਨਹੀਂ ਰਹਿੰਦਾ।

ਇਹ ਨਹੀਂ ਕਿ ਉਹਨੂੰ ਬੰਦੇ ਤਾੜਨ ਦਾ ਕੋਈ ਚਾਅ ਸੀ ਜਾਂ ਸ਼ੁਦਾਈ ਸੀ ਜਾਂ ਇਹ ਵੀ ਕਿ ਉਹ ਹੱਡ ਹਰਾਮ ਸੀ ਤੇ ਕੁਝ ਕਰਨਾ ਨਹੀਂ ਸੀ ਚਾਹੁੰਦਾ ਜਾਂ ਉਹਦੇ ਕੋਲੋਂ ਕੁਝ ਹੁੰਦਾ ਨਹੀਂ ਸੀ। ਇੰਜ ਦੀ ਕੋਈ ਪੁੱਠੀ ਗੱਲ ਨਹੀਂ ਸੀ। ਹਠ ਦਾ ਪੱਕਾ, ਜਿਵੇਂ ਆਮ ਪੰਜਾਬੀ ਮੁੰਡੇ ਹੁੰਦੇ ਨੇ। ਅਖੇ ਜੋ ਅਸੀਂ ਕਹਿਨੇ ਆਂ ਉਹੋ ਈ ਪੱਥਰ ਉੱਤੇ ਲੀਕ ਏ ਤੇ ਜੋ ਕੁਝ ਦੁਨੀਆ ਕਹਿੰਦੀ ਏ ਉਹ ਸਭ ਬਕਵਾਸ ਏ। ਅਹਿਮਦ ਵੀ ਜ਼ਿਦੀ ਸੀ ਪਈ ਉਹਨੇ ਜਿਹੜੇ ਮਜਮੂਨ ਵਿਚ ਸੋਲ੍ਹਾਂ ਕੀਤੀਆਂ ਸਨ, ਨੌਕਰੀ ਵੀ ਓਸੇ ਕੰਮ ਦੀ ਈ ਕਰਨੀ ਸੀ। ਦੁਨੀਆ ਵਾਂਗੂੰ ਨਹੀਂ ਸੀ ਪਈ ਡਾਕਟਰੀ ਪੜ੍ਹੀ, ਸੀ.ਐਸ.ਐਸ ਕੀਤਾ ਤੇ ਪੁਲਿਸ ਦੀ ਪੇਟੀ ਬੰਨ੍ਹ ਲਈ! ਫਿਜ਼ਿਕਸ, ਕੈਮਿਸਟਰੀ ਪੜ੍ਹੀ ਤੇ ਕਲਰਕੀ ਕਰਨ ਲੱਗ ਪਏ। ਇੰਜੀਨੀਅਰ ਬਣੇ ਤੇ ਗਾਣੇ ਗਾਉਣ ਉੱਤੇ ਲੱਗ ਪਏ। ਸਿਆਸਤ ਪੜ੍ਹੀ ਤੇ ਹੋਮੀਓਪੈਥਿਕ ਵੱਲ ਮੂੰਹ ਕਰ ਲਿਆ। ਅਹਿਮਦ ਦੇ ਹਿਸਾਬ ਵਿਚ ਇਹ ਕੰਮ ਦੇ ਪੈਸੇ, ਵਕਤ, ਤਾਕਤ ਤੇ ਦਿਮਾਗ਼ ਦੀ ਬਰਬਾਦੀ ਤੋਂ ਅੱਡ ਹੋਰ ਕੁਝ ਨਹੀਂ ਸੀ। ਆਪਨੀ ਜ਼ਿਦ ਉੱਤੇ ਉਡਿਆ, ਉੱਚੇ ਉੱਚੇ ਮਨਸੂਬੇ ਬਣਾਨ ਤੇ ਸੱਚੇ ਸੱਚੇ ਸੁਫ਼ਨੇ ਵੇਖਣ ਵਾਲਾ ਅਹਿਮਦ ਉਹਨਾਂ ਝੱਲੇ ਲੋਕਾਂ ਦੀ ਗਿਣਤੀ ਵਿਚ ਆਉਂਦਾ ਸੀ ਜਿਹਨਾਂ ਲਈ ਮੁਹੱਲੇ ਇਲਾਕੇ ਤੇ ਮੁਲਕ ਦੀ ਤਸਵੀਰ ਬਦਲਣ ਦਾ ਕੰਮ ਗੱਲ ਈ ਕੋਈ ਨਹੀਂ ਸੀ। ਉਹ ਬਾਜ਼ਾਰ ਵਿਚ ਕਿਸੇ ਥਾਂ ਬੈਠਾ ਰਾਹ ਜਾਂਦੇ ਬੰਦੇ ਨੂੰ ਫੜ ਲੈਂਦਾ ਤੇ ਤਕਰੀਰ ਝਾੜਨ ਲੱਗ ਪੈਂਦਾ। ਲੋਕ ਉਹਦੇ ਕੋਲ ਬਹਿ ਕੇ ਉਹਦੀਆਂ ਗੱਲਾਂ ਸੁਣਦੇ ਤਾਂ ਕਹਿੰਦੇ, ਬਾਊ ਅਹਿਮਦ, ਅਗਲੀ ਵਾਰੀ ਯਾਰ ਤੂੰ ਕਿਧਰੇ ਇਲੈਕਸ਼ਨਾਂ ਵਿਚ ਈ ਖਲੋ ਜਾ। ਉਹ ਇਹ ਸੁਣ ਕੇ ਹੱਸਦਾ ਤੇ ਕਹਿੰਦਾ, "ਕਿਉਂ ਮੈਨੂੰ ਡੰਗਰਾਂ ਦੇ ਵਾੜੇ ਵਿਚ ਘੱਲਦੇ ਓ ? ਓਥੇ ਮੇਰੇ ਵਰਗੇ ਪੜ੍ਹੇ ਲਿਖੇ ਦੀ ਲੋੜ ਈ ਨਹੀਂ। ਓਥੇ ਤਾਂ ਉਹਨੂੰ ਜਾਣਾ ਚਾਹੀਦਾ ਏ ਜਿਹੜਾ ਫਾਈਲ ਉੱਤੇ ਅੰਗਰੇਜ਼ੀ ਦੇ ਸੀਨ



(Seen) ਦੀ ਥਾਂ ਉੱਤੇ ਉਰਦੂ ਦਾ 'ਸੀਨ' ਲਿਖੇ ਜਾਂ ਫੇਰ ਓਥੇ ਉਹਨੂੰ ਜਾਣਾ ਚਾਹੀਦਾ ਏ ਜਿਹੜਾ ਆਪਨੀ ਨਿੱਕੀ ਜਿਹੀ ਕੌੜ ਕੱਢਣ ਲਈ ਵੈਰੀਆਂ ਤੇ ਸ਼ਰੀਕਾਂ ਦੀਆਂ ਜ਼ਨਾਨੀਆਂ ਨੂੰ ਅਲਫ਼ ਨੰਗਿਆਂ ਕਰਕੇ ਸਾਰੇ ਪਿੰਡ ਵਿਚ ਉਹਨਾਂ ਦਾ ਜਲੂਸ ਕੱਢੇ ਜਾਂ ਫੇਰ ਓਥੇ ਉਹਨੂੰ ਘੱਲੋ ਜਿਹੜਾ ਸਾਰੀ ਸਾਰੀ ਰਾਤ ਮੁਜਰਾ ਵੇਖੇ, ਵੇਲਾਂ ਦੇਵੇ, ਮੌਜ ਕਰੇ ਤੇ ਅਗਲੇ ਦਿਨ ਡੰਗਰਾਂ ਦੇ ਓਸ ਵਾੜੇ ਦੀਆਂ ਪਿਛਲੀਆਂ ਖੁਰਲੀਆਂ ਉੱਤੇ ਰਾਤ ਦੀ ਕਸਰ ਕੱਢੇ, ਨੀਂਦਰ ਪੂਰੀ ਕਰੇ ਤੇ ਜੇ ਇਹੋ ਜਿਹਿਆਂ ਨਾਲ ਵੀ ਪੂਰੀ ਨਹੀਂ ਪੈਂਦੀ ਤੇ ਫੇਰ ਉਹੋ ਜਿਹਾਂ ਨੂੰ ਓਥੇ ਹੋਣਾ ਚਾਹੀਦਾ ਏ ਜਿਹੜੇ ਮੇਰੇ ਵਰਗੇ ਬੇਰੁਜ਼ਗਾਰ ਤੇ ਲਾਚਾਰ ਮੁੰਡਿਆਂ ਨੂੰ ਰੋਟੀ ਟੁੱਕਰ ਦਾ ਲਾਲਚ ਦੇ ਕੇ ਹੱਥਾਂ ਵਿਚ ਹਥਿਆਰ ਫੜਾ ਕੇ ਸਿਰਾਂ ਉੱਤੇ ਰੰਗ ਬਰੰਗੀਆਂ ਪੱਗਾਂ ਪਟਕੇ ਬੰਨ੍ਹ ਕੇ ਅੱਲ੍ਹਾ ਦਾ ਨਾਂ ਲੈਣ ਵਾਲਿਆਂ ਉੱਤੇ ਗੋਲੀ ਚਲਾਉਣ ਦਾ ਹੁਕਮ ਦੇਣ ਦੀ ਤਾਕਤ ਰੱਖਦੇ ਹੋਵਣ। ਤੁਸੀਂ ਝੱਲੇ ਓ, ਮੇਰੇ ਵਰਗੇ ਮਰੇ ਮੋਏ ਗ਼ਰੀਬ ਮਹਾਤੜ ਦਾ ਇਲੈਕਸ਼ਨ ਨਾਲ ਕੀ ਵਾਸਤਾ ? ਮੇਰੇ ਵਰਗੇ ਓਥੇ ਅੱਪੜ ਗਏ ਤਾਂ ਹਰ ਕਿਸੇ ਨੂੰ ਕੰਮ ਕਰਨਾ ਪਵੇਗਾ। ਝੂਠਿਆਂ ਨੂੰ ਛਿੱਤਰ ਪੈਣਗੇ, ਚੋਰਾਂ ਦੇ ਮੂੰਹ ਕਾਲੇ ਤੇ ਜਾਇਦਾਦਾਂ ਜਬਤ ਹੋਣਗੀਆਂ। ਰੱਬ ਦੀ ਮਖ਼ਲੂਕ ਦੀ ਖ਼ੂਨ ਪਸੀਨੇ ਦੀ ਕਮਾਈ ਲੁੱਟਣ ਵਾਲੇ ਨੂੰ ਸ਼ਹਿਰ ਦੇ ਸਭ ਤੋਂ ਵੱਡੇ ਚੌਕ ਵਿਚ ਜਾਂ ਸਭ ਤੋਂ ਉੱਚੀ ਬਿਲਡਿੰਗ ਉੱਤੇ ਕੁੱਲ ਖ਼ੁਦਾਈ ਦੇ ਸਾਹਮਣੇ ਫਾਹੇ ਲਾਇਆ ਜਾਏਗਾ।" ਫੇਰ ਉਹ ਬੋਲਦਾ ਬੋਲਦਾ ਹਫ਼ ਜਾਂਦਾ, ਸਾਹ ਲੈਂਦਾ ਤੇ ਆਖਦਾ, "ਕਿਉਂ ਆਪਨੇ ਆਪ ਨੂੰ ਕੋਈ ਵਖ਼ਤ ਪਾਣਾ ਚਾਂਹਦੇ ਓ, ਮੇਰੇ ਵਰਗੇ ਨੂੰ ਏਸ ਥੜ੍ਹੇ ਉੱਤੇ ਈ ਬੈਠਾ ਰਹਿਣ ਦਿਓ। ਏਥੇ ਆਉਂਦੀ ਜਾਂਦੀ ਖ਼ਲਕਤ ਵੇਖ ਵੇਖ ਕੇ ਕੁਝ ਹੋਰ ਨਹੀਂ ਤਾਂ ਉਹਨਾਂ ਦਾ ਦੁੱਖਾਂ ਦਾ ਅੰਦਾਜ਼ਾ ਤਾਂ ਲੱਗਦਾ ਈ ਰਹਿੰਦਾ ਏ। ਕਿਹੜੇ ਇਲੈਕਸ਼ਨ ਤੇ ਕਿਹੜੀਆਂ ਮੈਂਬਰੀਆਂ। ਕੌਣ ਜਾਂਦੇ ਓਥੇ ਜਾ ਕੇ ਮੈਂ ਵੀ ਉਂਜ ਦਾ ਹੋ ਜਾਵਾਂ ? ਸੁਣਿਆ ਨਹੀਂ ਜੇ ਅਖੇ, ਲੂਣ ਦੀ ਖਾਣ ਵਿਚ ਹਰ ਸ਼ੈਅ ਲੂਣੀ ਹੋ ਜਾਂਦੀ ਏ। ਓਥੇ ਜਾ ਕੇ ਬੜੇ ਬੜੇ ਪਾਰਸ ਬੰਦੇ ਸੋਨੇ ਚਾਂਦੀ ਦੀ ਚਮਕ ਵੇਖ ਕੇ ਅੰਨ੍ਹੇ ਹੋ ਜਾਂਦੇ ਨੇ। ਮੇਰੀ ਕੀ ਔਕਾਤ ਏ ? ਮੈਨੂੰ ਓਥੇ ਘੱਲ ਕੇ ਪਛਤਾਓਗੇ। ਐਵੇਂ ਰੋਵੋਗੇ ਮੈਨੂੰ ਗਵਾ ਕੇ। ਓਥੇ ਜਾ ਕੇ ਤਾਂ ਮੈਨੂੰ ਆਪਨੇ ਘਰ ਦਾ ਪਤਾ ਵੀ ਭੁੱਲ ਜਾਣਾ ਏ।" ਉਹ ਚੁੱਪ ਕਰਦਾ ਤਾਂ ਅਚਕਲ ਦੇਣ ਵਾਲੇ ਵੀ ਚੁੱਪ ਕਰ ਜਾਂਦੇ।

ਇਹਦੇ ਨਾਲ ਦੀ ਰਲਦੀ ਮਿਲਦੀ ਇਕ ਤਕਰੀਰ ਕਰਕੇ ਉਹ ਅਜੇ ਉੱਠਿਆ ਈ ਸੀ ਕਿ ਉਹਨਾਂ ਮਾਂ ਧੀ ਨੇ ਉਹਨੂੰ ਵੱਡੀ ਸੜਕ ਤੋਂ ਪੁਰਾਣੀ ਆਬਾਦੀ ਦੇ ਅੰਦਰ ਜਾਣ ਵਾਲੀ ਸੜਕ ਦੇ ਕੰਢੇ ਰੋਕ ਲਿਆ ਸੀ।

ਉਹ ਦੋਵੇਂ ਜ਼ਨਾਨੀਆਂ ਜਿਧਰ ਨੂੰ ਜਾ ਰਹੀਆਂ ਸਨ ਓਧਰੋਂ ਕਰੀਮ ਆਉਂਦਾ ਦਿਸਿਆ। ਕਰੀਮ ਦਸਵੀਂ ਤਾਈਂ ਪੜ੍ਹਿਆ ਸੀ ਪਰ ਜਦੋਂ ਉਹ ਪਾਸ ਨਾ ਹੋਇਆ ਤਾਂ ਉਹਦੇ ਪਿਓ ਨੇ ਉਹਨੂੰ ਟਾਇਰ ਪੰਚਰ ਲਾਉਣ ਵਾਲੀ ਦੁਕਾਨ ਪਾ ਦਿੱਤੀ। ਮਲੇਸ਼ੀਏ ਦਾ ਸਲਵਾਰ ਕੁੜਤਾ ਜਿਹੜਾ ਮੈਲ, ਤੇਲ ਤੇ ਗਰੀਸ ਨਾਲ ਕਾਲਾ ਹੋ ਗਿਆ ਸੀ, ਏਸ ਗੱਲ ਦੀ ਗਵਾਹੀ ਦੇ ਰਿਹਾ ਸੀ ਪਈ ਉਹ ਦੁਕਾਨ ਤੋਂ ਹੀ ਆ ਰਿਹਾ ਸੀ। ਉਹਦੇ ਹੱਥ ਵੀ ਮੈਲੇ ਸਨ ਤੇ ਮੂੰਹ ਉੱਤੇ ਵੀ ਕਿਧਰੇ ਕਿਧਰੇ ਕਾਲਖ਼ ਦੇ ਦਾਗ਼ ਜਿਹੇ ਲੱਗੇ ਹੋਏ ਸਨ।

"ਸੁਣਾ ਬਾਊ ! ਕਿਥੇ ਸੜਕ ਮੱਲ ਕੇ ਖਲੋਤਾ ਏਂ ? ਕਿਧਰੇ ਜਗ੍ਹਾ ਵਸੂਲੀ ਤੇ ਨਹੀਂ ਕਰਨ ਲੱਗ ਪਿਆ ?" ਕਰੀਮ ਨੇੜੇ ਆ ਕੇ ਹੱਸ ਕੇ ਬੋਲਿਆ।

"ਇਹਨਾਂ ਬੀਬੀਆਂ ਨੂੰ ਇਕ ਪਤਾ ਨਹੀਂ ਲੱਭਦਾ।"

"ਤੈਨੂੰ ਤਾਂ ਆਪਨਾ ਪਤਾ ਨਹੀਂ ਲੱਭਦਾ ਪਿਆ ਤੂੰ ਲੋਕਾਂ ਨੂੰ ਕੀ ਰਾਹੇ ਪਾਣਾ ਏ ?"

ਕਰੀਮ ਫੇਰ ਮਖ਼ੌਲ ਤੋਂ ਬਾਜ਼ ਨਾ ਆਇਆ।

"ਯਾਰ! ਬਕ ਬਕ ਨਾ ਕਰ।" ਅਹਿਮਦ ਨੂੰ ਛੇਤੀ ਵਿਚ ਕੁਝ ਹੋਰ ਨਾ ਸੁੱਝਿਆ।

"ਕੋਈ ਨਿਸ਼ਾਨੀ ?" ਕਰੀਮ ਨੇ ਆਖਿਆ।

"ਸਭ ਪੁੱਛ ਬੈਠਾ ਵਾਂ।" ਅਹਿਮਦ ਬੋਲਿਆ।

ਦੋਵੇਂ ਜ਼ਨਾਨੀਆਂ ਟੁਰੀਆਂ ਜਾ ਰਹੀਆਂ ਸਨ। ਅਹਿਮਦ ਨੇ ਪਿੱਛੋਂ ਵਾਜ ਮਾਰੀ, "ਮਾਂ ਜੀ, ਜ਼ਰਾ ਇਕ ਮਿੰਟ।"

ਦੋਵੇਂ ਖਲੋ ਗਈਆਂ। ਅਹਿਮਦ ਤੇ ਕਰੀਮ ਤ੍ਰਿਖੇ ਤ੍ਰਿਖੇ ਉਹਨਾਂ ਦੇ ਨੇੜੇ ਹੋਏ।

ਤੇਜ਼ ਤੇਜ਼ ਟੁਰਦਾ ਕਰੀਮ ਬੋਲਿਆ, "ਓਏ ਬਾਊ, ਪੁੱਛਣ ਵਾਲੀ ਨਿਸ਼ਾਨੀ ਵੀ ਪੁੱਛੀ ਆ, ਕਿ...?"

ਐਨੇ ਚਿਰ ਉਹ ਜ਼ਨਾਨੀਆਂ ਦੇ ਸਾਹਮਣੇ ਜਾ ਖਲੋਤੇ। ਕਰੀਮ ਬੋਲਿਆ, "ਅੰਮਾ ਜੀ, ਬੁਰਾ ਨਾ ਮੰਨਣਾ, ਖ਼ੈਰ...। ਤੁਸੀਂ ਇਹ ਦੱਸੋ ਪਈ ਤੁਹਾਡੇ ਉਸ ਘਰ...ਮੇਰਾ ਮਤਲਬ ਏ, ਜਿਥੇ ਤੁਸੀਂ ਜਾਣਾ ਏ, ਕੋਈ ਕੁੜੀਆਂ ਸ਼ੁੜੀਆਂ ਵੀ ਹੈ ਨੇ ?"

ਮਾਈ ਕਰੀਮ ਦੀ ਗੱਲ ਉੱਤੇ ਪਹਿਲਾਂ ਤਾਂ ਵੱਟ ਜਿਹਾ ਖਾ ਗਈ ਪਰ ਫੇਰ ਹੱਸ ਪਈ ਤੇ ਬੋਲੀ, "ਆਹੋ ਬੱਚਾ! ਏਸ ਉਮਰ ਵਿਚ ਇੰਜ ਈ ਹੁੰਦਾ ਏ। ਖ਼ੈਰ ਮੇਰੀਆਂ ਤਿੰਨ ਪੋਤਰੀਆਂ ਨੇ।"

"ਗੋਰੀਆਂ ਨੇ, ਕਾਲੀਆਂ ਨੇ, ਲੰਮੀਆਂ ਨੇ, ਬੁਰਕਾ ਚਾਦਰ...?" ਕਰੀਮ ਇੰਜ ਬੋਲਿਆ ਜਿਵੇਂ ਮਦਾਰੀ ਬੋਲਦੇ ਨੇ। ਅਖੇ, "ਮਿਹਰਬਾਨ, ਕਦਰਦਾਨ, ਭਾਈ ਜਾਨ...।"

ਅਹਿਮਦ ਚਕਰਾਇਆ ਹੋਇਆ ਕਰੀਮ ਦਾ ਕਰਤਬ ਵੇਖ ਰਿਹਾ ਸੀ।

"ਆਹੋ ਜੀ!" ਜਵਾਨ ਜ਼ਨਾਨੀ ਬੋਲੀ। "ਇਕ ਕਾਲਜ ਵਿਚ ਪੜ੍ਹਦੀ ਏ। ਚੰਗਾ ਸੋਹਣਾ ਕੱਦ ਏ, ਦੂਜੀ ਦਸਵੀਂ ਵਿਚ ਏ, ਵਾਲ ਕੱਟੇ ਹੋਏ ਨੇ, ਗੋਰੀਆਂ ਤਾਂ ਨਹੀਂ ਪਰ ਨੈਣ ਨਕਸ਼...।"

"ਏ ਬੱਸ, ਤੁਹਾਡੇ ਵਰਗਾ ਰੰਗ ਏ। ਸਗੋਂ ਵੱਡੀ ਦੀ ਤਾਂ ਤੁਹਾਡੇ ਉੱਤੇ ਨੁਹਾਰ ਪੈਂਦੀ ਏ।" ਕਰੀਮ ਓਸੇ ਤੇਜ਼ੀ ਨਾਲ ਬੋਲਿਆ, "ਤੀਜੀ ਸਤਵੀਂ ਅਠਵੀਂ ਵਿਚ ਪੜ੍ਹਦੀ ਏ। ਵੱਡੀ ਬੁਰਕਾ ਪਾਉਂਦੀ ਏ...ਕੀ ਨਾਂ ਨੇ ? ਵਿਚਕਾਰਲੀ ਜਿਹਦੇ ਵਾਲ ਕੱਟੇ ਨੇ...।" ਕਰੀਮ ਮੈਲ਼ ਵਾਲਾ ਸੱਜਾ ਹੱਥ ਆਪਣੇ ਮੱਥੇ ਉੱਤੇ ਮਾਰ ਕੇ ਸੋਚਣ ਲੱਗ ਪਿਆ ਤੇ ਇਕ ਦਮ ਆਖਿਆ, "ਜ਼ੁਬੈਦਾ...ਜ਼ੁਲੈਖ਼ਾਂ...ਤੇ ਤੇ...।"

"ਜੀ ਆ...ਜੀ ਆ...।" ਜਵਾਨ ਜ਼ਨਾਨੀ ਬੋਲੀ।

"ਆਓ ਮੇਰੇ ਨਾਲ...।" ਕਹਿ ਕੇ ਕਰੀਮ ਅੱਗੇ ਅੱਗੇ ਹੋ ਪਿਆ।

ਤਿੰਨ ਨਹੀਂ ਤਾਂ ਚਾਰ ਮਿੰਟ ਲੱਗੇ ਹੋਣੇ ਨੇ। ਉਹ ਸਾਰੇ ਉਹਨਾਂ ਤਿੰਨਾਂ ਕੁੜੀਆਂ ਵਾਲੇ ਘਰ ਦੇ ਬੂਹੇ ਅੱਗੇ ਸਨ।

ਵਾਪਸੀ ਉੱਤੇ ਕਰੀਮ ਨੇ ਆਖਿਆ, "ਬਾਊ, ਮੇਰੇ ਕੋਲ ਪੰਕਚਰ ਲਵਾਉਣ ਲਈ ਖਲੋਣ ਵਾਲੇ ਲੰਮੇ ਰੂਟਾਂ ਦੇ ਟਰੱਕ ਡਰਾਇਵਰ ਕਹਿੰਦੇ ਹੁੰਦੇ ਨੇ, ਅਨਜਾਣੀ ਮੰਜ਼ਲ ਤਾਈਂ ਅਪੜਨ ਲਈ ਕੋਈ ਸੱਚੀ ਨਿਸ਼ਾਨੀ ਯਾਦ ਰਹਿਣੀ ਚਾਹੀਦੀ ਏ। ਬਾਊ, ਜੇ ਉਹ ਨਿਸ਼ਾਨੀ ਭੁੱਲ ਜਾਵੇ ਤਾਂ ਬੰਦਾ ਕਦੀ, ਕਿਧਰੇ ਵੀ ਨਹੀਂ ਅੱਪੜਦਾ।

●

#3, ਗਲੀ ਨੰ: 34, ਜੀ 10/1, ਇਸਲਾਮਾਬਾਦ।
e-mail : mirtanha@yahoo.com



# – ਰੰਗ ਬੇਰੰਗ

ਜਮੀਲ ਅਹਿਮਦ ਪਾਲ –

ਮਿਸਰੀ ਸ਼ਾਹ ਦੀ ਵੱਡੀ ਸੜਕ ਤੋਂ ਸੱਜੇ ਪਾਸੇ ਨਿਕਲਣ ਵਾਲੀ ਚੌੜੀ ਸੜਕ ਵੱਲ ਮੁੜੀਏ ਤਾਂ ਕੋਈ ਸੌ ਕੁ ਗਜ਼ ਅੱਗੇ ਜਾ ਕੇ ਖੱਬੇ ਹੱਥ ਪਾਣੀ ਪਿਆਉਣ ਵਾਲੀ ਛਬੀਲ ਹੈ। ਇਹ ਛਬੀਲ ਜੋ ਸਾਰਾ ਸਾਲ ਸੁੱਕੀ ਹੀ ਰਹਿੰਦੀ ਹੈ, ਇਕ ਗਲੀ ਦੇ ਨੁੱਕੇ ਉਪਰ ਹੈ ਅਤੇ ਜੇ ਤੁਸੀਂ ਅੰਦਰ ਜਾਣ ਦੀ ਖੇਚਲ ਕਰੋ ਤਾਂ ਪੰਜਵਾਂ ਜਾਂ ਖ਼ੌਰੇ ਛੇਵਾਂ ਬੂਹਾ "ਗੌਰਮਿੰਟ ਮਹਿਰੁਨਨਿਸਾ ਗਰਲਜ਼ ਪ੍ਰਾਇਮਰੀ ਸਕੂਲ" ਦਾ ਹੈ। ਘਸਮੈਲੇ ਨੀਲੇ ਜਿਹੇ ਰੰਗ ਦਾ ਗੇਟ ਧੁੱਪਾਂ ਤੇ ਬਾਰਿਸ਼ਾਂ ਖਾ ਖਾ ਕੇ ਇੰਜ ਹੀ ਬੇ-ਰੰਗ ਹੋ ਗਿਆ ਹੋਇਆ ਹੈ ਜਿਵੇਂ ਇਸ ਸਕੂਲ ਦੇ ਕਮਰੇ, ਬਾਰੀਆਂ ਅਤੇ ਕੰਧਾਂ। ਸੱਚ ਪੁੱਛੋ ਤਾਂ ਇਸ ਸਰਕਾਰੀ ਸਕੂਲ ਵਿਚ ਜਿਹੜੀ ਵਿਦਿਆ ਦਿੱਤੀ ਜਾਂਦੀ ਹੈ, ਉਹ ਵੀ ਵੇਲੇ ਦੀਆਂ ਧੁੱਪਾਂ ਅਤੇ ਬਾਰਿਸ਼ਾਂ ਦਾ ਨਿਸ਼ਾਨਾ ਬਣ ਬਣ ਕੇ ਬੇ-ਰੰਗ ਹੋ ਗਈ ਹੋਈ ਹੈ। ਸਕੂਲ ਕੀ ਹੈ, ਕੋਈ ਵੀਹ ਬਾਈ ਬੰਦਿਆਂ ਦੀ ਰੋਜ਼ੀ ਰੋਟੀ ਦਾ ਬਹਾਨਾ ਹੈ। ਓੜਕ ਰੱਬ ਸੱਚੇ ਨੇ ਕਿਸੇ ਹੀਲੇ ਬਹਾਨੇ ਨਾਲ ਹੀ ਤਾਂ ਰਿਜ਼ਕ ਦੇਣਾ ਹੁੰਦਾ ਹੈ। ਅੰਬਰਾਂ ਤੋਂ ਮੰਡ ਸਾਲਣ ਉਤਰਨ ਵਾਲੀ ਗੱਲ ਤਾਂ ਪੁਰਾਣੀ ਹੋਈ।

ਰੋਜ਼ ਸਵੇਰੇ ਸਵਾ ਸੱਤ ਤੇ ਸਾਢੇ ਸੱਤ ਵਜੇ ਦੇ ਵਿਚਕਾਰ ਕੁੜੀਆਂ ਦੇ ਟੋਲੇ ਚਿੜੀਆਂ ਦੇ ਚੰਬੇ ਵਾਂਗ ਇਸ ਸਕੂਲ ਵੱਲ ਮੂੰਹ ਕਰਦੇ ਹਨ। ਇਹ ਤੈਅ ਹੈ ਕਿ ਇਹਨਾਂ ਸਫ਼ੇਦ ਪੋਸ਼ ਕੁੜੀਆਂ ਦੇ ਸਫ਼ੇਦ ਪੋਸ਼ ਮਾਪੇ ਉਹਨਾਂ ਨੂੰ ਅੰਗਰੇਜ਼ੀ ਮੀਡੀਅਮ ਸਕੂਲਾਂ ਵਿਚ ਦਾਖ਼ਿਲ ਕਰਾਉਣ ਜੋਗੇ ਨਹੀਂ। ਚਿੱਟੇ ਯੂਨੀਫ਼ਾਰਮ ਵਿਚ ਉਹ ਕੁੜੀਆਂ ਇੰਜੇ ਜਾਪਦੀਆਂ ਹਨ ਜਿਵੇਂ ਵੱਡੇ ਵੱਡੇ ਕਬੂਤਰਾਂ ਦੀਆਂ ਡਾਰਾਂ ਕਿਸੇ ਵੱਡੇ ਸਾਰੇ ਖੁੱਡੇ ਵੱਲ ਜਾ ਰਹੀਆਂ ਹੋਣ। ਇਹਨਾਂ ਡਾਰਾਂ ਵਿਚ ਕਿਧਰੇ ਕਿਧਰੇ ਉਸਤਾਨੀਆਂ ਵੀ ਹੁੰਦੀਆਂ ਹਨ ਜਿਹੜੀਆਂ ਆਪਣੇ ਫ਼ੈਸ਼ਨੀ ਕੱਪੜਿਆਂ ਪਾਰੋਂ ਸਾਫ਼ ਪਛਾਣੀਆਂ ਜਾਂਦੀਆਂ ਹਨ। ਫੈਸ਼ਨੀ ਕੱਪੜੇ ਵੀ ਕਾਹਦੇ, ਉਸਤਾਨੀਆਂ ਨੂੰ ਜਿੰਨੀ ਤਨਖ਼ਾਹ ਮਿਲਦੀ ਹੈ, ਉਹਦੇ ਵਿਚ ਕਿਹੜਾ ਫ਼ੈਸ਼ਨ ਪੂਰਾ ਹੋ ਸਕਦਾ ਹੈ ? ਸਾਡਾ ਮਤਲਬ ਐਨਾ ਹੈ ਕਿ ਉਸਤਾਨੀਆਂ ਆਪਣੀ ਵਿੱਤ ਮੂਜਬ ਪੂਰੀ ਤਰ੍ਹਾਂ ਫੈਸ਼ਨਏਬਲ ਨਜ਼ਰ ਆਉਣ ਦਾ ਜਤਨ ਕਰਦੀਆਂ ਹਨ। ਇਹ ਵੱਖਰੀ ਗੱਲ ਹੈ ਕਿ ਇਸ ਕੰਮ ਵਿਚ ਕਈ ਵਾਰੀ ਉਹਨਾਂ ਦੀ ਦਿੱਖ ਹਾਸੋਹੀਣੀ ਬਣ ਜਾਂਦੀ ਹੈ। ਜ਼ਾਤ ਦੀ ਕੋੜ੍ਹ ਕਿਰਲੀ ਹੋ ਕੇ ਸ਼ਹਿਤੀਰਾਂ ਨੂੰ ਜੱਫੇ ਮਾਰੇ ਜਾਣ ਤਾਂ ਵੇਖਣ ਵਾਲਿਆਂ ਨੂੰ ਹਾਸਾ ਆਵੇਗਾ ਹੀ। ਦੋ ਗਲੀਆਂ ਹੋਰ ਪਰ੍ਹਾਂ ਐਨ ਸੜਕ ਦੇ ਉਪਰ

ਅੰਗਰੇਜ਼ੀ ਮੀਡੀਅਮ ਸਕੂਲ ਹੈ, ਉਥੇ ਦੀਆਂ ਉਸਤਾਨੀਆਂ ਤਾਂ ਇਸ ਸਕੂਲ ਨੂੰ ਖੋਤੀ ਸਕੂਲ ਦੇ ਨਾਂ ਨਾਲ ਸੱਦਦੀਆਂ ਹਨ।

ਸਕੂਲ ਲੱਗਣ ਦਾ ਵੇਲਾ ਸਵੇਰੇ ਸਾਢੇ ਸੱਤ ਵਜੇ ਦਾ ਹੈ। ਇਹ ਵੇਲਾ ਸਿਆਲ ਹੁਨ੍ਹਾਲ ਕਦੇ ਨਹੀਂ ਬਦਲਦਾ ਕਿਉਂ ਜੇ ਦੁਪਹਿਰ ਸਾਢੇ ਬਾਰ੍ਹਾਂ ਵਜੇ ਇਥੇ ਦੂਜੀ ਸ਼ਿਫ਼ਟ ਦਾ ਸਕੂਲ ਲੱਗਣਾ ਹੁੰਦਾ ਹੈ। ਸਰਕਾਰ ਵਿਚਾਰੀ ਕੋਲ ਇੰਨੇ ਪੈਸੇ ਕਿਥੇ ਕਿ ਉਹ ਦੋ ਦੋ ਸਕੂਲਾਂ ਦੀਆਂ ਇਮਾਰਤਾਂ ਬਣਵਾਏ। ਇਕੋ ਸਕੂਲ ਵਿਚ ਦੋ ਦੋ ਸਕੂਲ ਚਲਾਏ ਜਾ ਸਕਦੇ ਹੋਣ ਤਾਂ ਦੂਜੇ ਦੀ ਇਮਾਰਤ ਬਣਵਾਣ ਉੱਤੇ ਵਾਧੂ ਖਰਚਾ ਕਰਨਾ ਬੇਵਕੂਫ਼ੀ ਹੈ ਅਤੇ ਤੁਸੀਂ ਆਪਣੀ ਸਰਕਾਰ ਨੂੰ ਬੇਵਕੂਫ਼ ਕਿਉਂ ਸਮਝਦੇ ਹੋ ?

ਸਕੂਲ ਦਾ ਸਟਾਫ਼ ਪੰਦਰਾਂ ਉਸਤਾਨੀਆਂ, ਇਕ ਹੈੱਡ ਮਿਸਟ੍ਰੈਸ, ਦੋ ਕਲਰਕ (ਇਕ ਵੱਡਾ ਇਕ ਨਿੱਕਾ), ਇਕ ਚਪੜਾਸੀ, ਇਕ ਚੌਕੀਦਾਰ ਅਤੇ ਇਕ ਜਮਾਂਦਾਰ ਉੱਤੇ ਆਧਾਰਿਤ ਹੈ। ਪੰਦਰਾਂ ਉਸਤਾਨੀਆਂ ਵਿਚੋਂ ਦੋ ਜਾਂ ਤਿੰਨ ਹਰ ਵੇਲੇ ਮੈਟਰਨਿਟੀ ਲੀਵ ਉੱਤੇ ਰਹਿੰਦੀਆਂ ਹਨ। ਜਿਥੇ ਜ਼ਨਾਨੀਆਂ ਹੋਣ, ਉਥੇ ਇਹ ਤਾਂ ਹੁੰਦਾ ਹੀ ਹੈ। ਇਹਦੇ ਨਾਲ ਨਾਲ ਮਿਰਚ ਮਸਾਲੇ, ਖਟਾਈ ਅਤੇ ਇਮਲੀ, ਸਰਦੀਆਂ ਵਿਚ ਕਲਾਸ ਪੜ੍ਹਾਉਂਦਿਆਂ ਸਲਾਈਆਂ ਉੱਤੇ ਸਵੈਟਰ ਬੁਣਾਈ, ਇਕ ਅੱਧੇ ਵਿਹਲੇ ਪੀਰੀਅਡ ਅਤੇ ਅੱਧੀ ਛੁੱਟੀ ਵੇਲੇ ਸਟਾਫ਼ ਰੂਮ ਵਿਚ ਗ਼ੈਰ ਮੌਜੂਦ ਉਸਤਾਨੀਆਂ ਦੀ ਗ਼ੀਬਤ, ਖਾਵੰਦ ਦੇ ਜ਼ੁਲਮ ਦੇ ਕਿੱਸੇ, ਕਮੀਜ਼ ਦੇ ਡਿਜ਼ਾਇਨ ਅਤੇ ਦੁਪੱਟੇ ਦੇ ਰੰਗ ਬਾਰੇ ਗੱਲਬਾਤ, ਪਕੌੜੇ, ਸਮੋਸੇ ਖਾ ਕੇ ਚਟਖ਼ਾਰਾ ਲੈਂਦਿਆ "ਸੀ...ਪਟੱਖ" ਦੀਆਂ ਆਵਾਜ਼ਾਂ ਵੀ ਜ਼ਰੂਰੀ ਹੁੰਦੀਆਂ ਹਨ ਤੇ ਸਕੂਲ ਦੀ ਬੇਰੰਗੀ ਵਿਚ ਰੰਗ ਪੈਦਾ ਕਰਨ ਦਾ ਕਾਰਨ ਵੀ।

ਜੇ ਤੁਸੀਂ ਇਸ ਸਕੂਲ ਨੂੰ ਵੱਡਾ ਸਾਰਾ ਜਨੌਰ ਘਰ ਆਖ ਲਓ ਤਾਂ ਸ਼ਾਇਦ ਉਹ ਵੀ ਕੁਥਾਂ ਨਾ ਹੋਵੇ। ਸਗੋਂ ਅਸਲੀ ਤੇ ਵੱਡੇ ਜਨੌਰ ਘਰ ਵਿਚ ਐਨੇ ਜਨੌਰ ਨਹੀਂ ਹੁੰਦੇ ਜਿੰਨੀ ਵਰਾਇਟੀ ਇਸ ਸਕੂਲ ਵਿਚ ਹੈ। ਜੇ ਮੇਰੇ ਉੱਤੇ ਉਸਤਾਦਾਂ ਦੀ ਨਿਰਾਦਰੀ ਕਰਨ ਦਾ ਦੋਸ਼ ਨਾ ਲਾਇਆ ਜਾਵੇ ਤਾਂ ਇਹ ਕਹਾਂਗਾ ਕਿ ਉਸਤਾਦਾਂ ਦੀ ਸਭ ਤੋਂ ਵੱਧ ਨਿਰਾਦਰੀ ਤਾਂ ਉਹ ਕਰਦੇ ਹਨ ਜਿਹੜੇ ਉਸਤਾਦ ਨੂੰ ਕੌਮ ਦੇ ਉਸਾਰੂ ਦਾ ਖ਼ਤਾਬ ਦੇ ਕੇ ਕੇਵਲ ਦੋ ਢਾਈ ਹਜ਼ਾਰ ਰੁਪਏ ਦਿੰਦੇ ਅਤੇ ਉਹਦੇ ਕੋਲੋਂ ਮੰਗ ਕਰਦੇ ਹਨ ਕਿ ਉਹ ਕੌਮ ਦੇ ਭਵਿੱਖ ਨੂੰ ਪੱਕੀ ਪੀਡੀ ਨੀਂਹ ਉਪਰ ਖੜ੍ਹਾ ਕਰੇਗਾ।

ਹਾਂ ਤੇ ਮੈਂ ਇਹ ਕਹਿ ਰਿਹਾ ਸਾਂ ਕਿ ਕਿਸੇ ਦੀ ਨਿਰਾਦਰੀ ਕਰਨਾ ਮੇਰਾ ਮਕਸਦ ਨਹੀਂ ਪਰ ਇਹ ਵੱਡੀ ਹਕੀਕਤ ਹੈ ਕਿ ਮਹਿਰੁਨਨਿਸਾ ਸਕੂਲ ਦੇ ਇਸ ਜਨੌਰ ਘਰ ਦਾ ਸਭ ਤੋਂ ਦਿਲਚਸਪ ਜਨੌਰ ਇਸ ਸਕੂਲ ਦੀ ਹੈੱਡ ਮਿਸਟ੍ਰੈਸ ਹੋਰੀਂ ਹਨ। ਇਹਨਾਂ ਨੇ ਪੀ.ਟੀ.ਸੀ. ਟੀਚਰ ਵਜੋਂ ਆਪਣੇ ਕੈਰੀਅਰ ਦਾ ਮੁੱਢ ਬੰਨ੍ਹਿਆ ਸੀ। ਕਦੋਂ ਬੰਨ੍ਹਿਆ ਸੀ ? ਇਹਦੇ ਬਾਰੇ ਹੁਣ ਉਹਨਾਂ ਨੂੰ ਆਪ ਵੀ ਯਾਦ ਨਹੀਂ। ਉਹਨਾਂ ਦੀ ਜ਼ਾਤੀ ਫਾਇਲ ਵਿਚ ਇਹਦੇ ਬਾਰੇ ਕਾਗ਼ਜ਼ ਮੌਜੂਦ ਹਨ। ਲੋੜ ਵੇਲੇ ਵੇਖੇ ਜਾ ਸਕਦੇ ਹਨ। ਉਹਨਾਂ ਨੂੰ ਤਾਂ ਇੰਨਾ ਯਾਦ ਹੈ ਕਿ ਦੋ ਮਹੀਨੇ ਬਾਅਦ ਉਹਨਾਂ ਨੇ ਸੱਠ ਸਾਲ ਦੀ ਉਮਰ ਪੂਰੀ ਕਰ ਕੇ ਰਿਟਾਇਰ ਹੋ ਜਾਣਾ ਹੈ। ਰਸ਼ੀਦ ਜਹਾਂ ਉਨ੍ਹਾਂ ਦਾ ਨਾਓਂ ਹੈ। ਆਖਦੇ ਹਨ ਕਿ ਰੁੱਖ ਦੇ ਤਣੇ ਤੋਂ ਉਹਦੀ ਉਮਰ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਜਿੰਨੇ ਸਾਲ ਰੁੱਖ ਦੀ ਉਮਰ ਹੋਵੇ, ਉਹਦੇ ਤਣੇ ਵਿਚ ਓਨੇ ਹੀ ਦਾਇਰੇ ਬਣ ਜਾਂਦੇ ਹਨ। ਮੈਂ ਕਹਿੰਦਾ ਹਾਂ ਬੰਦੇ ਦੀ ਉਮਰ ਦਾ ਅਨੁਮਾਨ ਵੀ ਉਹਦੇ ਚਿਹਰੇ ਦੀਆਂ ਝੁਰੜੀਆਂ ਤੋਂ ਲਾਇਆ ਜਾ ਸਕਦਾ ਹੈ ਪਰ ਰਸ਼ੀਦ ਜਹਾਂ ਦੀ ਉਮਰ ਦਾ ਅੰਦਾਜ਼ਾ ਇਸ ਫਾਰਮੂਲੇ ਤੋਂ ਨਹੀਂ ਲੱਗਦਾ



ਕਿਉਂਕਿ ਝੁਰੜੀਆਂ ਗਿਣ ਕੇ ਉਹਨਾਂ ਦੀ ਉਮਰ ਕੋਈ ਇਕ ਸੌ ਵੀਹ ਵਰ੍ਹੇ ਬਣ ਜਾਂਦੀ ਹੈ ਤੇ ਜ਼ਾਹਿਰ ਹੈ ਕਿ ਆਮ ਮਨੁੱਖ ਦੀ ਉਮਰ ਇੰਨੀ ਨਹੀਂ ਹੁੰਦੀ। ਵਿਚਕਾਰਲੀ ਸ਼੍ਰੇਣੀ ਦੇ ਕਿਸੇ ਮਨੁੱਖ ਦੀ ਤਾਂ ਉੱਕਾ ਹੀ ਨਹੀਂ।

ਰਸ਼ੀਦ ਜਹਾਂ ਦੇ ਚਿਹਰੇ ਦੀਆਂ ਝੁਰੜੀਆਂ ਅਸਲੋਂ ਉਹਨਾਂ ਦੀ 'ਕੱਲੀ ਜਿੰਦ ਦੀਆਂ ਨਹੀਂ ਸਗੋਂ ਉਹਨਾਂ ਦੇ ਖ਼ਾਵੰਦ ਦੀਆਂ ਝੁਰੜੀਆਂ ਵੀ ਇਹਨਾਂ ਵਿਚ ਸ਼ਾਮਿਲ ਹਨ। ਰਸ਼ੀਦ ਜਹਾਂ ਵਿਧਵਾ ਹਨ। ਭਰ ਜਵਾਨੀ ਵਿਚ ਤਾਂ ਨਹੀਂ, ਕੋਈ ਪੈਂਤੀ ਵਰ੍ਹੇ ਦੀ ਉਮਰ ਵਿਚ ਸਨ ਜਦੋਂ ਖ਼ਾਵੰਦ ਚਲਾਣਾ ਕਰ ਗਿਆ ਸੀ। ਉਦੋਂ ਉਹਨਾਂ ਦੇ ਪੰਜੇ ਬਾਲ ਅਜੇ ਨਿੱਕੇ ਨਿੱਕੇ ਸਨ। ਵੱਡਾ ਅਖ਼ਤਰ ਅਜੇ ਛੇਵੀਂ ਵਿਚ ਸੀ, ਨਿੱਕੀਆਂ ਚਾਰ ਕੁੜੀਆਂ ਵਿਚੋਂ ਤਿੰਨ ਸਕੂਲ ਜਾਂਦੀਆਂ ਸਨ ਅਤੇ ਨਿੱਕੀ ਅਜੇ ਕੁੱਛੜ ਸੀ। ਰਸ਼ੀਦ ਜਹਾਂ ਨੇ ਉਸਤੋਂ ਬਾਅਦ ਜੀਵਨ ਦੇ ਬਹੁਤ ਸਾਰੇ ਸੁਆਦ ਨਹੀਂ ਚੱਖੇ। ਉਹਨਾਂ ਨੇ ਚਿੱਟ ਕੱਪੜੀਏ ਹੋਣ ਦੀਆਂ ਸਾਰੀਆਂ ਸਮੱਸਿਆਵਾਂ ਆਪਣੇ ਪਿੰਡੇ ਉਪਰ ਹੰਢਾਈਆਂ ਹਨ। ਕਈ ਸਕੂਲਾਂ ਦਾ ਮੂੰਹ ਵੇਖਿਆ ਹੈ। ਕਦੀ ਪੈਦਲ ਤੇ ਕਦੀ ਬੱਸਾਂ ਵਿਚ ਨੌਕਰੀ ਕਰਨ ਜਾਂਦੇ ਰਹੇ ਹਨ। ਚੁਆਨੀ ਚੁਆਨੀ ਬਚਾ ਕੇ ਉਹਨਾਂ ਨੇ ਵੱਡੇ ਪੁੱਤਰ ਨੂੰ ਪੜ੍ਹਾਇਆ, ਨੌਕਰੀ ਲੁਆਇਆ ਤੇ ਉਹਦਾ ਵਿਆਹ ਕੀਤਾ ਤਾਂ ਉਹ ਬੀਵੀ ਨੂੰ ਲੈ ਕੇ ਵੱਖਰਾ ਹੋ ਗਿਆ। ਰਸ਼ੀਦ ਜਹਾਂ ਨੇ ਇਹਦਾ ਗਿਲਾ ਕਦੀ ਕਿਸੇ ਨਾਲ ਨਹੀਂ ਕੀਤਾ। ਪੁੱਤਰ ਕਦੀ ਕਦੀ ਬੀਵੀ ਨੂੰ ਲੈ ਕੇ ਮਿਲਣ ਆ ਜਾਂਦਾ ਹੈ। ਹੁਣ ਉਹਦੇ ਦੋ ਬੱਚੇ ਵੀ ਹਨ। ਮੈਡਮ ਰਸ਼ੀਦ ਜਹਾਂ ਐਨੇ ਵਿਚ ਹੀ ਖੁਸ਼ ਹਨ ਕਿ ਉਹਨਾਂ ਦੇ ਪੋਤਰੇ ਅੰਗਰੇਜ਼ੀ ਮੀਡੀਅਮ ਸਕੂਲਾਂ ਵਿਚ ਪੜ੍ਹ ਰਹੇ ਹਨ।

ਜਿਥੋਂ ਤਕ ਧੀਆਂ ਦਾ ਸੰਬੰਧ ਹੈ, ਉਹ ਤਾਂ ਹੁੰਦੀਆਂ ਹੀ ਪਰਾਇਆ ਧਨ ਹਨ। ਉਹਨਾਂ ਨਾਲ ਕਾਹਦਾ ਗਿਲਾ। ਚਾਰਾਂ ਧੀਆਂ ਵਿਚੋਂ ਤ੍ਰਿੰਨਾਂ ਦਾ ਉਹ ਵਿਆਹ ਕਰ ਚੁੱਕੇ ਹਨ। ਚੌਥੀ ਦਾ ਵਿਆਹ ਵੀ ਕੀਤਾ ਗਿਆ ਸੀ ਪਰ ਉਹ ਆਪਣੇ ਘਰ ਵੱਸ ਨਹੀਂ ਸਕੀ ਤੇ ਅੱਜ ਕੱਲ੍ਹ ਮੈਡਮ ਰਸ਼ੀਦ ਜਹਾਂ ਦੇ ਨਾਲ ਹੀ ਰਹਿੰਦੀ ਹੈ। ਰਸ਼ੀਦ ਜਹਾਂ ਨੇ ਆਪਣੇ ਪੰਜਾਂ ਬਾਲਾਂ ਨੂੰ ਬਾਲਾਂ ਵਾਲੇ ਕਰਨ ਵਿਚ ਕਿੰਨੇ ਜ਼ਫ਼ਰ ਜਾਲੇ ਹਨ, ਉਹਨਾਂ ਦਾ ਅਨੁਮਾਨ ਆਪ ਉਹਨਾਂ ਨੂੰ ਵੀ ਹੈ। ਉਂਜ ਜਿਓਂ ਜਿਓਂ ਉਹਨਾਂ ਦੀ ਉਮਰ ਵਧਦੀ ਜਾ ਰਹੀ ਹੈ, ਲਾਲਚ ਵੀ ਵਧਦੇ ਜਾ ਰਹੇ ਹਨ। ਪਰ ਇਹ ਤਾਂ ਸਭ ਨਾਲ ਹੀ ਹੁੰਦਾ ਹੈ।

ਰਸ਼ੀਦ ਜਹਾਂ ਰੱਜ ਕੇ ਚਟੋਰੇ ਹਨ। ਮਿਰਚ ਮਸਾਲੇ ਵਾਲੀ ਸ਼ੈਅ ਦਾ ਚਸਕਾ ਉਹਨਾਂ ਨੂੰ ਕਿਸੇ ਗਰਭਵਤੀ ਸੁਆਣੀ ਨਾਲੋਂ ਵੀ ਵਧ ਕੇ ਹੈ। ਚਟੋਰ ਪੁਣੇ ਪਾਰੋਂ ਕਈ ਵਾਰੀ ਖ਼ੁਆਰ ਹੋਏ ਹਨ। ਅਕਸਰ ਪੇਟ ਦੇ ਰੋਗ ਦਾ ਸ਼ਿਕਾਰ ਰਹਿੰਦੇ ਹਨ ਪਰ ਮਿਰਚ ਮਸਾਲੇ ਛੱਡਣਾ ਉਹਨਾਂ ਦੇ ਵੱਸ ਦੀ ਗੱਲ ਨਹੀਂ। ਦੁਨੀਆ ਉੱਤੇ ਦੋ ਹੀ ਚੀਜ਼ਾਂ ਤਾਂ ਠੀਕ ਨਹੀਂ ਹੋ ਸਕਦੀਆਂ। ਇਕ ਕੁੱਤੇ ਦੀ ਪੂਛਲ ਅਤੇ ਦੂਜਾ ਮੈਡਮ ਰਸ਼ੀਦ ਜਹਾਂ ਦਾ ਚਟੋਰ ਪੁਣਾ। ਉਹਨਾਂ ਦੀਆਂ ਦੋਹਾਂ ਅੱਖਾਂ ਵਿਚ ਵਾਰੀ ਵਾਰੀ ਮੋਤੀਆ ਉਤਰਦਾ ਰਿਹਾ ਹੈ ਜਿਹਦੇ ਅਪ੍ਰੇਸ਼ਨ ਕਰਵਾ ਚੁੱਕੇ ਹਨ ਪਰ ਇਕ ਅੱਖ ਦਾ ਅਪ੍ਰੇਸ਼ਨ ਕੋਈ ਬਹੁਤਾ ਕਾਮਯਾਬ ਨਹੀਂ ਸੀ ਹੋਇਆ ਜਿਸ ਪਾਰੋਂ ਉਸ ਅੱਖ ਤੋਂ ਚੰਗੀ ਤਰ੍ਹਾਂ ਨਜ਼ਰ ਨਹੀਂ ਆਉਂਦਾ। ਅੱਖਾਂ ਉਪਰ ਮੋਟੇ ਸ਼ੀਸ਼ੇ ਦੀ ਐਨਕ ਲੱਗੀ ਰਹਿੰਦੀ ਹੈ। ਸਿਰ ਦੇ ਸਾਰੇ ਵਾਲ ਚਿੱਟੇ ਹੋ ਗਏ ਹਨ। ਕੁਝ ਮੌਸਮਾਂ ਨੇ, ਕੁਝ ਉਮਰ ਨੇ, ਕੁਝ ਨਜ਼ਲੇ ਨੇ ਅਤੇ ਕੁਝ ਫ਼ਿਕਰਾਂ ਨੇ ਚਿੱਟੇ ਕੀਤੇ ਹਨ। ਇਹਨਾਂ ਵਾਲਾਂ ਨੂੰ ਉਹ ਰੰਗਦੇ ਹਨ ਪਰ ਰੰਗ ਸਸਤੀ ਕਿਸਮ ਦਾ ਹੁੰਦਾ ਹੈ ਜਿਸ ਪਾਰੋਂ ਦੂਰੋਂ ਹੀ ਰਾਜ਼ ਫਾਸ਼ ਹੋ ਜਾਂਦਾ ਹੈ।

ਰਸ਼ੀਦ ਜਹਾਂ ਆਪਣੇ ਸਟਾਫ਼ ਕੋਲੋਂ ਖਾਣ ਪੀਣ ਦਾ ਕੋਈ ਮੌਕਾ ਹੱਥੋਂ ਨਹੀਂ ਗੁਆਂਦੇ।

ਕਿਸੇ ਉਸਤਾਨੀ ਦੇ ਘਰ ਬਾਲ ਜੰਮੇ (ਇਹ ਕੰਮ ਸਾਰਾ ਸਾਲ ਹੀ ਹੁੰਦਾ ਰਹਿੰਦਾ ਹੈ) ਤਾਂ ਉਹਦੇ ਕੋਲੋਂ ਸੀਤਾ ਸੁਆਇਆ ਸੂਟ ਲੈਂਦੇ ਹਨ ਅਤੇ ਉਹਦੇ ਘਰ ਦਾਅਵਤ ਵੀ ਖਾਂਦੇ ਹਨ। ਉਸਤਾਨੀਆਂ ਉਹਨਾਂ ਕੋਲੋਂ ਤੰਗ ਹਨ ਪਰ ਖੁੱਲ੍ਹ ਕੇ ਕਦੀ ਇਹਦਾ ਪ੍ਰਗਟਾਵਾ ਨਹੀਂ ਕਰਦੀਆਂ। ਆਖ਼ਿਰ ਉਹਨਾਂ ਨੇ ਵੀ ਤਾਂ ਕਦੇ ਕਦਾਈਂ ਦਿਲ ਕੱਚਾ ਹੋਣ ਪਾਰੋਂ ਜਾਂ ਸਿਰ ਚਕਰਾਣ ਪਾਰੋਂ ਛੁੱਟੀ ਕਰਨੀ ਹੁੰਦੀ ਹੈ।

ਹੋਰ ਉਸਤਾਨੀਆਂ ਵਿਚ ਮੈਡਮ ਫ਼ਿਰਦੋਸ, ਮੈਡਮ ਮਰੀਅਮ, ਮੈਡਮ ਹੈਲਨ, ਮੈਡਮ ਅਖ਼ਤਰ ਜਹਾਂ, ਮੈਡਮ ਦਾਨੀ, ਮਿਸ ਸਬਾ ਅਤੇ ਮਿਸ ਤਾਨੀਆ ਆਦਿ ਦੇ ਨਾਂ ਸ਼ਾਮਿਲ ਹਨ। ਇਹਨਾਂ ਵਿਚੋਂ ਮੈਡਮ ਫ਼ਿਰਦੋਸ ਸੈਕਿੰਡ ਹੈੱਡ ਮਿਸਟ੍ਰੈਸ ਹਨ। ਜਿਸ ਦਿਨ ਮੈਡਮ ਰਸ਼ੀਦ ਜਹਾਂ ਨਾ ਆਉਣ, ਉਹ ਨਿਜ਼ਾਮ ਪਾਂਡੀ ਵਾਂਗ ਪੂਰੇ ਸਕੂਲ ਉੱਤੇ ਚਮੜੇ ਦਾ ਸਿੱਕਾ ਚਲਾਉਂਦੇ ਹਨ।

ਸਕੂਲ ਦੀਆਂ ਸਭਨਾਂ ਉਸਤਾਨੀਆਂ ਨੂੰ ਭਾਂਵੇਂ ਉਹ ਵਿਆਹੀਆਂ ਹੋਣ ਭਾਵੇਂ ਕੁਆਰੀਆਂ, "ਮਿਸ" ਆਖ ਕੇ ਹੀ ਸੱਦਿਆ ਜਾਂਦਾ ਹੈ। ਉਂਜ ਮਿਸ ਹੈਲਨ ਤੇ ਮਿਸ ਸਬਾ ਅਜੇ ਕੁਆਰੀਆਂ ਹਨ। ਇਹਨਾਂ ਵਿਚੋਂ ਮਿਸ ਹੈਲਨ ਈਸਾਈ ਹਨ। ਅਕਸਰ ਉਹਨਾਂ ਦੀ ਅਣਹੋਂਦ ਵਿਚ ਉਹਨਾਂ ਦੇ "ਗੰਦੇ" ਹੋਣ ਦਾ ਜ਼ਿਕਰ ਕੀਤਾ ਜਾਂਦਾ ਹੈ। "ਮੈਂ ਤਾਂ ਕਦੀ ਇਹਦੇ ਘਰ ਪੱਕੀ ਸ਼ੈਅ ਨਾ ਖਾਵਾਂ" ਮੈਡਮ ਮਰੀਅਮ ਅਕਸਰ ਕਹਿੰਦੇ ਹਨ। "ਇਹਨਾਂ ਈਸਾਈਆਂ ਦਾ ਕੋਈ ਪਤਾ ਨਹੀਂ ਕੀ ਖੁਆ ਦੇਣ, ਸਾਡਾ ਤੇ ਧਰਮ ਖ਼ਰਾਬ ਹੋ ਜਾਵੇ।" ਮੈਡਮ ਮਰੀਅਮ ਇਸਲਾਮੀਅਤ ਪੜ੍ਹਾਂਦੇ ਹਨ ਤੇ ਇਸ ਪਾਰੋਂ ਪਾਕੀ ਪਲੀਤੀ ਦਾ ਕੁਝ ਬਹੁਤਾ ਹੀ ਖ਼ਿਆਲ ਰੱਖਦੇ ਹਨ।

ਮਿਸ ਸਬਾ ਨੇ ਨੌਕਰੀ ਕੇਵਲ ਵੇਲਾ ਗੁਜ਼ਾਰੀ ਲਈ ਹੀ ਕੀਤੀ ਹੈ। ਉਹਨਾਂ ਦੇ ਅੱਬਾ ਜੀ ਸਰਕਾਰੀ ਦਫ਼ਤਰੋਂ ਸੁਪਰੀਟੈਂਡੈਂਟ ਵਜੋਂ ਰਿਟਾਇਰ ਹੋਏ ਹਨ। ਸੁਪਰੀਟੈਂਡੈਂਟ ਹੋਰਾਂ ਆਪਣੀ ਸਰਕਾਰੀ ਨੌਕਰੀ ਸਮੇਂ ਚਾਰ ਕੁੜੀਆਂ ਦੇ ਵਿਆਹ ਕੀਤੇ ਸਨ ਪਰ ਮਿਸ ਸਬਾ ਦੀ ਵਾਰੀ ਆਉਂਦਿਆਂ ਆਉਂਦਿਆਂ ਉਹ ਬੁੱਢੇ ਹੋ ਗਏ ਹਨ। ਮਿਸ ਸਬਾ ਨੇ ਜੀਵਨ ਦੀ ਬੇਅਰਥਤਾ ਅਤੇ ਵਿਹਲ ਤੋਂ ਤੰਗ ਆ ਕੇ ਨੌਕਰੀ ਕਰ ਲਈ ਹੈ। ਉਹਨਾਂ ਨੂੰ ਇਹ ਨੌਕਰੀ ਵਿਆਹ ਦੀ ਨੌਕਰੀ ਨਾਲੋਂ ਬਿਹਤਰ ਲੱਗਦੀ ਹੈ। ਘੱਟੋ ਘੱਟ ਉਹ ਆਮ ਗੱਲਬਾਤ ਵਿਚ ਤਾਂ ਇਹੀ ਕਹਿੰਦੇ ਹਨ। ਮਿਸ ਸਬਾ ਦੇ ਚਿਹਰੇ ਉਪਰ ਦਾਣੇ ਹਨ ਜਿਨ੍ਹਾਂ ਨੂੰ ਜੁਆਨੀ ਦੇ ਕਿੱਲ ਆਖਿਆ ਜਾਂਦਾ ਹੈ। ਇਸ ਸਕੂਲ ਵਿਚ ਸਭ ਤੋਂ ਖ਼ੁਸ਼ ਲਿਬਾਸ ਉਹੀ ਹਨ।

ਸਕੂਲ ਵਿਚ ਤਿੰਨ ਉਸਤਾਨੀਆਂ ਅਜਿਹੀਆਂ ਹਨ ਜਿਹਨਾਂ ਨੂੰ ਦੌਰੇ ਪੈਂਦੇ ਹਨ। ਇਹਨਾਂ ਵਿਚ ਮਿਸ ਕਿੱਯੂਮ, ਮਿਸ ਦਾਨੀ ਅਤੇ ਮਿਸ ਸ਼ਾਇਸਤਾ ਦੇ ਨਾਂ ਸ਼ਾਮਿਲ ਹਨ। ਮਿਸ ਕਿੱਯੂਮ ਦਾ ਇਕੋ ਇਕ ਪੰਦਰਾਂ ਵਰ੍ਹਿਆਂ ਦਾ ਪੁੱਤਰ ਹੈ, ਜਿਹੜਾ ਨੌਵੀਂ ਵਿਚ ਪੜ੍ਹ ਰਿਹਾ ਹੈ। ਇਸ ਮੁੰਡੇ ਨਾਲ ਹੀ ਮਿਸ ਕਿੱਯੂਮ ਦਾ ਸਾਰਾ ਭਵਿੱਖ ਜੁੜਿਆ ਹੋਇਆ ਹੈ। ਉਹਨਾਂ ਦੀ ਆਪਣੇ ਖਾਵੰਦ ਤੋਂ ਬਾਰਾਂ ਵਰ੍ਹੇ ਪਹਿਲਾਂ ਅਲਿਹਦਗੀ ਹੋ ਗਈ ਸੀ। ਖਾਵੰਦ ਜ਼ਾਲਿਮ ਸੀ, ਮਿਸ ਕਿੱਯੂਮ ਆਪਣਾ ਕਮਾਂਦੇ ਖਾਂਦੇ ਸਨ, ਉਹ ਕਿਉਂ ਅਜਿਹੇ ਜ਼ਾਲਿਮ ਖਾਵੰਦ ਦੇ ਥੱਲੇ ਲੱਗਦੇ, ਸੋ ਉਹ ਵੱਖਰੇ ਹੋ ਗਏ। ਪੁੱਤਰ ਉਦੋਂ ਮਸਾਂ ਤਿੰਨਾਂ ਵਰ੍ਹਿਆਂ ਦਾ ਸੀ। ਅਦਾਲਤ ਵਿਚ ਜਦੋਂ ਸਾਰਾ ਮੁਆਮਲਾ ਗਿਆ ਤਾਂ ਨਿੱਕੇ ਜਿਹੇ ਬਾਲ ਨੇ ਮਾਂ ਕੋਲ ਜਾਣ ਨੂੰ ਤਰਜੀਹ ਦਿੱਤੀ ਤੇ ਅਦਾਲਤ ਨੇ ਬਾਲ ਮਾਂ ਨੂੰ ਦੇਣ ਦਾ ਫ਼ੈਸਲਾ ਸੁਣਾ ਦਿੱਤਾ। ਅਲਿਹਦਗੀ ਦੇ ਦੋ ਵਰ੍ਹੇ ਬਾਅਦ ਮਿਸ ਕਿੱਯੂਮ ਨੂੰ ਦੌਰੇ ਪੈਣ ਲੱਗੇ। ਬੜਾ ਸਖ਼ਤ ਦੌਰਾ ਹੁੰਦਾ ਹੈ। ਅੱਖਾਂ ਪਥਰਾ ਜਾਂਦੀਆਂ ਹਨ ਤੇ ਜੀਭ ਦੰਦਾਂ ਥੱਲੇ ਆ ਕੇ ਟੁੱਕੀ ਜਾਂਦੀ ਹੈ। ਜਦੋਂ ਦੌਰਾ ਪੈਂਦਾ ਹੈ, ਮਿਸ ਕਿੱਯੂਮ ਅਗਲੇ ਦੋ ਦਿਨ ਸਕੂਲ ਤੋਂ ਛੁੱਟੀ ਕਰਦੇ ਹਨ। ਉਹ ਸਕੂਲ ਆਣ ਜੋਗੇ ਹੀ ਨਹੀਂ ਹੁੰਦੇ।



ਮਿਸ ਦਾਨੀ ਦਾ ਮਾਮਲਾ ਹੋਰ ਹੈ। ਉਹ ਦਸਵੀਂ ਵਿਚ ਪੜ੍ਹਦੇ ਸਨ ਕਿ ਸਕੂਲ ਵਿਚ ਅੱਧੀ ਛੁੱਟੀ ਵੇਲੇ ਪੀਂਘ ਝੂਟਦਿਆਂ ਪੀਂਘ ਦੀ ਰੱਸੀ ਟੁੱਟਣ ਪਾਰੋਂ ਪੂਰੀ ਕੁੱਵਤ ਨਾਲ ਪਰ੍ਹਾਂ ਜਾ ਡਿੱਗੇ। ਸਿਰ ਵਿਚ ਅਜਿਹੀ ਸੱਟ ਵੱਜੀ ਕਿ ਕਈ ਘੰਟੇ ਬੇਹੋਸ਼ ਰਹੇ। ਹੋਸ਼ ਤਾਂ ਆ ਗਿਆ ਪਰ ਦੌਰੇ ਪੈਣ ਲੱਗੇ। ਹੁਣ ਉਹਨਾਂ ਦੀ ਉਮਰ ਚਾਲੀ ਸਾਲ ਦੇ ਲਗਪਗ ਹੈ, ਦੌਰੇ ਅਜੇ ਵੀ ਪੈਂਦੇ ਹਨ। ਬੜੇ ਇਲਾਜ ਮਗਰੋਂ ਕੁਝ ਘਟੇ ਹਨ ਤੇ ਹੁਣ ਹਰ ਮਹੀਨੇ ਦੀ ਬਜਾਏ ਦੂਜੇ ਤੀਜੇ ਮਹੀਨੇ ਦੌਰਾ ਪੈਂਦਾ ਹੈ, ਉਂਜ ਉਹਨਾਂ ਨੂੰ ਦੁਆਈ ਰੋਜ਼ ਹੀ ਖਾਣੀ ਪੈਂਦੀ ਹੈ।

ਮਿਸ ਸ਼ਾਇਸਤਾ ਨੂੰ ਪੈਣ ਵਾਲੇ ਦੌਰੇ ਹਿਸਟੀਰੀਆ ਦੇ ਹਨ। ਡਾਕਟਰਾਂ ਦਾ ਮਸ਼ਵਰਾ ਹੈ ਕਿ ਮਿਸ ਸ਼ਾਇਸਤਾ ਦਾ ਵਿਆਹ ਕਰ ਦਿੱਤਾ ਜਾਵੇ ਤਾਂ ਇਹ ਦੌਰੇ ਰੁਕ ਜਾਣਗੇ। ਜਦੋਂ ਦਾ ਡਾਕਟਰਾਂ ਨੇ ਮਿਸ ਸ਼ਾਇਸਤਾ ਦੇ ਮਾਪਿਆਂ ਨੂੰ ਇਹ ਮਸ਼ਵਰਾ ਦਿੱਤਾ ਹੈ, ਮਾਪੇ ਉਦੋਂ ਦੇ ਇਸ ਕੋਸ਼ਿਸ਼ ਵਿਚ ਹਨ ਕਿ ਕਿਸੇ ਤਰ੍ਹਾਂ ਮਿਸ ਸ਼ਾਇਸਤਾ ਦਾ ਵਿਆਹ ਹੋ ਜਾਵੇ ਪਰ ਬਦਕਿਸਮਤੀ ਨਾਲ ਮਿਸ ਸ਼ਾਇਸਤਾ ਨੂੰ ਰਿਆਇਤੀ ਨੰਬਰ ਦੇ ਕੇ ਹੀ "ਕਬੂਲ ਸੂਰਤ" ਆਖਿਆ ਜਾ ਸਕਦਾ ਹੈ ਜਿਸ ਪਾਰੋਂ ਵਿਆਹ ਦਾ ਮਾਮਲਾ ਅਜੇ ਵੀ ਲਮਕਿਆ ਹੋਇਆ ਹੈ।

ਸਿਰਫ਼ ਦੌਰੇ ਹੀ ਨਹੀਂ ਉਸਤਾਨੀਆਂ ਦੇ ਹੋਰ ਬਹੁਤ ਸਾਰੇ ਮਸਲੇ ਵੀ ਹਨ। ਕੁਝ ਘਰੋਗੀ, ਕੁਝ ਨਫ਼ਸਿਆਤੀ ਤੇ ਕੁਝ ਦੂਜਿਆਂ ਦੇ ਪੈਦਾ ਕੀਤੇ ਹੋਏ। ਮੈਡਮ ਐਨੀ ਦਾ ਮੀਆਂ ਉਹਨਾਂ ਉਪਰ ਸ਼ੱਕ ਕਰਦਾ ਹੈ। ਹੀਲੇ ਬਹਾਨੇ ਨਾਲ ਸਕੂਲ ਆਉਂਦਾ ਹੈ ਅਤੇ ਅਕਸਰ ਉਹਨਾਂ ਦਾ ਪਿੱਛਾ ਕਰਦਾ ਹੈ। ਵਿਚਾਰੇ ਹਰ ਦਮ ਡਰਦੇ ਹੀ ਰਹਿੰਦੇ ਹਨ। ਹਰ ਵੇਲੇ ਚਾਦਰ ਵਿਚ ਮੂੰਹ ਲਕੋਈ ਰੱਖਦੇ ਹਨ। ਹਾਲਾਂ ਜੇ ਉਹ ਮੂੰਹ ਨਾ ਲਕੋਣ ਤਾਂ ਸ਼ਾਇਦ ਕੋਈ ਉਹਨਾਂ ਦੇ ਚਿਹਰੇ ਵੱਲ ਨਜ਼ਰ ਭਰ ਕੇ ਵੀ ਨਾ ਵੇਖੇ। ਮੈਡਮ ਸਾਹਿਬਾ ਦਾ ਮਾਮਲਾ ਮੁਆਸ਼ੀ ਹੈ ਕਿ ਉਹਨਾਂ ਦਾ ਖਾਵੰਦ ਉਹਨਾਂ ਕੋਲੋਂ ਸਾਰੀ ਤਨਖ਼ਾਹ ਹੀਲੇ ਬਹਾਨੇ ਨਾਲ ਲੈ ਲੈਂਦਾ ਹੈ ਅਤੇ ਉਹਦੇ ਕੋਲ ਇਕ ਪੈਸਾ ਵੀ ਨਹੀਂ ਛੱਡਦਾ। ਵਿਚਾਰੀ ਨੂੰ ਸਮੋਸੇ ਖਾਣ ਲਈ ਵੀ ਪੈਸੇ ਉਧਾਰ ਮੰਗਣੇ ਪੈਂਦੇ ਹਨ।

ਮੈਡਮ ਜਮਾਲ ਦਾ ਮਸਲਾ ਹੋਰ ਹੈ। ਉਹਨਾਂ ਦੇ ਘਰ ਧੀਆਂ ਹੀ ਧੀਆਂ ਹਨ। ਪੰਜ ਧੀਆਂ ਹਨ ਜਿਹਨਾਂ ਵਿਚੋਂ ਸਭ ਤੋਂ ਵੱਡੀ ਦਸਵੀਂ ਵਿਚ ਪੜ੍ਹ ਰਹੀ ਹੈ। ਮੈਡਮ ਜਮਾਲ ਦਾ ਖਾਵੰਦ ਉਹਨਾਂ ਨੂੰ ਛੱਡ ਕੇ ਟੁਰ ਗਿਆ ਹੈ, ਸੁਣਿਆ ਹੈ ਕਰਾਚੀ ਹੁੰਦਾ ਹੈ ਅਤੇ ਉਹਨੇ ਦੂਜਾ ਵਿਆਹ ਵੀ ਕਰ ਲਿਆ ਹੈ। ਮੈਡਮ ਜਮਾਲ ਦੇ ਟੱਬਰ ਵਿਚ ਮਰਦਾਂ ਅਤੇ ਮੁੰਡਿਆਂ ਦੀ ਹਮੇਸ਼ ਥੋੜ੍ਹ ਰਹੀ ਹੈ। ਉਹ ਆਪ ਵੀ ਤਿੰਨ ਭੈਣਾਂ ਸਨ ਜੋ ਸਦਾ ਇਕ ਭਰਾ ਵਾਸਤੇ ਤਰਸਦੀਆਂ ਰਹੀਆਂ। ਇਹੋ ਤਰਸੇਵਾਂ ਮੈਡਮ ਜਮਾਲ ਦੀਆਂ ਧੀਆਂ ਦਾ ਵੀ ਭਾਗ ਹੈ। ਮੈਡਮ ਜਮਾਲ ਆਪ ਪਹਿਲਾਂ ਭਰਾ ਲਈ ਤਰਸਦੇ ਹੁੰਦੇ ਸਨ, ਫਿਰ ਪੁੱਤਰ ਲਈ ਤਰਸਦੇ ਰਹੇ। ਪਰ ਜਦੋਂ ਦਾ ਖਾਵੰਦ ਛੱਡ ਕੇ ਨੱਸ ਗਿਆ ਏ, ਨਿਰਾਸ਼ ਹਨ। ਫਿਰ ਜਦੋਂ ਉਹ ਸੋਚਦੇ ਹਨ ਕਿ ਕੁਝ ਚਿਰ ਮਗਰੋਂ ਧੀਆਂ ਨੂੰ ਵਿਆਹੁਣ ਦਾ ਮਸਲਾ ਸਾਹਮਣੇ ਆਵੇਗਾ ਤਾਂ ਉਹਨਾਂ ਦੀ ਰਾਤਾਂ ਦੀ ਨੀਂਦਰ ਉੱਡ ਜਾਂਦੀ ਹੈ। ਵਿਚਾਰੇ ਸਾਰੀ ਸਾਰੀ ਰਾਤ ਜਾਗਦੇ ਰਹਿੰਦੇ ਹਨ। ਉਹਨਾਂ ਨੂੰ ਪਤਾ ਹੈ ਕਿ ਪੰਜਾਬ ਦੇ ਜ਼ਾਲਮ ਸਮਾਜ ਵਿਚ ਇਕ ਸਕੂਲ ਟੀਚਰ ਲਈ ਸਭ ਤੋਂ ਵੱਡਾ ਮਸਲਾ ਧੀ ਨੂੰ ਟੋਰਨਾ ਹੁੰਦਾ ਹੈ, ਉਹਨਾਂ ਦੇ ਸਾਹਮਣੇ ਤਾਂ ਪੰਜ ਮਸਲੇ ਹਨ। ਮੁਸਲਸਲ ਜਗਰਾਤਿਆਂ ਪਾਰੋਂ ਉਹਨਾਂ ਦੀਆਂ ਅੱਖਾਂ ਦੁਆਲੇ ਘੇਰੇ ਪੈ ਗਏ ਹੋਏ ਹਨ ਜੋ ਉਹਨਾਂ ਦੀ ਕੋਝੀ ਸ਼ਕਲ ਨੂੰ ਹੋਰ ਕੋਝਾ ਬਣਾ ਦਿੰਦੇ ਹਨ।

ਹਰ ਸਰਕਾਰੀ ਸਕੂਲ ਵਾਂਗ ਮਿਹਰੁਨਿਸਾ ਸਕੂਲ ਵੀ ਵਾਧੂ ਬਾਲਾਂ ਦੇ ਮਸਲੇ ਦਾ ਸ਼ਿਕਾਰ ਹੈ। ਸਰਕਾਰੀ ਇਬਾਰਤਾਂ ਵਿਚ ਇਹ ਓਵਰਕ੍ਰਾਓਡਿਡ ਆਖਿਆ ਜਾਂਦਾ ਹੈ। ਕਮਰੇ

ਥੋੜ੍ਹੇ ਹਨ, ਕਲਾਸਾਂ ਬਰਾਂਡਿਆਂ ਵਿਚ ਵੀ ਲੱਗਦੀਆਂ ਹਨ। ਸਾਰਾ ਦਿਨ ਹਾਹਾਕਾਰ ਮੱਚੀ ਰਹਿੰਦੀ ਹੈ। ਸਕੂਲ ਵਿਚ ਪੜ੍ਹਾਈ ਘੱਟ ਅਤੇ ਰੌਲਾ ਬਹੁਤਾ ਹੁੰਦਾ ਹੈ। ਜਿਵੇਂ ਲਾਊਡ ਸਪੀਕਰਾਂ ਵਾਲੀ ਮਸੀਤ ਦੇ ਨੇੜਲੇ ਘਰਾਂ ਦੇ ਲੋਕ ਪਰੇਸ਼ਾਨ ਰਹਿੰਦੇ ਹਨ। ਇੰਜੇ ਹੀ ਇਸ ਸਕੂਲ ਦੇ ਗੁਆਂਢ ਵਿਚ ਜਿਹੜੇ ਘਰ ਹਨ, ਉਹਨਾਂ ਦੇ ਵਾਸੀ ਵੀ ਰੌਲੇ ਤੋਂ ਪਰੇਸ਼ਾਨ ਰਹਿੰਦੇ ਹਨ ਪਰ ਇਸ ਸਿਲਸਿਲੇ ਵਿਚ ਕੀਤਾ ਵੀ ਕੀ ਜਾ ਸਕਦਾ ਹੈ ? ਰੌਲੇ ਵਿਚ ਥੋੜ੍ਹਾ ਬਹੁਤ ਫ਼ਰਕ ਉਦੋਂ ਪੈਂਦਾ ਹੈ ਜਦੋਂ ਰਸ਼ੀਦ ਜਹਾਂ ਹੋਰੀਂ ਸਕੂਲ ਦੇ ਮੁਆਇਨੇ ਉੱਤੇ ਨਿਕਲਦੇ ਹਨ। ਉਹ ਸਕੂਲ ਦੇ ਜਿਸ ਹਿੱਸੇ ਤੋਂ ਗੁਜ਼ਰਦੇ ਹਨ, ਹੈੱਡ ਮਿਸਟ੍ਰੈਸ ਦੇ ਇਹਤਰਾਮ ਜਾਂ ਖ਼ੌਰੇ ਰੋਅਬ ਪਾਰੋਂ ਉਸ ਹਿੱਸੇ ਵਿਚ ਚੁੱਪ ਚਾਣ ਹੋ ਜਾਂਦੀ ਹੈ।

ਸਕੂਲ ਵਿਚ ਮੇਲਾ ਜਿਹਾ ਲੱਗਿਆ ਰਹਿੰਦਾ ਹੈ। ਹਰ ਕਲਾਸ ਦੇ ਤਿੰਨ ਤਿੰਨ ਚਾਰ ਚਾਰ ਸੈਕਸ਼ਨ ਹਨ। ਉਸਤਾਨੀਆਂ ਵਿਚਾਰੀਆਂ ਬਾਲਾਂ ਨੂੰ ਪੜ੍ਹਾ ਪੜ੍ਹਾ ਕੇ ਹਫ਼ ਜਾਂਦੀਆਂ ਹਨ। ਕੁਝ ਮਹਿੰਗਾਈ ਨੇ ਲੱਕ ਭੰਨੇ ਹੋਏ ਹਨ, ਕੁਝ ਘਰਾਂ ਤੋਂ ਸਕੂਲ ਆਉਂਦਿਆਂ ਵੈਗਨਾਂ ਦੇ ਧੱਕੇ ਉਹਨਾਂ ਦਾ ਕਚੂਮਰ ਕੱਢ ਦਿੰਦੇ ਹਨ। ਰਹਿੰਦੀ ਕਸਰ ਪੰਜਾਹ ਪੰਜਾਹ ਸੱਠ ਸੱਠ ਬਾਲਾਂ ਦੀ ਕਲਾਸ ਨੂੰ ਸੁਆਲ ਸਮਝਾਂਦਿਆਂ ਨਿਕਲ ਜਾਂਦੀ ਹੈ। ਇਹਨਾਂ ਉਸਤਾਨੀਆਂ ਦੇ ਜੀਵਨ ਵਿਚ ਕੇਵਲ ਗਰਮਾਈ ਛੁੱਟੀਆਂ ਦੇ ਢਾਈ ਮਹੀਨੇ ਆਰਾਮ ਦੇ ਹੁੰਦੇ ਹਨ। ਚਲੋ ਘਰਾਂ ਵਿਚ ਗਰਮੀ ਦੋਜ਼ਖ਼ ਵਰਗੀ ਸਹੀ, ਬਾਲਾਂ ਵਿਚ ਮਗਜ਼ ਖਪਾਈ ਤਾਂ ਨਹੀਂ ਹੁੰਦੀ।

ਹੈੱਡ ਮਿਸਟ੍ਰੈਸ ਰਸ਼ੀਦ ਜਹਾਂ ਨੂੰ ਖਾਣ ਦਾ ਸ਼ੌਕ ਜਨੂੰਨ ਦੀ ਹੱਦ ਤੀਕਰ ਹੈ। ਕਿਸੇ ਉਸਤਾਨੀ ਦੇ ਘਰ ਬਾਲ ਜੰਮੇ, ਕੋਈ ਹੋਰ ਤਰਕੀਬ ਹੋਵੇ ਤਾਂ ਉਹ ਖਾਣ ਪੀਣ ਦਾ ਬਹਾਨਾ ਪੈਦਾ ਕਰ ਲੈਂਦੇ ਹਨ। ਆਮ ਕਰਕੇ ਉਹ ਉਸਤਾਨੀ ਨੂੰ ਆਪਣੇ ਦਫ਼ਤਰ ਬੁਲਾ ਕੇ ਮੁਬਾਰਕਬਾਦ ਦਿੰਦੇ ਹਨ। ਉਸ ਵੇਲੇ ਦੁਪਹਿਰ ਹੋਣ ਵਾਲੀ ਹੁੰਦੀ ਹੈ ਅਤੇ ਲੰਚ ਦਾ ਟਾਇਮ ਨੇੜੇ ਹੁੰਦਾ ਹੈ। ਮੁਬਾਰਕ ਦੇ ਭਾਰ ਨਾਲ ਝੁਕ ਕੇ ਸਿਆਣੀ ਉਸਤਾਨੀ ਉਹਨਾਂ ਦੀ ਸੇਵਾ ਵਿਚ ਚਰਗ਼ਾ (ਤਲਿਆ ਹੋਇਆ ਪੂਰਾ ਮੁਰਗ਼) ਰੋਗ਼ਨੀ ਨਾਨ ਅਤੇ ਬੋਤਲ ਪੇਸ਼ ਕਰਦੀ ਹੈ। ਐਨੇ ਵਰ੍ਹਿਆਂ ਮਗਰੋਂ ਉਸਤਾਨੀਆਂ ਨੂੰ ਇੰਨਾ ਤਜਰਬਾ ਤਾਂ ਹੋ ਹੀ ਗਿਆ ਹੈ ਕਿ ਉਹਨਾਂ ਨੂੰ ਆਪਣੀ ਹੈੱਡ ਮਿਸਟ੍ਰੈਸ ਦੀ ਪਸੰਦ ਦਾ ਪਤਾ ਲੱਗ ਗਿਆ ਹੈ। ਇਹ ਪਾਰਟੀ ਕਿਉਂਕਿ ਮਨ ਦੀ ਖ਼ੁਸ਼ੀ ਨਾਲ ਪੇਸ਼ ਨਹੀਂ ਕੀਤੀ ਜਾਂਦੀ, ਇਸ ਲਈ ਅਕਸਰ ਇਹਦਾ ਅਸਰ ਪੁੱਠਾ ਹੁੰਦਾ ਹੈ। ਪੂਰਾ ਚਰਗ਼ਾ ਖਾਣਾ ਤਾਂ ਕਿਸੇ ਜੁਆਨ ਦੇ ਵੱਸ ਦੀ ਗੱਲ ਵੀ ਮੁਸ਼ਕਿਲ ਹੁੰਦੀ ਹੈ, ਰਸ਼ੀਦ ਜਹਾਂ ਦਾ ਬੁੱਢਾ ਮਿਹਦਾ ਆਮ ਕਰਕੇ ਇਹਨੂੰ ਬਰਦਾਸ਼ਤ ਨਹੀਂ ਕਰ ਸਕਦਾ। ਸੈਵਨ ਅੱਪ ਦੀ ਬੋਤਲ ਜਾਂ ਦੋ ਬੋਤਲਾਂ ਵੀ ਚਰਗ਼ੇ ਦਾ ਕੁਝ ਨਹੀਂ ਵਿਗਾੜ ਸਕਦੀਆਂ ਅਤੇ ਇਸ ਪਾਰੋਂ ਅਕਸਰ ਉਹਨਾਂ ਨੂੰ ਟੱਟੀਆਂ ਲੱਗ ਜਾਂਦੀਆਂ ਹਨ। ਵਿਚਾਰੇ ਰਸ਼ੀਦ ਜਹਾਂ ਨੂੰ ਇਕ ਜਾਂ ਦੋ ਦਿਨ ਲਈ ਛੁੱਟੀ ਕਰਨੀ ਪੈਂਦੀ ਹੈ। ਇਕ ਜਾਂ ਦੋ ਛੁੱਟੀਆਂ ਕਰਕੇ ਜਦੋਂ ਉਹ ਵਾਪਸ ਸਕੂਲ ਪਰਤਦੇ ਹਨ ਤਾਂ ਕਾਫ਼ੀ ਕਮਜ਼ੋਰੀ ਮਹਿਸੂਸ ਕਰਦੇ ਹਨ। ਇਹ ਕੰਮਬਖ਼ਤ ਰੋਗ ਹੀ ਅਜਿਹਾ ਹੈ ਕਿ ਚੰਗੇ ਭਲੇ ਬੰਦੇ ਨੂੰ ਕਮਜ਼ੋਰ ਕਰ ਦਿੰਦਾ ਹੈ।

"ਬੁੱਢੀ ਫਾਫਾਂ ! ਚਟੋਰ ਪੁਣਾ ਕਰਨ ਤੋਂ ਬਾਜ਼ ਵੀ ਤਾਂ ਨਹੀਂ ਆਉਂਦੀ।" ਸੈਕਿੰਡ ਹੈੱਡ ਮਿਸਟ੍ਰੈਸ ਫ਼ਿਰਦੋਸ ਉਹਨਾਂ ਦੀ ਸੀਟ ਸੰਭਾਲਦਿਆਂ ਆਖਦੇ ਹਨ। ਇਹ ਗੱਲ ਕਰਦਿਆਂ ਮੈਡਮ ਫ਼ਿਰਦੋਸ ਇੰਨਾ ਵੀ ਨਹੀਂ ਸੋਚਦੇ ਕਿ ਜੇ ਰਸ਼ੀਦ ਜਹਾਂ ਚਟੋਰ ਪੁਣਾ ਛੱਡ ਦੇਣ ਤਾਂ ਆਪ ਉਹਨਾਂ ਨੂੰ ਹੈੱਡ ਮਿਸਟ੍ਰੈਸ ਦੀ ਸੀਟ ਸਾਂਭਣ ਦਾ ਮੌਕਾ ਕਿਵੇਂ ਮਿਲੇ ?

ਪਿਛਲੇ ਮਹੀਨੇ ਤਾਂ ਕਮਾਲ ਹੀ ਹੋ ਗਿਆ। ਸ਼ੁਰੂ ਮਈ ਦੀ ਕੜਕੜਾਂਦੀ ਗਰਮੀ। ਅਜੇ



ਗਰਮਾਈ ਛੁੱਟੀਆਂ ਵਿਚ ਲਗਭਗ ਪੂਰਾ ਮਹੀਨਾ ਬਾਕੀ ਸੀ ਕਿ ਮੈਡਮ ਮਰੀਅਮ ਤਿੰਨ ਮਹੀਨੇ ਦੀ ਮੈਟਰਨਿਟੀ ਛੁੱਟੀ ਕਰ ਕੇ ਪਰਤੇ। ਉਹਨਾਂ ਦੇ ਘਰ ਮੁੰਡਾ ਹੋਇਆ ਸੀ। ਮੈਡਮ ਮਰੀਅਮ ਦਾ ਖਾਵੰਦ ਬਾਗ਼ਬਾਨਪੁਰੇ ਵਿਚ ਵੱਡੀ ਸਾਰੀ ਦੁਕਾਨ ਦਾ ਮਾਲਿਕ ਹੈ, ਪੈਸੇ ਦੀ ਕੋਈ ਥੋੜ੍ਹ ਨਹੀਂ, ਇਸ ਲਈ ਉਹਨਾਂ ਨੇ ਸਾਰੇ ਸਟਾਫ਼ ਦੀ ਦੁਪਹਿਰ ਦੀ ਰੋਟੀ ਕੀਤੀ। ਸਟਾਫ਼ ਦੇ ਹਰ ਮੈਂਬਰ ਨੂੰ ਅੱਧਾ ਅੱਧਾ ਚਰਗ਼ਾ, ਦੋ ਦੋ ਰੋਗ਼ਨੀ ਨਾਨ ਅਤੇ ਇਕ ਇਕ ਬੋਤਲ ਦਿੱਤੀ ਗਈ। ਮੈਡਮ ਰਸ਼ੀਦ ਕਿਉਂਕਿ ਸਭ ਤੋਂ ਸੀਨੀਅਰ ਸਨ ਇਸ ਲਈ ਅੱਧੇ ਦੀ ਥਾਂ ਉਹਨਾਂ ਨੂੰ ਪੂਰਾ ਚਰਗ਼ਾ ਉਹਨਾਂ ਦੇ ਕਮਰੇ ਵਿਚ ਭਿਜਵਾ ਦਿੱਤਾ ਗਿਆ। ਵੱਡਾ ਸਾਰਾ ਚਰਗ਼ਾ ਸੀ ਜਿਹੜਾ ਉਹਨਾਂ ਨੇ ਮਸਾਂ ਲੱਤਾਂ ਵਿਚ ਸਿਰ ਦੇ ਕੇ ਖਾਧਾ। ਇਕ ਰੋਗ਼ਨੀ ਨਾਨ ਤਾਂ ਬਚ ਵੀ ਗਿਆ ਜਿਹੜਾ ਉਹਨਾਂ ਨੇ ਅਖ਼ਬਾਰ ਵਿਚ ਵਲ੍ਹੇਟ ਕੇ ਆਪਣੇ ਹੈਂਡ ਬੈਗ ਵਿਚ ਰੱਖ ਲਿਆ ਸੀ। ਚੰਗਾ ਭਲਾ ਰੋਗ਼ਨੀ ਨਾਨ, ਕਿਉਂ ਜ਼ਾਇਆ ਕੀਤਾ ਜਾਵੇ ? ਸ਼ਾਮ ਨੂੰ ਉਹ ਥੋੜ੍ਹੇ ਜਿਹੇ ਘਿਓ ਵਿਚ ਤਲ ਕੇ ਖਾ ਲੈਣਗੇ।

ਪਰ ਘਿਓ ਵਿਚ ਤਲ ਕੇ ਨਾਨ ਖਾਣ ਦੀ ਨੌਬਤ ਹੀ ਨਾ ਆਈ। ਘਰ ਜਾਂਦਿਆਂ ਵੈਗਨ ਵਿਚ ਹੀ ਉਹਨਾਂ ਨੂੰ ਮਤਲੀ ਜਹੀ ਹੋਣ ਲੱਗੀ। ਉਹ ਘਰ ਅੱਪੜੇ ਤਾਂ ਉਲਟੀਆਂ ਤੇ ਟੱਟੀਆਂ ਸ਼ੁਰੂ ਹੋ ਗਈਆਂ। ਡਾਕਟਰ ਕੋਲ ਜਾਣਾ ਪਿਆ। ਦੂਣਾ ਖ਼ਰਚਾ ਹੋ ਗਿਆ। ਅਗਲੇ ਦਿਨ ਉਹਨਾਂ ਨੂੰ ਛੁੱਟੀ ਕਰਨੀ ਪਈ। ਨੇਮ ਮੁਤਾਬਿਕ ਫ਼ਿਰਦੋਸ ਉਹਨਾਂ ਦੀ ਥਾਂ ਹੈੱਡ ਮਿਸਟ੍ਰੈਸ ਬਣੀ।

ਰਸ਼ੀਦ ਜਹਾਂ ਠੀਕ ਹੋ ਕੇ ਪਰਤੇ ਤਾਂ ਦੋ ਦਿਨਾਂ ਮਗਰੋਂ ਅਖ਼ਤਰ ਜਹਾਂ ਦੀ ਧੀ ਦੀ ਮੰਗਣੀ ਆ ਗਈ। ਅਖਤਰ ਜਹਾਂ ਨੇ ਮੰਗਣੀ ਦੇ ਅਗਲੇ ਹੀ ਦਿਨ ਉਹਨਾਂ ਨੂੰ ਮਠਿਆਈ ਦਾ ਦੋ ਕਿਲੋ ਦਾ ਡੱਬਾ ਲਿਆ ਦਿੱਤਾ। ਰਸ਼ੀਦ ਜਹਾਂ ਨੇ ਕੁਝ ਮਠਿਆਈ ਚੱਖੀ ਤੇ ਬਾਕੀ ਡੱਬਾ ਬੰਦ ਕਰ ਕੇ ਨਾਲ ਲੈ ਗਏ। ਬਦਕਿਸਮਤੀ ਨਾਲ ਇਸ ਮਠਿਆਈ ਨੇ ਵੀ ਉਹੀ ਕੰਮ ਕੀਤਾ ਜੋ ਕੁਝ ਦਿਨ ਪਹਿਲਾਂ ਚਰਗ਼ੇ ਨੇ ਕੀਤਾ ਸੀ।

ਅਗਲੇ ਦਿਨ ਜਦੋਂ ਫ਼ਿਰਦੋਸ ਨੂੰ ਫਿਰ ਰਸ਼ੀਦ ਜਹਾਂ ਦੀ ਸੀਟ ਸੰਭਾਲਣੀ ਪਈ ਤਾਂ ਉਹਨਾਂ ਨੇ ਫ਼ੈਸਲਾ ਕਰ ਲਿਆ ਕਿ ਹੁਣ ਜਦੋਂ ਮੈਡਮ ਸਕੂਲ ਪਰਤਣਗੇ ਤਾਂ ਉਹਨਾਂ ਨੂੰ ਸਮਝਾਵਾਂਗੀ ਕਿ ਖਾਣ ਵੇਲੇ ਇਹਤਿਆਤ ਵਰਤਿਆ ਕਰੋ। ਹੁਣ ਤੁਹਾਡੀ ਉਮਰ ਜਵਾਨੀ ਦੀ ਤਾਂ ਹੈ ਨਹੀਂ ਕਿ ਲੱਕੜ ਹਜ਼ਮ ਪੱਥਰ ਹਜ਼ਮ ਵਾਲੀ ਗੱਲ ਹੋਵੇ। ਇਸ ਉਮਰ ਵਿਚ ਤਾਂ ਜੁੱਸੇ ਨੂੰ ਜ਼ਿਆਦਾ ਕੈਲੋਰੀਆਂ ਦੀ ਵੀ ਲੋੜ ਨਹੀਂ ਹੁੰਦੀ। ਬਿਹਤਰ ਇਹ ਹੈ ਕਿ ਉਹ ਚਰਗ਼ ਅਤੇ ਮਠਿਆਈਆਂ ਵਰਗੀਆਂ ਸਕੀਲ ਚੀਜ਼ਾਂ ਤੋਂ ਰਤਾ ਪਰਹੇਜ਼ ਹੀ ਕਰਿਆ ਕਰਨ। ਇਹ ਸੋਚ ਕੇ ਮੈਡਮ ਫ਼ਿਰਦੋਸ ਮੁਤਮਇਨ ਹੋ ਗਏ। ਆਖ਼ਿਰ ਉਹਨਾਂ ਨੇ ਮੈਡਮ ਰਸ਼ੀਦ ਜਹਾਂ ਦੀ ਬਿਹਤਰੀ ਵਾਸਤੇ ਹੀ ਤਾਂ ਉਹਨਾਂ ਨੂੰ ਮਸ਼ਵਰਾ ਦੇਣਾ ਸੀ।

ਰਸ਼ੀਦ ਜਹਾਂ ਆਪਣੀ ਨਾਇਬ ਫ਼ਿਦਰੋਸ ਦਾ ਬੜਾ ਲਿਹਾਜ਼ ਕਰਦੇ ਸਨ। ਇਸ ਦਾਅਵੇ ਪਾਰੋਂ ਤੀਜੇ ਦਿਨ ਜਦੋਂ ਰਸ਼ੀਦ ਜਹਾਂ ਸਕੂਲ ਪਰਤੇ, ਉਹਨਾਂ ਨੂੰ ਆਪਣੇ ਕਮਰੇ ਵਿਚ 'ਕੱਲਿਆਂ ਵੇਖਿਆ ਤਾਂ ਮੌਕਾ ਜਾਣ ਕੇ ਮੈਡਮ ਫ਼ਿਰਦੋਸ ਉਹਨਾਂ ਦੇ ਸਾਹਮਣੇ ਵਾਲੀ ਸੀਟ ਉਪਰ ਜਾ ਬੈਠੇ।

"ਮੈਡਮ ਜੇ ਤੁਸੀਂ ਬੁਰਾ ਨਾ ਮਨਾਓ ਤਾਂ ਇਕ ਗੱਲ ਕਰਾਂ ?"

ਰਸ਼ੀਦ ਜਹਾਂ ਮੇਜ਼ ਉੱਤੇ ਪਏ ਕੋਈ ਕਾਗ਼ਜ਼ ਉਥੱਲ ਰਹੇ ਸਨ। ਉਹਨਾਂ ਨੇ ਆਪਣੀ ਐਨਕ ਦੇ ਮੋਟੇ ਮੋਟੇ ਸ਼ੀਸ਼ਿਆਂ ਵਿਚੋਂ ਫ਼ਿਰਦੋਸ ਵੱਲ ਵੇਖਣ ਦਾ ਜਤਨ ਕੀਤਾ। "ਜ਼ਰੂਰ ! ਮੈਂ ਕਿਉਂ ਬੁਰਾ ਮਨਾਣਾ ਏ ?"

ਮੈਡਮ ਫ਼ਿਰਦੋਸ ਨੇ ਹੌਸਲਾ ਇਕੱਠਾ ਕਰ ਕੇ ਗੱਲ ਸ਼ੁਰੂ ਕੀਤੀ, "ਮੈਡਮ ਤੁਸੀਂ ਦਸ

ਬਾਰ੍ਹਾਂ ਦਿਨ ਪਹਿਲਾਂ ਵੀ ਬੀਮਾਰ ਹੋਏ ਸੋ।"

"ਹਾਂ! ਤੌਬਾ...ਇੰਨੇ ਲੂਜ਼ ਮੋਸ਼ਨ ਤਾਂ ਮੈਨੂੰ ਜ਼ਿੰਦਗੀ ਵਿਚ ਕਦੇ ਨਹੀਂ ਸਨ ਲੱਗੇ।" ਮੈਡਮ ਨੂੰ ਆਪਣੀ ਬੀਮਾਰੀ ਚੇਤੇ ਆ ਗਈ।

ਮੈਡਮ ਫ਼ਿਰਦੌਸ ਨੇ ਗੱਲ ਅੱਗੇ ਵਧਾਈ, "ਇਹ ਤਿੰਨ ਦਿਨ ਪਹਿਲਾਂ ਮਿਸ ਅਖ਼ਤਰ ਜਹਾਂ ਦੀ ਮਠਿਆਈ ਨੇ ਵੀ ਤੁਹਾਨੂੰ ਤੰਗ ਕੀਤਾ ਏ।"

"ਹੂੰ!" ਮੈਡਮ ਰਸ਼ੀਦ ਜਹਾਂ ਨੇ ਮੁਖ਼ਤਸਰ ਜੁਆਬ ਦਿੱਤਾ। ਉਹਨਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹਨਾਂ ਦੀ ਸੈਕਿੰਡ ਹੈੱਡ ਮਿਸਟ੍ਰੈਸ ਕਹਿਣਾ ਕੀ ਚਾਹੁੰਦੀ ਹੈ।

"ਮੈਡਮ ਗੱਲ ਇਹ ਹੈ ਕਿ...ਅਸਲ ਵਿਚ ਅੱਜ ਕੱਲ੍ਹ ਦੀਆਂ ਗ਼ਜ਼ਾਵਾਂ ਮਿਲਾਵਟੀ ਹਨ ਨਾ...।" ਇਥੇ ਆ ਕੇ ਫ਼ਿਰਦੌਸ ਦਾ ਹੌਸਲਾ ਜੁਆਬ ਦੇ ਗਿਆ। ਉਹਨਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਇਸ ਚਟੋਰੀ ਬੁੱਢੀ ਨੂੰ ਕਿਵੇਂ ਸਮਝਾਣ।

"ਹਾਂ ਗ਼ਜ਼ਾਵਾਂ ਤੇ ਮਿਲਾਵਟੀ ਹੈ ਈ ਨੇ।"

"ਉਹ ਮੈਡਮ ਅਸਲ ਵਿਚ ਮਿਲਾਵਟੀ ਚੀਜ਼ਾਂ ਖਾ ਖਾ ਕੇ ਸਾਡੇ ਸਭ ਦੇ ਮਿਹਦੇ ਜੁਆਬ ਦੇ ਗਏ ਹਨ..."

"ਹਾਂ ਫ਼ਿਰਦੌਸ ਕੀ ਕੀਤਾ ਜਾਵੇ ? ਸ਼ਹਿਰਾਂ ਵਿਚ ਤਾਂ ਇਹੋ ਕੁਝ ਹੀ ਹੈ। ਜਦੋਂ ਮੇਰੀ ਸਰਵਿਸ ਅਜੇ ਇਕ ਸਾਲ ਦੀ ਸੀ, ਮੇਰੀ ਟ੍ਰਾਂਸਫਰ ਇਕ ਪਿੰਡ ਵਿਚ ਹੋਈ। ਕੀ ਦੱਸਾਂ ਕਿੰਨੀ ਖ਼ਾਲਸ ਖ਼ੁਰਾਕ ਮਿਲਦੀ ਸੀ। ਸਰ੍ਹਿਓਂ ਦਾ ਸਾਗ ਤਾਂ ਇੰਨਾ ਤਾਜ਼ਾ ਕਿ...।"

ਇਸਤੋਂ ਪਹਿਲਾਂ ਕਿ ਰਸ਼ੀਦ ਜਹਾਂ ਗੱਲ ਪੂਰੀ ਕਰਦੇ, ਫ਼ਿਰਦੌਸ ਨੇ ਉਹਨਾਂ ਦੀ ਗੱਲ ਕੱਟ ਦਿੱਤੀ। ਅਸਲੋਂ ਫ਼ਿਰਦੌਸ ਟੈਨਸ਼ਨ ਵਿਚ ਸੀ ਅਤੇ ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਗੱਲ ਕਿਵੇਂ ਕਰੇ।

"...ਮੈਡਮ ਮੈਂ ਇਹ ਆਖਣਾ ਚਾਹ ਰਹੀ ਹਾਂ ਕਿ ਤੁਸੀਂ ਖਾਣ ਪੀਣ ਵੇਲੇ ਜ਼ਰਾ ਇਹਤਿਆਤ ਕਰਿਆ ਕਰੋ। ਉਮਰ ਵਧਣ ਦੇ ਨਾਲ ਨਾਲ ਮਿਹਦਾ ਵੀ ਕਮਜ਼ੋਰ ਹੋ ਜਾਂਦਾ ਏ ਤੇ ਗ਼ਜ਼ਾ ਠੀਕ ਹਜ਼ਮ ਨਹੀਂ ਹੁੰਦੀ...।" ਮੈਡਮ ਫ਼ਿਰਦੌਸ ਨੇ ਛੇਤੀ ਛੇਤੀ ਆਖ ਦਿੱਤਾ। ਹੁਣ ਮੈਡਮ ਭਾਵੇਂ ਬੁਰਾ ਮਨਾਏ ਭਾਵੇਂ ਚੰਗਾ, ਗੱਲ ਉਹਨਾਂ ਦੇ ਵੱਟੇ ਵਾਂਗ ਮਾਰ ਛੱਡੀ ਸੀ।

"ਠੀਕ ਕਹਿੰਦੇ ਹੋ ਤੁਸੀਂ ਫ਼ਿਰਦੌਸ...।" ਮੈਡਮ ਨੇ ਆਖਿਆ ਅਤੇ ਫਿਰ ਇਕ ਲੰਮਾ ਅਤੇ ਠੰਡਾ ਸਾਹ ਭਰਿਆ। ਫ਼ਿਰਦੌਸ ਨੇ ਮੈਡਮ ਦੇ ਚਿਹਰੇ ਵੱਲ ਵੇਖਿਆ। ਮੈਡਮ ਉਹਦੇ ਵੱਲ ਹੀ ਵੇਖ ਰਹੇ ਸਨ। ਉਹਨਾਂ ਦੀਆਂ ਅੱਖਾਂ ਵਿਚ ਗਿਲੇ ਵਰਗੀ ਕੋਈ ਚੀਜ਼ ਸੀ। ਉਹ ਆਖ ਰਹੇ ਸਨ, "ਮੈਂ ਵਿਧਵਾ ਜ਼ਨਾਨੀ। ਸਾਰੀ ਉਮਰ ਮੈਂ ਬੱਸਾਂ ਵੈਗਨਾਂ ਵਿਚ ਧੱਕੇ ਖਾਂਦਿਆਂ ਗੁਜ਼ਾਰੀ ਹੈ, ਮੈਂ ਸਾਰੀ ਉਮਰ ਚੰਗਾ ਕੱਪੜਾ ਪਾ ਕੇ ਨਹੀਂ ਵੇਖਿਆ ਕਿਉਂਕਿ ਲੋਕੀ ਵਿਧਵਾ ਹੋਣ ਦਾ ਮਿਹਣਾ ਦਿੰਦੇ ਸਨ। ਸ਼ੁਕਰ ਹੈ ਕਿ ਮਾਪਿਆਂ ਨੇ ਕੁਝ ਪੜ੍ਹਾ ਲਿਖਾ ਦਿੱਤਾ ਸੀ ਕਿ ਮੁਲਾਜ਼ਮਤ ਮਿਲ ਗਈ। ਦਸਾਂ ਨਹੁੰਆਂ ਦੀ ਕਮਾਈ ਕਰ ਕਰ ਕੇ ਬਾਲ ਬੱਚੇ ਪੜ੍ਹਾਏ, ਉਹਨਾਂ ਦੇ ਵਿਆਹ ਕੀਤੇ ਤਾਂ ਉਹ ਪੰਛੀ ਵਾਂਗ ਪਰਦੇਸੀ ਹੋ ਗਏ। ਮੇਰੇ ਜੀਵਨ ਵਿਚ ਲੰਮੇ ਚਿਰ ਤੋਂ ਕੋਈ ਸਵਾਦ, ਕੋਈ ਚਸਕਾ ਕਦੀ ਨਹੀਂ ਆਇਆ। ਆ ਜਾ ਕੇ ਕੇਵਲ ਜੀਭ ਦਾ ਇਕ ਚਸਕਾ ਬਾਕੀ ਹੈ, ਕੀ ਉਹਨੂੰ ਵੀ ਛੱਡ ਦਿਆਂ...?"

●

#7-ਏ, ਗਲੀ ਨੰ: 7, ਕੂਚਾ ਮੁਹੰਮਦੀ, ਸੁਲਤਾਨਪੁਰਾ, ਲਾਹੌਰ।
ਟੈਲੀਫ਼ੋਨ : 042-6821247, e-mail : jameel_paul@yahoo.com



# ਗਾਮਾ ਕਦੀ ਨਾ ਜਿੱਤ ਸਕਿਆ

ਖਾਲਿਦ ਮਹਿਮੂਦ

ਗਾਤ ਦੀ ਕਾਲੀ ਡੈਣ ਗਲ਼ ਵਿਚ ਚੁੱਪ ਦੀ ਡੰਗ ਮਾਰਦੀ ਸੱਪਣੀ ਪਾ ਕੇ ਆਈ। ਮੁੰਜ ਦੀ ਢਿੱਲੀ ਅਲਾਣੀ ਮੰਜੀ 'ਤੇ ਕੱਸਿਆ ਵੱਟਿਆ ਤੇ ਖਿਝਿਆ ਹੋਇਆ ਗਾਮਾ ਕਰਾਕੀਆਂ, ਕਚੀਚੀਆਂ ਤੇ ਸ਼ੂਕਦੇ ਲੰਮੇ ਸਾਹ...ਪਾਵੇ ਤੇ ਮੁੱਕੀਆਂ ਮਾਰੇ, ਕਦੀ ਦੌਣਾਂ ਨਾਲ ਪੈਰ ਛਿੱਲੇ, ਝੱਟੇ ਝੱਟੇ ਪਾਸੇ ਪਰਤੇ, ਉਹਨੂੰ ਕਿਸੇ ਵੀ ਪਲ ਨੀਂਦਰ ਨਹੀਂ ਸੀ ਆ ਰਹੀ।

ਖ਼ੈਰ, ਸੁੱਤਾ ਤੇ ਉਹ ਕਈ ਦਿਨਾਂ ਤੋਂ ਨਹੀਂ ਸੀ, ਪਰ ਪਿੱਛੇ ਦੀ ਗੱਲ ਹੋਰਵੀਂ। ਅੱਗੇ ਤੇ ਉਹਦੇ ਸਾਹਮਣੇ ਮੰਡੀ ਸ਼ੇਰ ਸਿੰਘ ਦਾ ਮੇਲਾ ਹੁੰਦਾ ਜਿਥੇ ਗਤਕਾ ਖੇਡਿਆ ਜਾਂਦਾ। ਉਹ ਜਿੱਤ ਕੇ ਚਾਚੇ ਦਾ ਬਦਲਾ ਲੈਂਦਾ ਤੇ ਉਹਦੇ ਸੰਗੀ ਸਾਥੀ ਭੰਗੜੇ ਪਾਉਂਦੇ। ਪਰ ਅੱਜ ਤੇ ਉਹਦੀਆਂ ਲਹਿਰਦੀਆਂ ਸੱਧਰਾਂ ਅੱਖਾਂ 'ਚੋਂ ਕਿਰ ਗਈਆਂ। ਅੱਜ ਨਮਾਸ਼ਾਂ ਵੇਲੇ ਉਹ ਘੋੜੀ 'ਤੇ ਬੈਠਾ ਖੂਹ ਤੋਂ ਆ ਰਿਹਾ ਸੀ ਕਿ ਅੱਗੋਂ ਸਰਦਾਰਾ ਢਾਬ ਵਾਲਾ ਤੇ ਚਿਰਾਗ਼ਾ ਵੀ ਕਿਧਰੋਂ ਆਉਂਦੇ ਮਿਲ ਪਏ। ਖੋਤੇ ਵੀ ਚੰਗੇ ਸੂਤਰ ਕੇ ਲੱਦੇ ਹੋਏ ਤੇ ਆਪੂੰ ਵੀ ਸਿਰਾਂ 'ਤੇ ਵੱਡੀਆਂ ਭਾਰੀਆਂ ਪੰਡਾਂ ਚਾਈਆਂ ਹੋਈਆਂ। ਦੱਸ ਪਾਇਓਂ ਨੇ ਕਿ ਮੰਡੀ ਸ਼ੇਰ ਸਿੰਘ ਵਿਚ ਲੁੱਟ ਮਾਰ ਹੋ ਰਹੀ ਤੇ ਹਿੰਦੂ ਸਿੱਖ ਵੱਢੇ ਟੁੱਕੇ ਜਾ ਰਹੇ ਨੇ। ਗਾਮੇ ਝੱਬ ਗੋਪੀ ਬਾਰੇ ਪੁੱਛਿਆ—

"ਮਾਂ ਦਾ ਖਸਮ ਸਿਰ ਲੈ ਗਿਆ ਏ।"

"ਅਸੀਂ ਐਵੇਂ ਉਹਨੂੰ ਐਡਾ ਸ਼ੇਰ ਸਮਝੀ ਬੈਠੇ ਸਾਂ। ਗਿੱਦੜ ਨਿਕਲਿਆ। ਭੈਣ ਦਾ ਯਾਰ।"

"ਮਾਂ ਤੇ ਭੈਣ ਨੂੰ ਘੋੜੀ 'ਤੇ ਬਹਾ ਕੇ ਕਿਧਰੇ ਮੂੰਹ ਕਰ ਗਿਆ ਏ।"

"ਮਾਂ ਉਹਦੀ ਉਹ ਬਾਹਮਣੀ ਕਿਵੇਂ ਮਜਾਜਾਂ ਨਾਲ ਕੁੰਜੀਆਂ ਖੜਕਾਉਂਦੀ ਗਲੀ 'ਚੋਂ ਲੰਘਦੀ ਸੀ। ਅੱਜ ਚੰਨੇ ਦੀ ਲੋਥ 'ਤੇ ਕਿਵੇਂ ਵੈਣ ਪਾ ਰਹੀ ਸੀ।"

"ਤੇ ਭੈਣ ਉਹਦੀ ਲੱਛੋ ?"

"ਯਾਰ, ਕਿੱਡੀ ਸੋਹਣੀ ਸੀ।"

"ਬਾਂਦਰੀ ਹੱਥੋਂ ਨਿਕਲ ਗਈ ਏ।"

ਸਰਦਾਰਾ ਤੇ ਚਿਰਾਗ਼ਾ ਆਪੋ ਵਿਚ ਗੱਲਾਂ ਕਰਦੇ ਚਲਦੇ ਰਹੇ। ਪਰ ਗਾਮਾ ਇਕੋ ਥਾਂ 'ਤੇ

ਪੱਥਰ ਹੋ ਗਿਆ। ਘੋੜੀ ਤੇ ਛੜਾ ਉਹਦਾ ਧੜ ਈ ਰਹਿ ਗਿਆ। ਅਜਿਹੀ ਭਵਾਂਟਣੀ ਆਈ ਪਤਾ ਨਹੀਂ ਕਿਥੋਂ ਦਾ ਕਿਥੇ ਚਲਾ ਗਿਆ।

ਗਾਮੇ ਨੂੰ ਚਿਰੋਕਣਾ ਮੇਲੇ ਦਾ ਚਾਅ ਵੀ ਸੀ ਪਰ ਕੁਝ ਦਿਨਾਂ ਤੋਂ ਉਹਨੂੰ ਅਜਿਹੀਆਂ ਖ਼ਬਰਾਂ ਆ ਰਹੀਆਂ ਸਨ ਕਿ ਅਜੋਕੀ ਹੋਣੀ ਦਾ ਧੁੜਕੂ ਵੀ ਲੱਗਾ ਰਹਿੰਦਾ। ਉਹ ਸੋਚਦਾ ਕਿ ਕੀ ਮਹੀਨੇ ਦੋ ਮਹੀਨੇ ਲਈ ਟਲ ਨਹੀਂ ਸਕਦਾ ਇਹ ਸਭ ਕੁਝ ? ਖੈਰੀਂ ਮਿਹਰੀਂ ਮੇਲਾ ਲੰਘ ਜਾਏ, ਕੋਈ ਜਿੱਤ ਲਏ, ਕੋਈ ਹਾਰ ਜਾਏ। ਪਰ ਇਕ ਉਹਦੇ ਬਦਲੇ ਲਈ ਕੌਣ ਰੁਕਦਾ ? ਜਿਹੜੇ ਮੇਲੇ ਦੀਆਂ ਉਡੀਕਾਂ ਵਿਚ ਗਾਮੇ ਗਿਣ ਗਿਣ ਕੇ ਸਾਹ ਲਏ ਉਹ ਵੇਲਾ ਹੁਣ ਕਿਥੋਂ ? ਉਜਾੜੇ ਪੈ ਗਏ।

ਕਿਵੇਂ ਵਿਸਾਰ ਦੇਂਦਾ ਗਾਮਾ ਮੰਡੀ ਸ਼ੇਰ ਸਿੰਘ ਦੇ ਉਸ ਮੇਲੇ ਨੂੰ ਜਦੋਂ ਉਹਦਾ ਚਾਚਾ ਵਰਿਆਮਾ ਕਰਮੇ ਕੋਲੋਂ ਗਤਕਾ ਖੇਡਦਾ ਹਾਰਿਆ। ਉਹਨੇ ਆਪਣੇ ਚਾਚੇ ਨੂੰ ਉੱਡਦੇ ਘੱਟੇ ਮਿੱਟੀ 'ਚੋਂ ਡਿੱਗਦਿਆਂ ਢਹਿੰਦਿਆਂ ਵੇਖਿਆ। ਪਹਾੜ ਵਰਗੇ ਸ਼ੇਰ ਜਵਾਨ ਹਾਂਗਰਾ ਮਾਰ ਕੇ ਉੱਠਣ ਦਾ ਹੀਆ ਕੀਤਾ ਪਰ ਟੁੱਟੀ ਲੱਤ ਨੇ ਉਹਦੀ ਕੰਡ ਲਵਾ ਦਿੱਤੀ। ਉਹਦੇ ਚਾਚੇ ਨੇ ਇਕ ਹੱਥ ਟੁੱਟੀ ਲੱਤ 'ਤੇ ਰੱਖਿਆ ਤੇ ਦੂਜੇ ਹੱਥ ਨਾਲ ਗਾਮੇ ਨੂੰ ਫੜਿਆ ਜਿਹੜਾ ਕਰਮੇ ਨੂੰ ਗਾਲ੍ਹਾਂ ਕੱਢਦਾ ਹੱਥੀਂ ਪੈਣਾ ਚਾਂਹਦਾ ਸੀ। ਕਰਮਾ ਪੁਲਿਸ ਵਿਚ ਸੀ। ਮੇਲੇ 'ਤੇ ਆਈ ਪੁਲਿਸ ਭੰਗੜੇ ਪਾਣ ਲੱਗ ਪਈ। ਬਾਜੀ ਜਿੱਤ ਕੇ ਘੋੜੀਆਂ 'ਤੇ ਬੈਠੇ ਸਿੱਖ ਸਰਦਾਰ ਅਤੇ ਹਿੰਦੂ ਚਾਂਘਾਂ ਮਾਰਦੇ ਹੱਸਦੇ ਹੋਏ ਢੱਠੇ ਹੋਏ ਗਾਮੇ ਕੋਲੋਂ ਲੰਘੇ। ਘੋੜੀ ਦੀ ਲੱਤ ਜਿੰਨਾ ਬੇਆਸ ਗਾਮਾ ਦੰਦਾਂ ਵਿਚ ਪੀੜ ਦਬਾਈ ਬੈਠੇ ਚਾਚੇ ਕੋਲ ਖਲੋਤਾ ਵੇਖਣ ਲੱਗ ਪਿਆ।

ਇਹ ਕੋਈ ਨਿੱਕੀ ਜਿਹੀ ਗੱਲ ਨਹੀਂ ਸੀ, ਜਿਹੜੀ ਗਾਮੇ ਦੇ ਅੰਦਰ ਲਹਿ ਗਈ। ਉਸ ਵੀ ਗਤਕਾ ਖੇਡਣ ਦੀ ਮਿਥ ਲਈ। ਡੰਡ ਬੈਠਕਾਂ ਕੱਢਦਾ ਤੇ ਖੁਰਾਕਾਂ ਖਾਂਦਾ ਜਵਾਨ ਹੋਇਆ। ਫਰਕਦੇ ਡੌਲ਼ੇ ਤੇ ਪੱਟ। ਚਾਚੇ ਨਾਲੋਂ ਗਿੱਠ ਉੱਚਾ। ਉਧਰ ਕਰਮੇ ਦਾ ਪੁੱਤਰ ਗੋਪੀ ਵੀ ਸਗਵਾਂ ਪਿਓ ਵਰਗਾ। ਡਾਂਗ ਖੜਕਾਂਦਾ ਕੰਨੀ ਮੁੰਦਰਾਂ ਪਾ ਕੇ ਨਿਕਲਦਾ ਜਿਵੇਂ ਮਸਤਿਆ ਹਾਥੀ ਹੁੰਦਾ। ਪਿੰਡ ਉਹਨਾਂ ਦੇ ਨਾਲ ਨਾਲ ਸਨ। ਕਈ ਵਾਰ ਟਾਕਰਾ ਹੋਇਆ। ਹੱਥੀਂ ਪੈ ਜਾਂਦੇ ਤੇ ਫਿੱਟੇ ਹੋਏ ਸਾਹਨਾਂ ਨੂੰ ਛਡਾਣ ਲਈ ਦੋਨਾਂ ਪਿੰਡਾਂ ਦਾ ਮੁਲਖ 'ਕੱਠਾ ਹੁੰਦਾ।

ਕਦੀ ਕਰਮੇ ਤੇ ਵਰਿਆਮੇ ਦੀਆਂ ਵੀ ਇੰਜ ਈ ਧੁੰਮਾਂ ਸਨ। ਪੂਰਾ ਵਰ੍ਹਾ ਹਾੜ ਦੀ ਪੰਦਰਵੀਂ ਨੂੰ ਲੋਕ ਉਡੀਕਦੇ ਰਹਿੰਦੇ। ਮੰਡੀ ਜਾਨਵਰਾਂ ਦੀ ਤੇ ਮੇਲਾ ਬੰਦਿਆਂ ਦਾ। ਪਰ ਕੀ ਮੰਡੀ ਤੇ ਕੀ ਮੇਲਾ ? ਕਿੰਨੇ ਵਰ੍ਹੇ ਤੇ ਲੋਕਾਂ ਨੂੰ ਚਾਅ ਗਤਕਾ ਵੇਖਣ ਦਾ ਰਹਿੰਦਾ। ਤੇ ਗਤਕਾ ਖੇਡਦੇ ਵਰਿਆਮਾ ਤੇ ਕਰਮਾ। ਕਦੀ ਵਰਿਆਮੇ ਦੀ ਬੱਲੇ ਬੱਲੇ ਤੇ ਕਿਸੇ ਵਾਰੀ ਕਰਮੇ ਦੀ ਜੈ ਜੈ। ਪਰ ਛੇਕੜਲੀ ਖੇਡ ਕਰਮੇ ਜਿੱਤੀ। ਏਸ ਤੋਂ ਮਗਰੋਂ ਕਰਮੇ ਨੂੰ ਵੀ ਖੇਡ ਦਾ ਸਵਾਦ ਨਾ ਆਇਆ ਤੇ ਉਸ ਡਾਂਗ ਆਪਣੇ ਪੁੱਤਰ ਨੂੰ ਫੜਾ ਦਿੱਤੀ।

ਹੁਣ ਅੱਠਾਂ ਵਰ੍ਹਿਆਂ ਮਗਰੋਂ ਇਕ ਵਾਰੀ ਫੇਰ ਕਰਮਾ ਤੇ ਵਰਿਆਮਾ ਮੈਦਾਨ ਵਿਚ ਆ ਗਏ। ਕਰਮਾ ਆਪਣੇ ਪੁੱਤਰ ਗੋਪੀ ਦੀ ਸ਼ਕਲ ਵਿਚ ਤੇ ਵਰਿਆਮਾ ਆਪਣੇ ਭਤਰੀਏ ਗਾਮੇ ਦੀ ਸੂਰਤ ਰਾਹੀਂ। ਇਹ ਗੱਲ ਜੰਗਲ ਦੀ ਅੱਗ ਵਾਂਗਰ ਖਿੱਲਰ ਗਈ। ਮੇਲੀ ਪੰਦਰਵੀਂ ਹਾੜ ਤਾਈਂ ਦਿਹਾੜੇ ਗਿਣਨ ਲੱਗ ਪਏ। ਪਰ ਮੇਲਾ ਤੇ ਅੱਜ ਈ ਉੱਜੜ ਗਿਆ।

ਰਾਤ ਢਲ ਗਈ। ਚੰਨ ਚੜ੍ਹਿਆ ਤੇ ਅੱਡੀਆਂ ਅੱਖਾਂ ਨਾਲ ਗਾਮਾ ਉਹਨੂੰ ਘੂਰਨ ਲੱਗ ਪਿਆ। ਇਕ ਦਮ ਬੂਹਾ ਖੜਕ ਗਿਆ। ਗਾਮੇ ਸਮਝਿਆ ਜਿਵੇਂ ਉਹਨੂੰ ਭੁਲੇਖਾ ਲੱਗਾ ਏ। ਉਹ ਮੰਜੀ ਤੋਂ ਹਿੱਲਿਆ ਈ ਨਾ। ਪਰ ਫੇਰ ਬੂਹਾ ਖੜਕਿਆ। ਲੰਮੇ ਪਏ ਪਏ ਈ ਪੁੱਛਿਆ—



"ਕਿਹੜਾ ਏ ?"

ਅੱਗੋਂ ਕੋਈ ਨਾ ਬੋਲਿਆ।

ਫਿਕਰਮੰਦ ਹੋ ਕੇ ਉਹ ਉੱਠ ਬੈਠਿਆ। ਸਿਰਹਾਣੇ ਰੱਖੀ ਡਾਂਗ ਲੈ ਕੇ ਬੂਹੇ ਵੱਲ ਹੋਇਆ। ਕੁੰਡੀ ਨੂੰ ਹੱਥ ਪਾਇਆ ਈ ਸੀ ਕਿ ਬੜਾ ਡਾਢਾ ਕਿਸੇ ਭਿੱਤ ਨੂੰ ਧੱਕਿਆ।

"ਕਿਹੜਾ ਏਂ ਤੂੰ, ਬੋਲਦਾ ਕਿਉਂ ਨਹੀਂ ?" ਬੜੀ ਖਰ੍ਹਵੀ ਵਾਜ ਵਿਚ ਗਾਮੇ ਪੁੱਛਿਆ ਤੇ ਨਾਲ ਈ ਬੂਹਾ ਖੋਲ੍ਹ ਦਿੱਤਾ। ਅੱਗੇ ਗੋਪੀ ਘੋੜੀ 'ਤੇ ਬੈਠਾ ਸੀ। ਨਿੰਮੀ ਨਿੰਮੀ ਲੋਅ ਵਿਚ ਦੋਹਾਂ ਦੁਸ਼ਮਣਾਂ ਇਕ ਦੂਜੇ ਨੂੰ ਵੇਖਿਆ। ਚੰਨ ਦੀ ਚਾਨਣੀ ਅਸਮਾਨੀ ਬਿਜਲੀ ਵਾਂਗ ਲਿਸ਼ਕੀ ਤੇ ਘੋਰ ਹਨੇਰਾ ਕਰ ਗਈ। ਕੁਝ ਘੜੀਆਂ ਲਈ ਉਹ ਦੋਵੇਂ ਅੰਨ੍ਹੇ। ਚੰਗੇ ਝੱਟ ਪਿੱਛੋਂ ਗੋਪੀ ਬੋਲਿਆ, "ਗਾਮਿਆ, ਇਹ ਨਾ ਸਮਝੀਂ ਕਿ ਮੈਂ ਤੇਰੇ ਕੋਲੋਂ ਡਰ ਕੇ ਟੁਰ ਚੱਲਿਆ ਵਾਂ, ਮੈਂ ਬੱਸ ਇਹ ਈ ਦੱਸਣ ਆਇਆ ਸਾਂ।"

ਆਪਣੀ ਗੱਲ ਕਰਕੇ ਗੋਪੀ ਨੇ ਘੋੜੀ ਨੂੰ ਲੱਤ ਮਾਰੀ ਤੇ ਪਰਦੇਸੀ ਹੋ ਗਿਆ।

..... ..... .....

ਕੁਪੱਤਾ, ਕੱਬਾ ਤੇ ਮੂਰਖ ਸਰਦਾਰਾ ਨਿੱਤ ਈ ਭਰਾਵਾਂ ਨਾਲ ਕੋਈ ਭੰਡੀ ਪਾਈ ਰੱਖਦਾ। ਓੜਕ ਲੜ ਝਗੜ ਕੇ ਵੱਖ ਹੋ ਗਿਆ। ਸਹੁਰੇ ਉਹਦੇ ਪਿੰਡ ਵਿਚ ਈ ਸਨ, ਉਹਨਾਂ ਨਾਲ ਰਲ਼ ਗਿਆ। ਪਰ ਕਿੰਨੇ ਡੰਗ ? ਉਥੇ ਵੀ ਉਹ ਹੀ ਰੰਡੀ ਰੋਣਾ। ਡਾਂਗ ਸੋਟੇ ਝੱਲ ਕੇ ਤੇ ਮਾਰ ਕੇ ਉਥੋਂ ਵੀ ਨਿਕਲਿਆ।

ਪਿੰਡੋਂ ਬਾਹਰ ਛੱਪੜ ਦੇ ਦੂਜੇ ਬੰਨ੍ਹੇ ਰੜੀ ਤੇ ਉਸ ਝੁੱਗੀ ਪਾਈ ਤੇ ਛੱਪੜ 'ਤੇ ਮੱਲ ਮਾਰ ਕੇ ਬਹਿ ਗਿਆ। ਜਦੋਂ ਕੋਈ ਕੰਧ ਕੋਠਾ ਲਿੰਬਣ ਪੋਚਣ ਲਈ ਮਿੱਟੀ ਕੱਢਣ ਲੱਗਦਾ ਤਾਂ ਲੜਾਈ ਹੋ ਜਾਂਦੀ। ਬੰਦੇ ਬੰਦੇ ਨਾਲ ਉਸ ਆਢਾ ਲਾਇਆ। ਬੱਸ ਪਿੰਡੋਂ 'ਕੱਲਾ ਚਿਰਾਗ਼ਾ ਉਹਦੇ ਨਾਲ ਸੀ ਤੇ ਬਾਹਰੋਂ ਉਸ ਸੁੰਦਰ ਗਗੜੇ ਨੂੰ ਨਾਲ ਰਲਾਇਆ। ਗਗੜਿਆਂ ਨੂੰ ਕੋਲ ਕੋਈ ਬਹਿਣ ਨਹੀਂ ਸੀ ਦਿੰਦਾ। ਉਹਨਾਂ ਛੱਪੜ ਵਿਚ ਭਰਤੀ ਕਰਕੇ ਸਰਦਾਰੇ ਕੋਲ ਕੁੱਲੀ ਪਾਈ। ਜਿੰਨੇ ਜੀਅ ਓਨੇ ਈ ਉਹਨਾਂ ਕੋਲ ਕੁੱਤੇ। ਪੂਰੇ ਪਿੰਡ ਨੂੰ ਉਹਨਾਂ ਅੱਗੇ ਲਾਇਆ।

ਮੁਕੱਦਮੇਬਾਜ਼ੀ ਸ਼ੁਰੂ ਹੋ ਗਈ। ਥਾਣੇ ਕਚਹਿਰੀ ਦਾ ਸਰਦਾਰੇ ਨੂੰ ਚਸਕਾ ਪੈ ਗਿਆ। ਕਾਨੂੰਨੀ ਵਲ ਵਲੇਵੇਂ ਸਮਝ ਗਿਆ ਤੇ ਮੁਕੱਦਮੇ ਜਿੱਤਦਾ ਈ ਚਲਾ ਗਿਆ। ਪੂਰੀ ਸ਼ਾਮਲਾਟ ਉਸ ਵਲ਼ ਲਈ। ਪਿੰਡ ਦੇ ਗੁਆਂਢ ਉੱਚੀ ਜਿਹੀ ਥਾਂ, ਦੋਂਹ ਮਰਲਿਆਂ ਨੂੰ ਝਰਾਟਾ ਮਾਰਨ ਲੱਗਾ ਤੇ ਅੱਗੇ ਗਾਮਾ ਆ ਗਿਆ।

ਆਪਣੇ ਘਰ ਨਾਲ ਲੱਗਦੀ ਇਹ ਉੱਚੀ ਜਿਹੀ ਦੋ ਮਰਲੇ ਥਾਂ ਗਾਮਾ ਆਪਣੀ ਸਮਝਦਾ ਸੀ ਤੇ ਸਰਦਾਰਾ ਏਹਨੂੰ ਆਪਣੀ ਸ਼ਾਮਲਾਟ ਕਹਿੰਦਾ। ਪੂਰਾ ਪਿੰਡ ਇਕ ਪਾਸੇ ਹੋ ਗਿਆ। ਗਵਾਹੀ, ਨਿਆਂ, ਪਰ੍ਹਾ-ਪੰਚਾਇਤ ਹਰ ਥਾਂ 'ਤੇ ਸਰਦਾਰਾ ਝੂਠਾ ਹੋਇਆ। ਕੁਝ ਸਰਦਾਰੇ ਪੂਰੇ ਪਿੰਡ ਦੀ ਸੰਘੀ ਨਹੁੰ ਰੱਖਿਆ ਸੀ। ਅੱਗੋਂ ਪੁੱਤਰ ਉਹਦਾ ਅੱਛੋ ਪੂਰਾ ਹਰਾਮਦਾ ਨਿਕਲਿਆ। ਨਾਲੇ ਜ਼ਨਾਨੀ ਉਹਦੀ ਸ਼ਰੀਫਾਂ ਹਰ ਕਿਸੇ ਨੂੰ ਠੂਠ ਵਿਖਾਉਂਦੀ ਤੇ ਛਿੱਬੀਆਂ ਦੇਂਦੀ। ਏਸ ਤੋਂ ਵੱਧ ਮੰਦਾ ਸਰਦਾਰਾ ਕੀ ਕਰਦਾ, ਉਸ ਪੂਰੇ ਪਿੰਡ ਦੀ ਵਹਿਣੀ ਜਿਹੜੀ ਛੱਪੜ ਵਿਚ ਪੈਂਦੀ ਸੀ, ਬੰਦ ਕਰ ਦਿੱਤੀ।

ਕਚਹਿਰੀ ਤਾਰੀਖ ਭੁਗਤਣ ਜਾਂਦੇ ਤਾਂ ਅੱਧਾ ਪਿੰਡ ਗਾਮੇ ਨਾਲ ਹੁੰਦਾ। ਕੁਝ ਗਾਮੇ ਦਾ ਬਖ਼ਤ ਵੀ ਸੀ ਪਰ ਰੁਪਏ ਪੈਸੇ ਵੱਲੋਂ ਵੀ ਉਸ ਘੱਟ ਨਾ ਕੀਤੀ। ਹੱਕ ਦੀ ਜਿੱਤ ਹੋਈ ਤੇ ਝੂਠ ਨੂੰ ਫਿਟਕਾਰ ਪਈ। ਪਤਾਸਿਆਂ ਦੇ ਛੱਜ ਆਏ, ਵਧਾਈਆਂ, ਮੁਬਾਰਕਾਂ, ਪੂਰੇ ਪਿੰਡ ਨੂੰ ਚਾਅ। ਪਰ

ਕੁਦਰਤ ਦੇ ਕੰਮ। ਚਿੱਟੇ ਦੁੱਧ ਦਿਨ ਨੂੰ ਕਾਲੇ ਸ਼ਾਹ ਬੱਦਲਾਂ ਦੀ ਧਾੜ ਪੈ ਗਈ। ਚਹੁੰ ਪਾਸੀਂ ਹਨੇਰ ਹੋ ਗਿਆ। ਇਓਂ ਪਲਾਂ ਵਿਚ ਈ ਗਲੀਆਂ ਨਹਿਰਾਂ ਬਣ ਗਈਆਂ। ਸਾਰੀ ਰਾਤ ਵੀ ਝੜੀ ਲੱਗੀ ਰਹੀ। ਵੱਡੀ ਨਹਿਰ ਕਿਧਰੋਂ ਟੁੱਟ ਗਈ ਦੱਸਦੇ।

ਸਵੇਰੇ ਹਰ ਲਾਂਭੇ ਪਾਣੀ ਪਿਆ ਲਿਸ਼ਕਦਾ ਸੀ। ਪਿੰਡ ਉੱਚੀ ਥਾਂ ਸੀ, ਬਚ ਗਿਆ ਪਰ ਆਲ ਦੁਆਲ ਡੁੱਬ ਗਿਆ। ਥਾਵਾਂ ਦੀ ਪਛਾਣ ਰੁੱਖਾਂ ਤੋਂ ਹੁੰਦੀ ਸੀ।

ਏਸ ਫ਼ਿਕਰ ਵਾਲੇ ਸਮੇਂ ਵਿਚ ਵੀ ਗਾਮੇ ਨੂੰ ਇਕ ਬੰਦਾ ਮੁਬਾਰਕ ਦੇਣ ਆ ਗਿਆ। ਪਰ ਨਾਲ ਈ ਇਹ ਦੱਸ ਪਾ ਗਿਆ ਕਿ ਸਰਦਾਰੇ ਦੀ ਜ਼ਨਾਨੀ ਸ਼ਰੀਫ਼ਾਂ ਮਰ ਗਈ ਏ।

"ਬੜਾ ਮਾਰਦਾ ਸੀ ਸਰਦਾਰਾ ਉਹਨੂੰ, ਵਿਚਾਰੀ ਚਿਰੋਕਣੀ ਬਿਮਾਰ ਸੀ।" ਗਾਮੇ ਦਾ ਕਾਮਾ ਬੋਲਿਆ।

ਲੋਕ ਇਕੱਠੇ ਹੋਣ ਲੱਗ ਪਏ। ਸ਼ਰੀਫ਼ਾਂ ਦੀ ਮੌਤ ਖ਼ਬਰੇ ਪਿੰਡ ਦਾ ਹਾਸਾ ਬਣ ਜਾਂਦੀ ਪਰ ਗਾਮੇ ਦਾ ਸੁਭਾਅ ਵੇਖ ਕੇ ਲੋਕ ਦੜ ਵੱਟ ਗਏ। ਰਾਤ ਸਰਦਾਰਾ ਤੇ ਸੁੰਦਰ ਆਪਣੇ ਡੁੱਬਦੇ ਤਰਦੇ ਜੀਆਂ ਨੂੰ ਲੈ ਕੇ ਪਿੰਡ ਵਿਚ ਆ ਗਏ ਸਨ। ਸ਼ਰੀਫ਼ਾਂ ਦੀ ਲਾਸ਼ ਇਕ ਗਲੀ ਵਿਚ ਮੰਜੀ 'ਤੇ ਪਈ ਸੀ ਤੇ ਕੋਲ ਸਰਦਾਰਾ ਸਿਰ ਸੁੱਟ ਕੇ ਬੈਠਾ। ਪਲ ਪਲ ਦੀਆਂ ਖ਼ਬਰਾਂ ਗਾਮੇ ਦੀ ਬੈਠਕ ਵਿਚ ਆ ਰਹੀਆਂ ਸਨ।

"ਸਰਦਾਰਾ ਸ਼ਰੀਫ਼ਾਂ ਨੂੰ ਕਿਥੇ ਦੱਬੇਗਾ ?"

ਇਹ ਸੋਚ ਵਿਚਾਰ ਹੋਵਣ ਲੱਗ ਪਈ। ਗੱਲਾਂ ਹੁੰਦੀਆਂ ਰਹੀਆਂ। ਕਿਸੇ ਦਾ ਧਿਆਨ ਪਿੰਡ ਦੇ ਮੁੱਢ ਉੱਚੇ ਜਿਹੇ ਥਾਂ 'ਤੇ ਵੀ ਪਿਆ। ਪਰ ਇਹਨਾਂ ਦੋਂਹ ਮਰਲਿਆਂ ਦਾ ਮਾਲਕ ਤੇ ਕੱਲ੍ਹ ਈ ਜਿੱਤਿਆ। ਉਹ ਵੀ ਸਰਦਾਰੇ ਕੋਲੋਂ।

ਡੁੱਬੇ ਹੋਏ ਪਿੰਡ ਦਾ ਗਾਮਾ ਖ਼ਬਰੇ ਕਿਥੇ ਡੁੱਬ ਗਿਆ ?

ਕਿੰਨੇ ਵਰ੍ਹੇ ਪਹਿਲਾਂ ਸਰਦਾਰਾ ਆਪਣੇ ਸਹੁਰਿਆਂ ਨਾਲ ਲੜ ਕੇ ਇਹ ਪਿੰਡ ਛੱਡ ਕੇ ਚਲਿਆ ਏ ਪਰ ਸ਼ਰੀਫ਼ਾਂ ਜਾਣਾ ਨਹੀਂ ਚਾਹੁੰਦੀ। ਸਰਦਾਰਾ ਉਹਨੂੰ ਵਾਲਾਂ ਤੋਂ ਧਰੀਕ ਰਿਹਾ ਤੇ ਸ਼ਰੀਫ਼ਾਂ ਹਾੜੇ ਕਰ ਰਹੀ ਏ।

"ਸਰਦਾਰਿਆ ਮੈਂ ਇਹ ਪਿੰਡ ਛੱਡ ਕੇ ਨਹੀਂ ਜਾਣਾ, ਰੁਲ਼ ਕੇ ਮਰ ਜਾਵਾਂਗੀ ਏਥੇ।"

ਸਭਨਾਂ ਸੰਗੀਆਂ ਸਾਥੀਆਂ ਦੇ ਹਟਕਦਿਆਂ ਹੋਇਆਂ ਵੀ ਗਾਮੇ ਨੇ ਸਰਦਾਰੇ ਨੂੰ ਦੋ ਮਰਲੇ ਥਾਂ ਦੇ ਦਿੱਤੀ।

ਪਿੰਡ ਵਾਲੇ ਅੱਜ ਤਾਈਂ ਕੰਨਾਂ ਵਿਚ ਇਹ ਗੱਲਾਂ ਕਰਦੇ ਨੇ ਕਿ ਸਰਦਾਰੇ ਨੇ ਸ਼ਰੀਫ਼ਾਂ ਨੂੰ ਆਪਣੇ ਹੱਥੀਂ ਮਾਰਿਆ ਸੀ। ਗਾਮੇ ਦੇ ਘਰ ਦੇ ਬਾਹਰ ਪੂਰਾ ਪਿੰਡ ਪਿਆ ਨੱਚਦਾ ਸੀ। ਸੌ ਸੌ ਰੁਪਿਆ ਲੈ ਕੇ ਵੋਟ ਪਾਉਣ ਵਾਲੇ ਭੰਗੜੇ ਪਾ ਪਾ ਫਾਵੇ ਹੋਏ, ਲੰਗੋਟੀਏ ਚੌਧਰੀ ਸਰਦਾਰ ਮੁਹੰਮਦ, ਚੌਧਰੀ ਚਿਰਾਗ਼ ਦੀਨ ਤੇ ਹਾਜੀ ਸੁੰਦਰ ਤੋਂ ਵਾਰ ਵਾਰ ਕੇ ਵੇਲਾਂ ਦੇ ਰਹੇ ਸਨ। ਅਖ਼ਤਰ ਨੂੰ ਅਸ਼ਰਫ਼ ਨੇ ਮੋਢਿਆਂ 'ਤੇ ਚਾਇਆ ਹੋਇਆ ਸੀ। ਇਹ ਖੁਸ਼ੀਆਂ ਚੌਧਰੀ ਅਖ਼ਤਰ ਦੇ ਪਿੰਡ ਦੀ ਮੈਂਬਰੀ ਜਿੱਤਣ 'ਤੇ ਹੋ ਰਹੀਆਂ ਸਨ। ਚੌਧਰੀ ਅਖ਼ਤਰ...ਚੌਧਰੀ ਚਿਰਾਗ਼ ਦੀਨ ਦਾ ਪੁੱਤਰ ਤੇ ਚੌਧਰੀ ਸਰਦਾਰ ਮੁਹੰਮਦ ਦਾ ਜਵਾਈ। ਹਰਾਇਆ ਸੀ ਓਸ ਗਾਮੇ ਦੇ ਪੁੱਤਰ ਨੂੰ।

ਚੌਧਰੀ ਅਖ਼ਤਰ ਐਵੇਂ ਦਿਨਾਂ ਵਿਚ ਈ ਪਿੰਡ ਦਾ ਚੌਧਰੀ ਬਣ ਗਿਆ। ਪਹਿਲਾਂ ਨਿੱਕੇ ਦੋਂਹ ਭਰਾਵਾਂ ਨੂੰ ਓਸ ਸਾਊਦੀ ਘੱਲਿਆ। ਮੁੜ ਆਪਣੇ ਸਾਲੇ ਅਸ਼ਰਫ਼ ਨੂੰ ਡੁਬਈ ਦਾ ਵੀਜ਼ਾ ਲੈ ਦਿੱਤਾ। ਰਿਆਲ ਤੇ ਦਿਨਾਰ ਆਉਂਦੇ ਗਏ ਤੇ ਲਹਿਰਾਂ ਬਹਿਰਾਂ ਹੋ ਗਈਆਂ। ਇੱਟਾਂ ਦਾ ਭੱਠਾ ਕੀ ਬਣਿਆ, ਉਹਦਾ ਡੇਰਾ ਵੀ ਫੱਬ ਗਿਆ। ਪੁਲਸੀਆਂ ਨੂੰ ਖਾਣੇ ਖਵਾਉਂਦਾ, ਪਟਵਾਰ



ਖ਼ਾਨੇ ਲਈ ਥਾਂ ਦੇ ਦਿੱਤੀ। ਸਰਕਾਰੀ ਬੰਦੇ ਬੇਲਦਾਰ ਤੋਂ ਲੈ ਕੇ ਡਾਕੀਏ ਤਾਈਂ ਡੇਰੇ 'ਤੇ ਹਾਜ਼ਰੀ ਦੇਂਦੇ।

ਪਿੰਡ ਦਾ ਮੈਂਬਰ ਬਣ ਕੇ ਉਸ ਸਭ ਤੋਂ ਪਹਿਲਾ ਕੰਮ ਬਾਲੜੀਆਂ ਦਾ ਪੰਜਾਂ ਜਮਾਤਾਂ ਦਾ ਸਕੂਲ ਮਨਜ਼ੂਰ ਕਰਵਾਇਆ। ਬਾਬਾ ਗਾਮਾ ਮੈਦਾਨ ਵਿਚ ਆ ਗਿਆ।

"ਇਹਦੇ ਨਾਲੋਂ ਕੰਜਰਖ਼ਾਨਾ ਖੋਲ੍ਹ ਲੈਣਾ ਸੀ।"

ਉਹਦੀਆਂ ਆਪਣੀਆਂ ਬੇਅੰਤ ਦਲੀਲਾਂ ਸਨ। ਬੇਦਲੀਲੇ ਤੇ ਲਾਈਲੱਗ ਲੋਕਾਂ ਨੂੰ ਉਹ ਲਾਜਵਾਬ ਕਰ ਦੇਂਦਾ। ਉਹ ਐਡਾ ਉੱਚੀ ਬੋਲਦਾ ਜਿਵੇਂ ਇਕੱਲਾ ਉਹ ਸੱਚਾ ਹੋਵੇ ਤੇ ਸਾਰਾ ਪਿੰਡ ਝੂਠਾ। ਸਾਰਾ ਪਿੰਡ ਉਹਦਾ ਮੁਜਰਿਮ ਸੀ। ਜਿਥੇ ਜਿਵੇਂ ਉਹਦਾ ਦਿਲ ਕਰਦਾ ਕਚਹਿਰੀ ਲਾ ਲੈਂਦਾ।

ਤੇ ਗਾਮਾ ਕੋਈ ਐਵੇਂ ਜਿਹਾ ਬੰਦਾ ਨਹੀਂ ਸੀ। ਸ਼ਾਮਾਂ ਨੂੰ ਮੁਸ਼ਕੀ ਘੋੜੀ 'ਤੇ ਬਹਿ ਕੇ ਜਦੋਂ ਖੂਹ ਤੋਂ ਪਿੰਡ ਆਉਂਦਾ, ਸਾਰਾ ਜੱਗ ਉਹਨੂੰ ਹੀਣਾ ਤੇ ਨਿੱਕਾ ਜਾਪਦਾ ਤੇ ਆਪਣਾ ਆਪ ਸਭ ਤੋਂ ਉਚੇਰਾ। ਉਹਦੀ ਘੋੜੀ ਦੇ ਪੈਰਾਂ ਵਿਚ ਭੁਚਾਲ ਤੇ ਅੱਖਾਂ ਵਿਚ ਅਸਮਾਨ ਸੀ। ਘੋੜੀ ਨੂੰ ਇੰਜ ਥਾਪੜਦਾ ਜਿਵੇਂ ਸਾਰੀ ਦੁਨੀਆ ਨੂੰ ਵੰਗਾਰ ਰਿਹਾ ਹੋਵੇ। ਨਮਾਸ਼ੀਂ ਪਿੰਡ ਇੰਜ ਬਹੁੜਦਾ ਜਿਵੇਂ ਕੋਈ ਰਾਜਾ ਬਨਵਾਸ ਕੱਟ ਕੇ ਆਪਣੀ ਰਾਜਧਾਨੀ ਵੱਲ ਪਧਾਰੇ। ਘੋੜੀ ਤੋਂ ਲਹਿੰਦਾ ਤੇ ਪੋਤਰੀ ਨੂੰ ਮੋਢਿਆਂ 'ਤੇ ਬੈਠਾ ਲੈਂਦਾ। (ਮਾਂ ਗਾਮੇ ਨੂੰ ਜੰਮਦਿਆਂ ਈ ਮਰ ਗਈ, ਭੈਣ ਉਹਦੀ ਹੈ ਕੋਈ ਨਹੀਂ ਸੀ, ਅੱਗੋਂ ਕੁਦਰਤ ਦੇ ਕੰਮ, ਧੀ ਵੀ ਕੋਈ ਨਾ ਹੋਈ। ਗਾਮੇ ਪੋਤਰੀ ਦੇ ਰੂਪ ਵਿਚ ਮਾਂ, ਭੈਣ ਤੇ ਧੀ ਨੂੰ ਵੇਖਿਆ) ਰਾਤੀਂ ਉਹਨੂੰ ਸੀਨੇ ਨਾਲ ਲਾ ਕੇ ਸੌਂਦਾ।

ਸਕੂਲ ਦਾ ਹਾਲੇ ਨੀਂਹ ਪੱਥਰ ਨਹੀਂ ਸੀ ਰੱਖਿਆ ਗਿਆ ਪਰ ਕੁੜੀਆਂ ਬਸਤੇ ਬਣਾਣ ਲੱਗ ਪਈਆਂ। ਉਹਨਾਂ ਲਈ ਤਖ਼ਤੀ, ਕਾਇਦਾ, ਸਲੇਟਾਂ ਤੇ ਕਲਮ ਦਵਾਤਾਂ ਦੀ ਵਿਕਰੀ ਹੋਣ ਲੱਗ ਪਈ। ਮਹਿਕਮੇ ਵਾਲੇ ਜਿਸ ਦਿਨ ਕੋਈ ਲਿਖਤ ਪੜ੍ਹਤ ਕਰਨ ਆਏ, ਗਾਮੇ ਦੀ ਉਹਨਾਂ ਨੂੰ ਤਕਰਾਰ ਹੋ ਗਈ। ਸਕੂਲ ਦੀ ਵਲਗਣ ਬਣਨ ਲੱਗੀ ਤਾਂ ਉਹ ਮਿਸਤਰੀ ਦੇ ਹੱਥੀਂ ਪੈ ਗਿਆ।

ਓੜਕ ਚੌਧਰੀ ਅਖ਼ਤਰ ਤੇ ਉਹਦੇ ਸੰਗੀਆਂ ਸਾਥੀਆਂ ਨੂੰ ਕੋਈ ਸਬੀਲ ਸੁੱਝੀ। ਸਲਾਹ ਮਸ਼ਵਰੇ ਹੋਏ ਤੇ ਅਗਲੇ ਦਿਨ ਸ਼ਹਿਰੋਂ ਇਕ ਚਿੱਠੀ ਆ ਗਈ। ਵਿਚ ਲਿਖਿਆ ਸੀ—"ਸਕੂਲ ਖੋਲ੍ਹਣਾ ਸਰਕਾਰੀ ਕੰਮ ਏ। ਜਿਹੜਾ ਬੰਦਾ ਸਰਕਾਰੀ ਕੰਮ ਅੱਗੇ ਡੱਕਾ ਮਾਰੇਗਾ ਉਹਨੂੰ ਪੰਦਰਾਂ ਹਜ਼ਾਰ ਰੁਪਿਆ ਡੰਡ ਹੋਵੇਗਾ।"

ਗਾਮੇ ਕੋਲ ਪੰਦਰਾਂ ਹਜ਼ਾਰ 'ਕੱਠਾ ਕਿਥੋਂ, ਜੱਟ ਵਿਚਾਰਾ। ਕਣਕ, ਕਪਾਹ, ਮੁੰਜੀ, ਰੁੱਖ, ਡੰਗਰ, ਗਹਿਣੇ ਕੀ ਵੇਚ ਕੇ ਪੈਸੇ ਪੂਰੇ ਕਰਦਾ। ਆ ਜਾ ਕੇ ਧਿਆਨ ਘੋੜੀ ਵੱਲ ਈ ਜਾਏ, ਜਿਹਦੀ ਵਜ੍ਹਾ ਕਰਕੇ ਲੋਕ ਉਹਨੂੰ 'ਗਾਮਾ ਘੋੜੀ ਵਾਲਾ' ਵੀ ਕਹਿੰਦੇ।

ਮੰਡੀ ਅਪੜਨ ਤਾਈਂ ਉਹ ਤਿੰਨ ਵਾਰੀ ਘੋੜੀ ਦੇ ਗਲ ਲੱਗ ਕੇ ਰੋਇਆ ਪਰ ਉਹਨੇ ਘੋੜੀ ਵੇਚ ਦਿੱਤੀ। ਖੀਸੇ ਵਿਚ ਪੰਦਰਾਂ ਹਜ਼ਾਰ ਰੁਪਏ ਲੈ ਕੇ ਉਹ ਪਿੰਡ ਅਪੜਿਆ। ਉਹਦੇ ਮੁੱਖ 'ਤੇ ਗ਼ਮ ਵੀ ਸੀ ਤੇ ਗ਼ੁੱਸਾ ਵੀ। ਇਕ ਦਮ ਪੂਰੇ ਪਿੰਡ ਨੂੰ ਲਲਕਾਰ ਕੇ ਨਵੀਂ ਨਵੀਂ ਬਣੀ ਸਕੂਲ ਦੀ ਕੰਧ ਢਾਹੁਣ ਲੱਗ ਪਿਆ।

ਪੋਤਰੀ ਉਹਦੀ ਕਿਧਰੋਂ ਆ ਕੇ ਦਾਦੇ ਦੀ ਲੱਤ ਨਾਲ ਚੰਬੜ ਗਈ।

"ਬਾਬਾ ਮੈਂ ਵੀ ਕਾਇਦਾ ਲੈਣਾ ਏ...ਮੈਂ ਵੀ ਤਖ਼ਤੀ ਲੈਣੀ ਏ...।"

## – ਬੂਹਾ ਖੁੱਲ੍ਹਾ ਏ

ਜ਼ੁਬੈਰ ਅਹਿਮਦ –

ਪਹਿਲੇ ਸੁਫ਼ਨਾ...
ਉਹੋ ਪੁਰਾਣਾ ਘਰ ਏ, ਕ੍ਰਿਸ਼ਨ ਨਗਰ ਵਾਲਾ ਸਾਡਾ।
ਸਾਰੀ ਉਮਰ ਏਸੇ ਘਰ ਦੇ ਸੁਫ਼ਨੇ ਕਦ ਤਕ ਆਉਂਦੇ ਰਹਿਣੇ ਨੇ ?

ਉਹੋ ਨਿੱਕਾ ਪੁਰਾਣਾ ਕਮਰਾ ਮੇਰਾ। ਅੱਧੀ ਰਾਤ। ਮੈਂ ਬੇਦੀ ਦੀ ਕਹਾਣੀਆਂ ਕਿਤਾਬ ਪੜ੍ਹਦਾ ਪਿਆ ਵਾਂ। ਸਾਰੀ ਉਮਰ ਬੇਦੀ ਦੀਆਂ ਕਹਾਣੀਆਂ ਪੜ੍ਹਨ ਦਾ ਚਾਅ ਰਿਹਾ ਏ ਮੈਨੂੰ। ਇਕ ਸਤਰ ਉੱਤੇ ਆ ਕੇ ਖਲੋ ਜਾਣਾਂ—'ਜਦ ਇਕ ਯਾਰ ਨਾਲ ਹੋਈਏ ਤਾਂ ਇਕ ਹੋਰ ਦੀ ਸਿੱਕ ਕਿਉਂ ਰਹਿੰਦੀ ਏ ?' ਮੈਂ ਸੋਚਨਾਂ, ਕੇਡੀ ਸੁਹਣੀ ਗੱਲ ਏ। ਕੀ ਗੱਲ ਕਰ ਗਿਆ ਏ ਬੇਦੀ। ਐਵੇਂ ਗਲੀ ਵਿਚ ਕਿਸੇ ਦੀ ਵਾਜ ਆਉਂਦੀ ਏ ਅਤੇ ਉੱਠ ਕੇ ਬਾਰੀ ਕੋਲ ਜਾਨਾਂ। ਤਿੰਨ ਯਾਰ ਥੱਲੇ ਗਲੀ ਵਿਚ ਖਲੋਤੇ ਨੇ। ਇਕ ਚਾਨਣ ਵਿਚ ਏ। ਵੇਖ ਕੇ ਮੈਨੂੰ ਖਿੜ ਜਾਂਦਾ ਏ। ਦੂਜਾ ਅੱਧ ਹਨੇਰੇ ਅੱਧ ਚਾਨਣ ਵਿਚ ਏ। ਉਹਨੂੰ ਵੀ ਸਿਹਾਣ ਲੈਨਾਂ। ਹੱਥ ਨਾਲ ਐਨਕ ਠੀਕ ਕਰਦਾ ਉਹ ਹੌਲੀ ਜਿਹੇ ਖੰਘੂਰਦਾ ਏ। ਤੀਜਾ ਉੱਕਾ ਹਨੇਰੇ ਵਿਚ ਏ। ਹੁਣ ਟੇਵਾ ਈ ਲਾ ਸਕਨਾ ਪਈ ਉਹ ਕੌਣ ਏ ਤੇ ਟੇਵਾ ਤੇ ਟੇਵਾ ਈ ਏ। ਪਹਿਲਾਂ ਜਿਹੜਾ ਵੇਖ ਖਿੜਿਆ ਏ, ਝਬਦੇ ਆਪਣੀ ਪਤਲੀ ਵਾਜ ਵਿਚ ਉੱਚੀ ਸਾਰੀ ਆਂਹਦਾ ਏ—'ਯਾਰ ਉਹ ਆਏ ਸਨ, ਉਹਨਾਂ ਨੂੰ ਸਾਡੀ ਸਿੱਕ ਲੈ ਆਈ, ਉਹ ਚਾਹੁੰਦੇ ਨੇ ਅਸੀਂ ਕੁਝ ਕਰੀਏ।' ਅਜੇ ਮੈਂ ਬੇਦੀ ਦੀ ਗੱਲ ਦੀ ਲੋਰ ਵਿਚ ਆਂ—'ਜਦ ਇਕ ਯਾਰ ਨਾਲ ਹੋਏ ਤਾਂ ਇਕ ਹੋਰ ਦੀ ਸਿੱਕ ਕਿਉਂ ਰਹਿੰਦੀ ਏ ?' ਮੈਂ ਵੀ ਉਹਨੂੰ ਵੇਖ ਖਿੜ ਪੈਨਾਂ। ਬੇਦੀ ਦੀ ਗੱਲ ਦਾ ਸਵਾਦ ਵਿਚੇ ਏ। ਮੈਂ ਆਹਨਾਂ, 'ਲੰਘ ਆ।' ਪਰ ਖਲੋਵੋ, ਤੁਹਾਨੂੰ ਸਾਰਾ ਨਕਸ਼ਾ ਦੱਸ ਦੇਵਾਂ। ਸਾਰੀ ਉਮਰ ਏਸੇ ਸੁਫ਼ਨੇ ਵਿਚ ਈ ਫਸਿਆ ਰਿਹਾ ਵਾਂ ਮੈਂ।

ਇਕ ਮਕਾਨ ਏ ਦੋ ਮੰਜ਼ਲਾ। ਥੱਲੇ ਚਾਚਾ ਰਹਿੰਦਾ ਏ ਤੇ ਅਸੀਂ ਉੱਤੇ। ਉੱਤੇ ਦੋ ਕਮਰੇ ਸਨ। ਜਦ ਘਰ ਵੜੋ ਤਾਂ ਸਾਹਮਣੇ ਡਿਓੜੀ ਸੀ। ਡਿਓੜੀ ਵਿਚੋਂ ਸੱਜੇ, ਨਹੀਂ, ਖੱਬੇ ਹੱਥ ਨਾਲ ਈ ਉੱਤੇ ਨੂੰ ਪੌੜੀਆਂ ਸਨ। ਅੱਠ ਦਸ ਪੌੜੀਆਂ, ਖ਼ੌਰੇ ਕੁਝ ਵਧ...ਚੜ੍ਹ...। ਨਿੱਕੇ ਹੁੰਦਿਆਂ ਤੋਂ ਈ ਉਹ ਪੌੜੀਆਂ ਚੜ੍ਹਿਆ ਪਰ ਭੁੱਲ ਗਿਆ ਵਾਂ। ਚਲੋ ਆਖ ਲਓ ਦਸ ਬਾਰਾਂ ਪੌੜੀਆਂ। (ਤ਼ਕੀ ਕੋਲੋਂ ਪੁਛਸਾਂ ਉਹ ਉਸ ਘਰ ਦਾ ਬੜਾ ਜ਼ਿਕਰ ਕਰਦਾ ਰਹਿੰਦਾ ਏ) ਹਾਂ, ਅੱਠ ਦਸ ਪੌੜੀਆਂ ਚੜ੍ਹ ਖੱਬੇ ਹੱਥ ਈ ਇਕ ਵੱਡੇ ਕਮਰੇ ਦਾ ਬੂਹਾ ਏ। ਮੈਂ ਫੇਰ ਭੁੱਲ ਗਿਆ ਜੇ। ਬੂਹੇ



ਬਾਰੀਆਂ ਕੋਈ ਨਹੀਂ। ਹਾਂ, ਚੌਗਾਠਾਂ ਸਨ ਉਸ ਕਮਰੇ ਦੀਆਂ। ਸਾਨੂੰ ਕੱਢਣ ਮਗਰੋਂ ਸੁਣਿਆ ਪਈ ਚਾਚੇ ਮੁੜ ਮਕਾਨ ਦੀ ਮੁਰੰਮਤ ਕਰਾਈ ਤੇ ਬੂਹੇ ਬਾਰੀਆਂ ਲਾ ਕੇ ਵੇਚ ਦਿੱਤਾ। ਉਸ ਕਮਰੇ ਮਾਂ ਤੇ ਦੂਜੇ ਭਰਾ ਰਹਿੰਦੇ ਸਨ। ਫੇਰ ਅਗਾਂਹ ਲੰਘ ਰਾਹ ਸਾਹਵਾਂ ਹੋ ਜਾਵੇ ਤੇ ਨਾਲ ਈ ਖੱਬੇ ਹੱਥ ਇਕ ਨਿੱਕਾ ਕਮਰਾ ਸੀ ਜਿਹਨੂੰ ਅਸੀਂ 'ਗੈਲਰੀ' ਕਹਿੰਦੇ ਸਾਂ। ਮੇਰਾ ਇਕ ਹੋਰ ਚਾਚਾ ਇਹ ਸੁਣਦਾ ਤੇ ਉਸ ਗੱਲ ਦਾ ਬੜਾ ਸਵਾਦ ਲੈਂਦਾ ਸੀ ਪਰ ਹੁਣ ਤਾਂ ਉਹ ਏਸ ਜਹਾਨੇ ਈ ਨਹੀਂ ਏ।

ਏਹੋ ਕਮਰਾ ਸੀ ਮੇਰਾ। ਹੈ ਤਾਂ ਉਹ ਦੂਜੀ ਮੰਜ਼ਲ ਪਰ ਸੀ ਬਹੁੰ ਨੀਵਾਂ। ਤੁਸੀਂ ਬਾਰੀ ਕੋਲ ਖਲੋ ਬਿਨਾਂ ਔਖਤ ਗਲੀ ਖਲੋਤੇ ਬੰਦੇ ਨਾਲ ਗੱਲ ਕਰ ਲੈਂਦੇ ਸਓ। ਨਾਲ ਬਾਰੀ ਸੀ, ਇਕ ਪੜਛੱਤੀ। ਸਾਰਾ ਪਵਾੜਾ ਈ ਉਸ ਪੜਛੱਤੀ ਦਾ ਏ। ਨਾਲ ਸਾਡੇ ਮਕਾਨ ਦੇ ਸੱਜੇ ਹੱਥ ਇਕ ਪਲਾਟ ਸੀ। ਪਲਾਟ ਤਾਂ ਖ਼ਾਲੀ ਸੀ ਪਰ ਦਵਾਲੇ ਕੰਧ ਵਲੀ ਸੀ। ਹੁਣ ਉਹ ਖ਼ਾਲੀ ਨਹੀਂ ਰਿਹਾ, ਉਥੇ ਤਿੰਨ ਮੰਜ਼ਲੀ ਇਮਾਰਤ ਏ।

ਇਹ ਉਦੋਂ ਦੀ ਗੱਲ ਏ ਜਦੋਂ ਪਲਾਟ ਖ਼ਾਲੀ ਸੀ। ਹੁਣ ਤਾਂ ਉਹ ਗਲੀ ਵੀ ਉਹ ਗਲੀ ਨਹੀਂ ਰਹੀ। ਨਾਲੇ ਇਹ ਤਾਂ ਸੁਫ਼ਨੇ ਦੀ ਗੱਲ ਏ।

ਕਮਰੇ ਦੀ ਬਾਰੀ ਤੋਂ ਤੁਸੀਂ ਗਲੀ ਖਲੋਤੇ ਬੰਦੇ ਨਾਲ ਗੱਲ ਕਰ ਲੈਂਦੇ ਸਓ। ਮੈਂ ਪਹਿਲੇ ਯਾਰ ਨੂੰ ਆਹਨਾਂ, 'ਲੰਘ ਆ।' ਛੇਤੀ ਨਾਲ ਖ਼ਾਲੀ ਪਲਾਟ ਦੀ ਕੰਧ ਉਪਰ ਚੜ੍ਹ ਉਹ ਪੜਛੱਤੀ ਤੋਂ ਚਲਦਾ ਉਸ ਬਾਰੀ ਕੋਲ ਆ ਜਾਂਦਾ ਏ ਜਿਥੇ ਮੈਂ ਖੜ੍ਹਾ ਵਾਂ। ਬਾਰੀ ਟੱਪ ਉਹ ਕਮਰੇ ਆ ਜਾਂਦਾ ਏ। ਹੁਣ ਥੱਲੇ ਬੂਹੇ ਕੋਲ ਦੋ ਯਾਰ ਖੜ੍ਹੇ ਨੇ। ਦੂਜਾ ਜਿਹੜਾ ਕੁਝ ਹਨੇਰੇ ਕੁਝ ਚਾਨਣ ਵਿਚ ਏ, ਹੱਥ ਨਾਲ ਐਨਕ ਠੀਕ ਕਰਦਾ ਹੌਲੀ ਜਿਹੀ ਖੰਘੂਰਦਾ ਏ। ਮਤਲਬ ਪਈ ਥੱਲੇ ਆ ਕੇ ਬੂਹਾ ਖੋਲ੍ਹ। ਮੈਂ ਕੰਧ ਚੜ੍ਹ ਪੜਛੱਤੀ ਤੋਂ ਨਹੀਂ ਆ ਸਕਦਾ। ਮੈਨੂੰ ਵੀ ਏਹੋ ਡਰ ਸੀ। ਸਾਰੀ ਉਮਰ ਏਸੇ ਤੋਂ ਡਰਿਆ ਤੇ ਸੁਫ਼ਨੇ ਵਿਚ ਵੀ ਡਰ ਗਿਆ। ਪਰ ਬੂਹਾ ਕੌਣ ਖੋਲ੍ਹੇ ? ਥੱਲੇ ਚਾਚਾ ਰਹਿੰਦਾ ਸੀ।

ਬਾਲਪਨ ਤੋਂ ਏਸ ਚਾਚੇ ਦੇ ਡਰ ਹੇਠ ਰਹੇ। ਉੱਤੇ ਅਸੀਂ ਰਹਿਣਾ ਤੇ ਡਰ ਡਰ ਕੇ। ਐਵੇਂ ਕੋਈ ਸ਼ੈਅ ਡਿੱਗ ਪੈਣੀ ਤੇ ਹੇਠੋਂ ਵਾਜ ਆਉਣੀ, 'ਅਰਮਾਨ ਨਾਲ ਨਹੀਂ ਰਿਹਾ ਜਾਂਦਾ ਕੁੱਤਿਓ ? ਕੀ ਖੱਪ ਪਾਈ ਰੱਖਦੇ ਓ ? ਨਾਲੇ ਰਹਿਣ ਨੂੰ ਥਾਂ ਦਿੱਤੀ ਏ, ਉਤੋਂ ਮਸ਼ਕਰੀਆਂ ਕਰਦੇ ਓ।' ਬਾਲਪਨ ਤੋਂ ਵੱਡੇ ਹੋਵਣ ਤਕ ਇਹ ਡਰ ਪੌੜੀਆਂ ਚੜ੍ਹਦਾ, ਸਾਡੇ ਸਰੀਰ ਤੇ ਸਾਹ, ਰੱਤ ਤੇ ਦਿਮਾਗ਼, ਰੂਹ ਤੇ ਮੁਹਾਂਦਰੇ ਚੜ੍ਹਦਿਆਂ ਪੱਕਾ ਹੋ ਗਿਆ। ਇੱਕੀ ਵਰ੍ਹੇ ਸਾਡੇ ਉੱਤੇ ਅੱਡੀ ਰੱਖ ਖਲੋਤਾ ਰਿਹਾ। ਸਹਿਮ ਸਾਡਾ ਨਕਸ਼ ਸੀ ਤੇ ਡਰ ਹਯਾਤੀ। ਹੁਣ ਬੂਹਾ ਕੌਣ ਖੋਲ੍ਹੇ ? ਮੈਂ ਭਰਾਵਾਂ ਵਿਚੋਂ ਵੱਡਾ ਸਾਂ। ਬਹੁਤਾ ਡਰ ਮੇਰੇ ਹਿੱਸੇ ਆਇਆ। ਇਕ ਉਮਰ ਇਸ ਨਾਲ ਲੜਿਆ ਵਾਂ। ਰੂਹ ਬੜਾ ਕਰਦਾ ਏ ਥੱਲੇ ਜਾ ਕੇ ਬੂਹਾ ਖੋਲ੍ਹਾਂ। ਸਾਰੀ ਉਮਰ ਬੰਦ ਬੂਹੇ ਖੋਲ੍ਹਣ ਦਾ ਚਾਅ ਰਿਹਾ ਏ। ਹੁਣ ਵੱਡਾ ਹੋ ਗਿਆ ਵਾਂ। ਡਰ ਵੀ ਘਟ ਗਿਆ ਏ ਪਰ ਮੁੱਕਿਆ ਤਾਂ ਨਹੀਂ। ਖ਼ੌਰੇ ਯਾਰਾਂ ਨੂੰ ਸਾਰ ਹੋਈ ਜਾਂ ਨਾ। ਉਹ ਜਿਹੜੇ ਗਲੀ ਖਲੋਤੇ ਨੇ, ਤੇ ਉਹ ਵੀ ਜਿਹੜੇ ਕੰਧ ਚੜ੍ਹ ਪੜਛੱਤੀ ਤੋਂ ਬਾਰੀ ਰਾਹੀਂ ਅੰਦਰ ਕਮਰੇ ਲੰਘ ਆਏ।

ਹੁਣ ਥੱਲੇ ਬੂਹੇ ਕੋਲ ਦੋ ਯਾਰ ਖਲੋਤੇ ਨੇ। ਡਰਨਾ ਵਾਂ ਕਿਵੇਂ ਜਾ ਕੇ ਬੂਹਾ ਖੋਲ੍ਹਾਂ ? ਬੇਦੀ ਗੱਲ ਫੇਰ ਚੇਤੇ ਆਉਂਦੀ ਏ, 'ਜਦੋਂ ਇਕ ਯਾਰ ਨਾਲ ਹੋਵੇ ਤਾਂ ਇਕ ਹੋਰ ਦੀ ਸਿੱਕ ਕਿਉਂ ਰਹਿੰਦੀ ਏ ?' ਬੇਦੀ ਤੀਜੇ ਬੰਦੇ ਦੀ ਸਿੱਕ ਵੀ ਆਖ ਸਕਦਾ ਸੀ। ਪਰ ਅਸਲੋਂ ਬੇਦੀ ਨੇ ਇਹ ਗੱਲ ਕਿਤੇ ਨਹੀਂ ਕੀਤੀ। ਇਹ ਤਾਂ ਨਿਰੀ ਸੁਫ਼ਨੇ ਦੀ ਗੱਲ ਏ। ਜਦ ਤੁਸੀਂ ਬੂਹਾ ਖੋਲ੍ਹ ਨਹੀਂ

ਸਕਦੇ। ਉਹ ਬੂਹੇ ਰਾਹੀਂ ਹੀ ਕਿਉਂ ਆਉਣਾ ਚਾਹੁੰਦਾ ਏ ? ਉਹ ਕੰਧ ਚੜ੍ਹ ਉੱਤੇ ਪੜਛੱਤੀ ਰਾਹੀਂ ਕਿਉਂ ਨਹੀਂ ਆ ਜਾਂਦਾ ? ਮੈਂ ਬਾਰੀ ਵਿਚ ਖਲੋਤਾ ਉਹਨੂੰ ਇਕ ਦੋ ਵਾਰ ਸੱਦਦਾ ਵੀ ਆਂ, ਪਰ ਉਹ ਕੋਈ ਜੁਆਬ ਨਹੀਂ ਦਿੰਦਾ। ਸੁਭਾਅ ਵੀ ਉਹਦਾ ਇੰਜ ਦਾ ਏ। ਮੈਨੂੰ ਪਤਾ ਏ ਉਹ ਸਾਰੀ ਉਮਰ ਥੱਲੇ ਬੂਹੇ ਕੋਲ ਖਲੋਤਾ ਰਹਿਸੀ ਤੇ ਮੈਂ ਉੱਤੇ ਬਾਰੀ ਕੋਲ। ਜਿਹੜਾ ਲੰਘ ਆਇਆ ਏ ਉਹ ਆਪਣੇ ਸਦਾ ਦੇ ਢੰਗ ਨਾਲ ਛਿੱਥਾ ਪੈ ਆਂਹਦਾ ਏ, 'ਲੰਘ ਆ, ਕੀ ਏ ਤੈਨੂੰ ?' ਮੈਂ ਬਾਰੀ ਕੋਲ 'ਕੱਲਾ ਆਂ। ਉਹ ਥੱਲੇ ਖਲੋਤਾ ਏ। ਬੂਹੇ ਨਾਲ ਹਨੇਰੇ ਇਕ ਹੋਰ ਯਾਰ ਵੀ ਏ। ਸਦਾ ਦਾ ਆਪਣਾ ਸਰੀਰ ਲੁਕਾਉਂਦਾ, ਪਿੱਛੇ ਪਿੱਛੇ ਰਹਿੰਦਾ। ਡਰ ? ਨਹੀਂ ਨਹੀਂ। ਮੈਂ ਚਾਚੇ ਬਾਰੇ ਸੋਚਨਾ ਵਾਂ। ਇਕਦਮ ਮੈਨੂੰ ਲੱਗਦਾ ਏ ਪਈ ਕੋਈ ਗੱਲ ਨਹੀਂ। ਮੈਂ ਥੱਲੇ ਜਾ ਕੇ ਬੂਹਾ ਖੋਲ੍ਹ ਸਕਨਾ ਵਾਂ। ਮੈਨੂੰ ਜਾਪਦਾ ਏ ਯਾਰਾਂ ਨੂੰ ਮਿਲਣ ਦੀ ਸਿੱਕ ਡਰ ਤੋਂ ਵਧੇਰੀ ਏ, ਇਹੋ ਸਿੱਕ ਡਰ ਤੋਂ ਵੀ ਭਓ ਖਾਂਦੀ ਏ। ਮੇਰਾ ਸਾਰਾ ਭਓ ਮੁੱਕ ਜਾਂਦਾ ਏ। ਅਚਨਚੇਤ ਮੇਰੀ ਅੱਖ ਖੁੱਲ੍ਹ ਜਾਂਦੀ ਏ। ਕਾਵਾਂ ਕੁਕਾਰਾ ਘੱਤਿਆ ਹੋਇਆ ਏ। ਅੱਖਾਂ ਸਾਹਮਣੇ ਪੁਰਾਣੇ ਮੁਹੱਲੇ ਦੀ ਮੂਰਤ ਘੁੰਮ ਜਾਂਦੀ ਏ। ਇੱਕੀ ਵਰ੍ਹੇ ਹੋਏ ਅਸੀਂ ਉਹ ਘਰ ਤੇ ਮੁਹੱਲਾ ਛੱਡ ਆਏ ਹੋਏ ਆਂ।

ਸਵੇਰ ਏ। ਤਾਕੀ ਰਾਹੀਂ ਨਿੰਮਾ ਨਿੰਮਾ ਚਾਨਣ ਕਮਰੇ ਅੰਦਰ ਆਉਂਦਾ ਪਿਆ ਏ। ਜਾਪਿਆ ਜਿਵੇਂ ਡਰ ਪੌੜੀਆਂ ਲਹਿ ਗਿਆ ਹੋਵੇ ਤੇ ਸਿੱਕ ਪੌੜੀਆਂ ਚੜ੍ਹ ਗਈ ਹੋਵੇ। ਜਿਵੇਂ ਕਾਵਾਂ ਦੇ ਕੁਕਾਰੇ ਵਿਚ ਮਲਕੜੇ ਜਿਹੀ ਚਿੜੀਆਂ ਦੀ ਵਾਜ ਹੌਲੀ ਹੌਲੀ ਕੁਕਾਰੇ ਉੱਤੇ ਚੜ੍ਹ ਬੈਠੀ ਹੋਵੇ। ਮੈਂ ਕਮਰਿਓਂ ਬਾਹਰ ਨਿਕਲ ਵੇਖਦਾਂ, ਬੂਹਾ ਤਾਂ ਖੁੱਲ੍ਹਾ ਏ, ਤੁਸੀਂ ਲੰਘ ਆਓ।

●

#ਕਿਤਾਬ ਤ੍ਰਿੰਝਣ, 3, ਮੀਆਂ ਚੈਂਬਰਜ਼, ਟੈਂਪਲ ਰੋਡ, ਲਾਹੌਰ,
ਟੈਲੀਫ਼ੋਨ : 042-6312790, e-mail : zubair01@wol.net.pk

ਲਹਿੰਦੇ ਪੰਜਾਬ ਦੇ ਕਹਾਣੀਕਾਰਾਂ ਦੀ ਨਵੀਂ ਪੀੜ੍ਹੀ ਦੇ ਪ੍ਰਤੀਨਿਧ ਹਸਤਾਖ਼ਰ
**ਜ਼ੁਬੈਰ ਅਹਿਮਦ ਦਾ ਕਥਾ ਸੰਗ੍ਰਹਿ**
**ਮੀਂਹ ਬੂਹੇ ਤੇ ਬਾਰੀਆਂ**
**ਕੁਕਨੁਸ ਪ੍ਰਕਾਸ਼ਨ, ਜਲੰਧਰ**
**(ਛਪਾਈ ਅਧੀਨ)**
★
ਪਾਕਿਸਤਾਨੀ ਪੰਜਾਬ ਦੇ ਸ਼ਾਇਰ-ਕਹਾਣੀਕਾਰ
**ਆਸ਼ਿਕ ਰਹੀਲ ਦਾ**
ਗੁਰਮੁਖੀ ਅੱਖਰਾਂ ਵਿਚ ਛਪਿਆ ਕਥਾ ਸੰਗ੍ਰਹਿ
**ਨਿਵੇਕਲਾ ਸੂਰਜ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**
**ਪੰਨੇ 120 ਮੁੱਲ 130**



## - ਚਿੜਾ

**ਸਈਦ ਭੁੱਟਾ -**

ਪ੍ਰੋਫ਼ੈਸਰ ਤਿਰਮਜ਼ੀ ਦਾ ਲੈਕਚਰ ਸੁਣ ਕੇ ਸਾਰੀ ਕਲਾਸ ਵਾਹ ਵਾਹ ਪਈ ਕਰੇਂਦੀ ਹਾਈ।

"ਦੇਸ ਪਰਦੇਸ ਦੇ ਧੱਕੇ ਖਾਹਦਨ ਪਰ ਅੱਜ ਲੱਗਦਾ ਹੈ ਮਾਪਿਆਂ ਦੇ ਪੈਸੇ ਸਠਾ ਪੈਣ।" ਪ੍ਰੋਫ਼ੈਸਰ ਦੇ ਕਲਾਸ ਰੂਮ ਵਿਚੋਂ ਨਿਕਲਣ ਮਗਰੋਂ ਜੈਦੀ ਨੇ ਗੱਲ ਛੋਹੀ।

"ਹਾਂ ਯਾਰ, ਕਾਲਜਾਂ ਵਿਚ ਤਾਂ ਕੱਖ ਨਾਹਨ ਪੜ੍ਹੀਦੇਂ। ਬੱਸ ਉਸਤਾਦ ਦਾਅ ਲਾ ਕੇ ਨਿਕਲ ਜਾਂਦੇ ਹਾਂ।" ਮੋਦੇ ਨੇ ਵੱਡੇ ਮਾਣ ਨਾਲ ਆਖਿਆ। ਜਿਵੇਂ ਅੱਜ ਦਾ ਸਭ ਕੁਝ ਉਹਦੀ ਖੋਪੜੀ ਵਿਚ ਸਮਾ ਗਿਆ ਹੋਵੇ।

"ਹੁਣ ਅਗਾਂਹ ਤਾਲੀਮ ਵੀ ਤਾਂ ਕਾਈ ਨਈਂ, ਐਮ. ਏ. ਤੋਂ...।" ਮਸੂਦ ਦੀ ਗੱਲ ਮੁੱਕਣ ਤੋਂ ਪਹਿਲਾਂ ਈ ਚਿੜਾ ਵਿਚੋਂ ਪੈ ਗਿਆ, "ਜੀ ਉਏ ਚਾਚਾ, ਵੱਡੀਆਂ ਸਿਆਣੀਆਂ ਗੱਲਾਂ ਕਰੇਨਾ ਏ। ਲੱਗਦਾ ਹੈ ਹਰ ਕਲਾਸ ਵਿਚ ਦੋ ਦੋ ਸਾਲ ਲਾਏ ਨੀ।"

ਕਾਰੀਡੋਰ ਵਿਚ ਹਾਸੇ ਦੀ ਚਭਾਕ ਆਈ ਤੇ ਕੁੜੀਆਂ ਮੁੰਡੇ ਉਹਨਾਂ ਦੇ ਵੱਲ ਵੇਖਣ ਲੱਗ ਪਏ। "ਉਏ ਚਿੜਿਆ! ਔਕਾਤੋਂ ਬਾਹਰ ਨਹੀਂ ਹੋਈਦਾ। ਬੂੰਡੇ 'ਚੋਂ ਨੱਪ ਕੇ ਹੇਠਾਂ ਸੁੱਟ ਛੋੜਸਾਂ।" ਉਹ ਮਸ਼ਕਰੀਆਂ ਕਰਦੇ ਕੰਟੀਨ ਆਲ ਰਲਿਕ ਪਏ। "ਮਿਸਟਰ ਮਸੂਦ ਸੰਭਲ ਕੇ ਗੱਲ ਕਰੋ, ਤੁਸੀਂ ਰਾਤੋ ਕੀ ਗੱਲ ਭੁੱਲ ਗਏ ਓ।"

"ਕਿਹੜੀ ਓਏ ?" ਮਸੂਦ ਨੇ ਕਚੀਚੀ ਵੱਟ ਕੇ ਆਖਿਆ।

"ਉਹਵਾ।" ਚਿੜੇ ਸੈਨਤ ਮਾਰੀ। ਸਾਰੇ ਮੁੰਡੇ ਟੋਹਣ ਲੱਗ ਪਏ ਰਾਤੀਂ ਹੋਸਟਲ ਵਿਚ ਕੀ ਬੀਤੀਆਂ ?

"ਦੱਸਾਂ ਫੇਰ ?" ਚਿੜੇ ਨੇ ਕੰਟੀਨ ਦੀ ਟੁੱਟੀ ਕੁਰਸੀ ਘਸੀਟਦਿਆਂ ਆਖਿਆ। ਏਨੇ ਨੂੰ ਹਿਰਨੀਆਂ ਦੀ ਟੋਰ ਟੁਰਦੀ ਕੁੜੀ ਕਾਹਲੀ ਵਿਚ ਕੰਟੀਨ ਦੇ ਅੱਗੋਂ ਲੰਘਣ ਲੱਗੀ। ਮਸੂਦ ਨੇ ਅੱਖ ਮਾਰ ਕੇ ਆਖਿਆ, "ਟੋਟਾ ਹੈ।" ਚਿੜਾ ਫੁਰ ਕਰਕੇ ਉੱਡਿਆ ਤੇ ਰਾਹ ਉੱਤੇ ਪਈਆਂ ਦੋਵੇਂ ਕੁਰਸੀਆਂ ਕੰਟੀਨ ਦੇ ਚੰਨੇ ਅੱਗੇ ਰੱਖ ਦਿੱਤੀਆਂ। "ਮੈਂ ਕਿਹਾ ਜੀ, ਰਸ਼ ਵਾਲੀਆਂ ਥਾਵਾਂ ਤੇ ਸਪੀਡ ਜ਼ਰਾ ਘੱਟ ਕਰ ਲਈ ਕਰੋ।" ਮੁੰਡਿਆਂ ਵਿਚ ਹਾਸੜ ਪੈ ਗਈ। ਉੱਚਾ ਲੰਮਾ ਕੱਦ, ਤ੍ਰਿਖੇ ਨੈਣ ਨਕਸ਼, ਛਮਕ ਵਰਗਾ ਸਰੀਰ, ਕੱਟੇ ਹੋਏ ਘੁੰਗਰਾਲੇ ਵਾਲ, ਬੁੱਲ੍ਹਾਂ 'ਤੇ ਬਲਦੀ ਅੱਗ,

ਗੱਲਾਂ 'ਚੋਂ ਸਿੰਮਦਾ ਪਿਆਰ, ਅੱਖਾਂ ਵਿਚ ਵਕਤੀ ਜਿਹਾ ਕ੍ਰੋਧ, ਆਕੜ ਕੇ ਖਲੋ ਗਈ ਤੇ ਨਫ਼ਰਤ ਨਾਲ ਕਹਿਣ ਲੱਗੀ, "ਮੁਝੇ ਕਹਾ ਹੈ ?"

ਚਿੜੇ ਦੀਆਂ ਲੱਤਾਂ ਕੰਬ ਰਹੀਆਂ ਸਨ। "ਨਹੀਂ ਜੀ! ਮੇਰਾ ਮਤਲਬ ਹੈ, ਅਸਲ ਵਿਚ ਕੰਟੀਨ ਵਾਲੇ ਨਾਲ ਸਾਡਾ ਮਜ਼ਾਕ ਚੱਲਦਾ ਏ।"

"ਤੁਮ ਪਰੀਵੀਅਸ ਮੇਂ ਆਏ ਹੋ ?" ਮਸੂਦ ਉੱਠ ਕੇ ਸ਼ਹਿਜ਼ਾਦੀ ਦੇ ਲਾਗੇ ਸਿਰ ਨੀਵਾਂ ਕਰਕੇ ਖਲੋ ਗਿਆ। "ਆਈ ਐਮ ਸੌਰੀ, ਇਸਨੇ ਪੂਰੀ ਕਲਾਸ ਕਾ ਅਮੀਲ ਤਬਾਹ ਕਰ ਦੀਆ ਹੈ।" ਸ਼ਹਿਜ਼ਾਦੀ ਉਹਨਾਂ ਦਾ ਗੁਨਾਹ ਮਾਫ਼ ਕੀਤੇ ਬਿਨਾਂ ਅਗਾਂਹ ਟੁਰ ਗਈ। ਕਾਲੀਆ ਜਿਹੜਾ ਚਿਰ ਦੀ ਚੁੱਪ ਵੱਟੀ ਬੈਠਾ ਹਾਈ, ਆਖਣ ਲੱਗਾ, "ਇਹ ਵੀ ਤਾਂ ਪਰੀਵੀਅਸ ਵਿਚ ਈ ਤਾਂ ਆਏ ਹਾਨ ਤੇ ਹੁਣ ਫਾਈਨਲ ਵਿਚ ਹਨ।"

"ਨਹੀਂ ਨਹੀਂ, ਫਾਈਨਲ ਦੀ ਇੱਜ਼ਤ ਕਰਨੀ ਚਾਹੀਦੀ ਏ ਤੇ ਪਰੀਵੀਅਸ ਦਾ ਅਮੀਲ ਮਿਸਾਲੀ ਹੋਵਣਾ ਚਾਹੀਦਾ ਹੈ।" ਰਿਆਜ਼ ਜਿਹੜਾ ਪਹਿਲਾਂ ਲਾਹੌਰ ਦੇ ਕਾਲਜਾਂ ਵਿਚ ਪੜ੍ਹਿਆ ਹਾਈ, ਉਹਨੇ ਮੱਤ ਦੇਂਦਿਆਂ ਆਖਿਆ, 'ਤੁਸੀਂ ਏਸ ਅਹਿਲ ਈ ਨਹੀਂ ਕਿ ਕੋ-ਐਜੂਕੇਸ਼ਨ ਵਿਚ ਪੜ੍ਹੋ।' ਮਸੂਦ ਨੇ ਰਿਆਜ਼ ਤੋਂ ਹੱਥ ਦੇ ਇਸ਼ਾਰੇ ਨਾਲ ਸਿਗਰਟ ਮੰਗਦਿਆਂ ਆਖਿਆ, "ਹਿੱਕ ਮੈਨੂੰ ਵੀ ਦੇਸੀਂ। ਜਿੰਨੀਆਂ ਇਹਨੇ ਮੰਗ ਕੇ ਪੀਤੀਆਂ ਹਨ, ਓਨੀਆਂ ਮੈਂ ਵੀ। ਓੜਕ ਰੂਮ ਮੇਟ ਜੂੰ ਆਇਆ।" ਚਿੜੇ ਇੰਜੇ ਝਕਦਿਆਂ ਝਕਦਿਆਂ ਆਖਿਆ ਤੇ ਸਾਰੇ ਹੱਸਦੇ ਹੱਸਦੇ ਕੰਟੀਨ ਤੋਂ ਹੋਸਟਲ ਨੂੰ ਟੁਰ ਆਏ।

ਪੰਜ ਕੁ ਵਜੇ ਲਾਲੇ ਨੇ ਥੱਲਿਓਂ ਵਾਜ ਮਾਰੀ, "ਟਵੰਟੀ ਸੈਵਨ ਨੰਬਰ ਫ਼ੋਨ।" ਚਿੜਾ ਪਹਿਲੀ ਵਾਜ ਤੇ ਈ ਫਸਟ ਫਲੋਰ ਦੇ ਜੰਗਲੇ ਵਿਚ ਜਾ ਵੱਜਾ, "ਲਾਲੇ ਕੀਹਦਾ ?"

"ਤੁਹਾਡੇ ਰੂਮ ਮੇਟ ਦਾ ਹੈ।"

"ਕਿਥੋਂ ?"

"ਪਤਾ ਨਹੀਂ ਜੀ, ਕੋਈ ਲੇਡੀ ਬੋਲ ਰਹੇ ਹਨ।" ਚਿੜੇ ਹੋਰਾਂ ਸ਼ੂਟ ਵੱਟੀ ਤੇ ਸਕਿੰਟਾਂ ਵਿਚ ਈ ਰਿਸੀਵਰ 'ਤੇ ਅੱਪੜ ਗਏ। ਚਿੜੇ ਯੁਮਨ ਭਰੇ ਲਹਿਜੇ ਵਿਚ ਕਿਹਾ, "ਹੈਲੋ!" ਸ਼ਹਿਜ਼ਾਦੀ ਆਖਣ ਲੱਗੀ, "ਮਿਸਟਰ ਮਸੂਦ, ਮੈਂ ਮਅਜ਼ਰਤ ਖਵਾਹ ਹੂੰ ਆਪ ਜੈਸੇ ਸਾਇਸ਼ਤਾ ਔਰ ਮਹੱਜਬ ਕਾਲਜ ਫੈਲੋ ਸੇ। ਮੈਨੇ ਬੁਰਾ ਸਲੂਕ ਕੀਆ ਹੈ। ਦਰਅਸਲ ਮੇਰਾ ਮਕਸਦ ਆਪ ਕੀ ਦਿਲ ਆਜ਼ਾਰੀ ਨਹੀਂ ਥਾ। ਆਪ ਕੀ ਵਜ੍ਹਾ ਸੇ ਹੀ ਪਰੀਵੀਅਸ ਗਰੇਸਫੁਲ ਲਗਤੀ ਹੈ। ਮੁਝੇ ਆਪ ਕਾ ਪੂਰਾ ਨਾਮ ਯਾਦ ਨਹੀਂ, ਮਾਈਂਡ ਨਾ ਕਰਨਾ। ਅਭੀ ਆਪ ਕੋ ਇਧਰ ਆਏ ਦੋ ਹਫਤੇ ਹੀ ਤੋ ਹੂਏ ਹੈਂ।"

ਚਿੜੇ ਨੇ ਜੀਨਜ਼ ਦੇ ਬੋਝੇ ਵਿਚ ਹੱਥ ਪਾਉਂਦਿਆਂ ਆਖਿਆ, "ਮੇਰਾ ਨਾਂ ਤੇ ਸਰਦਾਰ ਮਸੂਦ ਅਹਿਮਦ ਖਾਨ ਹੈ, ਪਰ ਉਹ ਅਸਾਡਾ ਜਮਾਤੀ ਹੈ ਨਾ ਚਿੜਾ ਉਹਨੇ ਚਾਚਾ ਸੁਵਾਦਾ ਮਸ਼ਹੂਰ ਕੀਤਾ ਹੈ।"

"ਕਯਾ ਕਹਾ ?"

"ਓ ਜੀ ਸਾਰੇ ਚਾਚਾ ਸੁਵਾਦਾ ਈ ਆਹਦਨ। ਮੈਂ ਸੋਚ ਰਿਹਾ ਸਾਂ ਸਰਕਟ ਹਾਊਸ ਸ਼ਿਫ਼ਟ ਹੋ ਜਾਵਾਂ। ਬਹੁਤੇ ਕੰਮੀ ਕਮੀਣ ਈ ਹੋਸਟਲ ਵਿਚ ਰਹਿੰਦੇ ਨੇ।"

"ਅੱਛਾ ਤੋ ਕੱਲ੍ਹ ਫੇਰ ਆਪ ਸੇ ਮੁਲਾਕਾਤ ਹੋਗੀ, ਠੀਕ ਹੈ ਨਾ ?"

"ਸੁਨੀਏ, ਹੈਲੋ, ਹੈਲੋ...।"

"ਜੀ ਜੀ!"



"ਤੁਸੀਂ ਹੋਸਟਲ ਤੋਂ ਬੋਲ ਰਹੇ ਓ ?"

"ਯੈੱਸ।"

"ਤੁਹਾਨੂੰ ਜ਼ਹਿਮਤ ਤੇ ਹੋਵੇਗੀ।"

"ਨਹੀਂ ਕੋਈ ਐਸੀ ਬਾਤ ਨਹੀਂ, ਆਪ ਕਹੀਏ ਤੋ ਸਹੀ।"

"ਜ਼ਰਾ ਹੋਸਟਲ ਦੀਆਂ ਸਾਰੀਆਂ ਕੁੜੀਆਂ ਨੂੰ ਮੇਰਾ ਸਲਾਮ ਦੇ ਦੇਣਾ।" ਚਿੜਾ ਖਚਰਾ ਜਿਹਾ ਹਾਸਾ ਹੱਸਿਆ ਤੇ ਠੱਕ ਕਰਕੇ ਰਿਸੀਵਰ ਰੱਖ ਦਿੱਤਾ। ਨਰਗਸ ਨੇ ਸ਼ਹਿਜ਼ਾਦੀ ਦੇ ਲਾਗੇ ਹੁੰਦਿਆਂ ਪੁੱਛਿਆ, "ਕੀ ਆਹਦਾ ਹਾਈ ?"

"ਸਵਾਹ ਤੇ ਮਿੱਟੀ ਆਹਦਾ ਹਾਈ। ਗੱਲ ਮਸੂਦ ਨਾਲ ਨਹੀਂ, ਚਿੜੇ ਨਾਲ ਹੋਈ ਏ।"

ਰਾਤ ਦੇ ਖਾਣੇ ਮਗਰੋਂ ਹੋਸਟਲ ਦੇ ਲਾਨ ਵਿਚ ਜ਼ਰੂਰੀ ਇਕੱਠ ਹੋਇਆ। ਫਾਈਨਲ ਦੇ ਮੁੰਡਿਆਂ ਦੀਆਂ ਅੱਖਾਂ ਵਿਚੋਂ ਲਹੂ ਸਿੰਮਦਾ ਵਿਖਾਲੀ ਦੇਂਦਾ। ਮਧਰੇ ਜਿਹੇ ਮੁੰਡੇ ਨਾਲ ਦੇ ਨੂੰ ਆਖਿਆ, "ਅਸੀਂ ਕੈਂਪਸ ਵਿਚ ਮੂੰਹ ਨਹੀਂ ਵਿਖਾ ਸਕਦੇ।"

"ਉਹ ਤਾਂ ਲਾਇਬ੍ਰੇਰੀ ਵਿਚ ਈ ਆਖਦੀਆਂ ਪਈਆਂ ਹਨ ਪਰੀਵੀਅਸ ਬਹੁਤ ਬਦਤਮੀਜ਼ ਹੈ।" ਕਾਸ਼ਫ਼ ਨੇ ਪਰੀਵੀਅਸ ਨੂੰ ਸੁਣਾਨ ਕਾਨ ਕਿਹਾ।

"ਆਪਣੀ ਕਲਾਸ ਤੇ ਸਬਰ ਕਰੇਨ।" ਅੱਧ ਗੰਜੇ ਨੇ ਨਫ਼ਰਤ ਨਾਲ ਕਹਿਆ। ਫਾਈਨਲ ਦਾ ਇਕ ਮੈਲੇ ਕੱਪੜਿਆਂ ਵਾਲਾ ਮੁੰਡਾ ਉਠਿਆ। ਪਹਿਲਾਂ ਉਹਨੇ ਪਰੀਵੀਅਸ ਨੂੰ ਲਾਕੜਿਆਂ ਵਾਲੀ ਅੱਖ ਨਾਲ ਡਿੱਠਾ ਤੇ ਵੱਤ ਗੱਲ ਛੋਹ ਦਿੱਤੀ, "ਸੁਣੋ ਤੁਸੀਂ, ਅਜੇ ਨਵੇਂ ਆਏ ਹੋ। ਅਸਾਡੇ ਸ਼ੋਬੇ ਦੀਆਂ ਕੁਝ ਰਵਾਇਤਾਂ ਹਨ। ਕਾਲਜ ਵਿਚ ਰਹਿਣ ਦੇ ਕੁਝ ਅੰਗ ਢੰਗ ਹਨ। ਐਥੇ ਕੁੜੀਆਂ ਨਾਲ ਬਖੇੜੇ ਮਹਿੰਗੇ ਪਵੰਦਨ। ਜੇ ਉਹ ਸ਼ਿਕਾਇਤ ਕਰੇਂਦੀ ਤਾਂ ਤੁਹਾਨੂੰ ਪਤਾ ਲੱਗਦਾ।"

ਪਰੀਵੀਅਸ ਦੇ ਹੋਠਾਂ ਦੀਆਂ ਪਤਰੀਆਂ ਸੁੱਕ ਗਈਆਂ। ਪੂਰੀ ਪਰੀਵੀਅਸ ਪੱਘਰੋ ਪੱਘਰੀ। ਇਕ ਦੋ ਖਚਰੇ ਮੁੰਡਿਆਂ ਆਪਣੇ ਗਿਰੇਵਾਨ ਵਿਚ ਝਾਤੀ ਮਾਰੀ ਪਰ ਉਹਨਾਂ ਨੂੰ ਅਜਿਹਾ ਜੁਰਮ ਨਾ ਲੱਗਾ, ਜਿਸ ਤੋਂ ਉਹਨਾਂ ਦਾ ਜ਼ਮੀਰ ਚੰਗਾ ਮੰਦਾ ਆਖਦਾ।

"ਤੁਸਾਡੇ ਵਿਚ ਚਿੜਾ ਕਿਹੜਾ ਏ ?"

ਚਿੜੇ ਨੱਕ ਵੱਲੋਂ ਧੂੰ ਕੱਢ ਕੇ ਸਿਗਰਟ ਲੱਤ ਥੱਲੇ ਦਿੱਤੀ ਤੇ ਖੜ੍ਹਾ ਹੋ ਗਿਆ। "ਅੱਜ ਅਸੀਂ ਤੈਨੂੰ ਮਾਫ਼ ਕਰ ਦੇਂਦੇ ਪਏ ਹਾਂ, ਜੇ ਤੂੰ ਅੱਗੇ ਤੋਂ...।"

ਚਿੜਾ ਕਈ ਦਿਨਾਂ ਤੋਂ ਯੂਨੀਵਰਸਿਟੀ ਨਾਹੀ ਗਿਆ। ਉਹ ਹੋਸਟਲ ਕੰਟੀਨ ਤੇ ਆਰਡਰ ਪਹਿਲੀ ਮੰਜ਼ਲ ਤੋਂ ਈ ਸੱਦ ਕੇ ਦਿੰਦਾ। ਅੱਠ ਵਜੇ ਉਹ ਅੰਡਾ, ਸਲਾਈਸ ਤੇ ਚਾਹ ਮੰਗਵਾਉਂਦਾ। ਵੱਤ ਜਦੋਂ ਵੀ ਜੰਗਲੇ ਦੇ ਲਾਗੇ ਹੁੰਦਾ, ਕੰਟੀਨ ਦੇ ਮੁੰਡੇ ਸਮਝ ਜਾਂਦੇ ਕਿ ਇਕ ਚਾਹ। ਕਦੀ ਕਦੀ ਉਹ ਕੰਟੀਨ ਦੇ ਮੁੰਡਿਆਂ ਨਾਲ ਅੱਖਾਂ ਅੱਖਾਂ ਵਿਚ ਸ਼ਰਾਰਤ ਕਰਦਾ ਤਾਂ ਉਹ ਚਾਹ ਦਾ ਆਰਡਰ ਈ ਸਮਝਦੇ। ਚਿੜੇ ਨੂੰ ਕੁਝ ਚਾਹਵਾਂ ਬਿਨਾਂ ਤਲਬ ਦੇ ਈ ਪੀਣੀਆਂ ਪੈਂਦੀਆਂ। ਉਹਦੇ ਜਮਾਤੀ ਕਮਰੇ ਅੱਗੋਂ ਲੰਘਦਿਆਂ ਕਾਈ ਫੁੱਲਝੜੀ ਛੱਡ ਜਾਂਦੇ। ਕਾਈ ਆਂਹਦਾ, "ਚਿੜਿਆ! ਐਨੀਆਂ ਚਾਹਵਾਂ ਨਾ ਪੀਤੀਆਂ ਕਰ, ਖੁਰ ਜਾਵੇਂਗਾ।" ਚਿੜਾ ਵਿਰਸੀ ਕੱਢ ਛਡੇਂਦਾ। ਕਾਈ ਆਹਦਾ, "ਚਿੜਿਆ, ਮੈਂ ਐਤਕੀਂ ਤੈਨੂੰ ਗੁੱਜਰਾਂਵਾਲੇ ਵੇਚ ਆਵਣਾ ਹੈ।" ਚਿੜਾ ਆਖਦਾ, "ਯਾਰਾਂ ਲਈ ਜਾਨ ਹਾਜ਼ਰ ਹੈ।" ਕੋਈ ਟਿਚਕਰ ਕਰ ਜਾਂਦਾ, "ਚਿੜਿਆ, ਕਦੀ ਮੈਂ ਤੈਨੂੰ ਬੋਝੇ ਦੀ ਕੈਦ ਸੁਣਾ ਦੇਣੀ ਹੈ।" ਚਿੜੇ ਦੇ ਮਨ ਨੂੰ ਲੱਗਦੀ ਤੇ ਵਿਚੇ ਵਿਚ ਰਾਜ਼ੀ ਹੁੰਦਾ ਰਹਿੰਦਾ। "ਉਏ ਇਹ ਸੀਵੀ ਵਾਲੀਆਂ ਕਿਤਾਬਾਂ ਨਾ ਪੜ੍ਹਿਆ ਕਰ, ਸੁੱਕ ਜਾਵੇਂਗਾ।"

ਚਿੜਾ ਹਉਕਾ ਭਰ ਕੇ ਆਖਦਾ, "ਪਹਿਲਾਂ ਕਿਹੜੀ ਮਿਰਜ਼ੇ ਦੀ ਜਵਾਨੀ ਪਏ ਮਾਣਦੇ ਆਂ ?"

ਮੂਦੇ ਦੇ ਕਮਰੇ ਵਿਚ ਮਹਿਫ਼ਲ ਭਖੀ ਹੋਈ ਹਾਈ। ਚਿੜਾ ਚਹਿਕ ਰਿਹਾ ਹਾਈ। ਉਹਨੇ ਵੱਡੀ ਲਹਿਰ ਵਿਚ ਚੁਟਕੀ ਮਾਰ ਕੇ ਐਸ਼-ਟ੍ਰੇ ਵਿਚ ਝਾੜੀ ਤਾਂ ਕਾਲੀਆ ਬੋਲ ਪਿਆ, "ਉਏ ਚਿੜਿਆ ਵਿਲਜ ਜਾਂ ਐਂਬੇਸੀ ਪੀਤੀ ਕਰ। ਪਰਨਸਟਨ ਤੇਰੇ ਹੱਥੀਂ ਸੁਲਤਾਨ ਰਾਹੀ ਦਾ ਗੰਡਾਸਾ ਜਾਪਦੀ ਹੈ।" ਕੋਈ 'ਕੱਲਾ ਜੀ ਚਿੜੇ ਦੀ ਢਾਕੇ ਚੜ੍ਹ ਜਾਂਦਾ ਤਾਂ ਉਹ ਔਖੇ ਔਖੇ ਲਫਜ਼ ਬੋਲ ਕੇ ਪਿੜ ਛੁਡਾ ਦੇਂਦਾ। ਅੱਜ ਉਹਨੂੰ ਭਖੀ ਮਹਿਫ਼ਲ ਵਿਚ ਵਹਦਤ ਅਲਵਜੂਦ ਤੇ ਕਲਚਰ ਦਾ ਦੌਰਾ ਪੈ ਗਿਆ। ਮੋਦੇ ਨੇ ਵਿਚੋਂ ਈ ਸੱਟ ਮਾਰੀ, "ਚਿੜਿਆ ! ਜਿੰਨਾ ਤੂੰ ਜ਼ਿਵੀਂ ਤੋਂ ਬਾਹਰ ਏਂ, ਓਨਾ ਈ ਜ਼ਿਵੀਂ ਵਿਚ ਏਂ।" ਚਿੜਾ ਕੱਚਾ ਪਿਆ ਤੇ ਚੁੱਪ ਕਰ ਗਿਆ।

ਚਿੜਾ ਯੂਨੀਵਰਸਿਟੀ ਤਾਂ ਨਾਹੀ ਵੇਂਦਾ ਪਰ ਮੁੰਡਿਆਂ ਕੁੜੀਆਂ ਵਿਚ ਉਹਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਚਿੜੇ ਦੇ ਯਾਰ ਬੇਲੀ ਉਹਦੇ ਲਤੀਫ਼ੇ ਸੁਣਾਉਂਦੇ। ਮੈੱਸ ਵਿਚ ਚਿੜੇ ਇਹ ਗੱਲ ਕੀਤੀ। ਕੰਟੀਨ 'ਤੇ ਚਿੜੇ ਇੰਜ ਚੂੰਡੀ ਵੱਢੀ। ਰਾਤੀਂ ਉਹਨੇ ਹਸਾ ਹਸਾ ਕੇ ਢਿੱਡ ਵਿਚ ਪੀੜਾਂ ਘੱਤੀਆਂ।

ਲਾਲੇ ਨੇ ਥੱਲਿਓਂ ਈ ਸੱਦ ਮਾਰਿਆ, "ਸਤਾਈ ਨੰਬਰ ਫ਼ੋਨ।" ਚਿੜੇ ਕਮਰੇ ਵਿਚ ਬੈਠਿਆਂ ਈ ਪੁੱਛਿਆ, "ਕੀਹਦਾ ?"

ਲਾਲੇ ਦੱਸਿਆ, "ਤੁਹਾਡਾ।"

ਚਿੜਾ ਜਿਹੜੀਆਂ ਪੌੜੀਆਂ ਹਿੱਕ ਸਕਿੰਟ ਵਿਚ ਲਹਿੰਦਾ ਹਾਈ ਅੱਜ ਮਸੀਂ ਉਨੀ ਗਿਣ ਕੇ ਲੱਥਾ।

"ਚਿੜਾ ਜੀ।"

"ਆਹੋ।"

"ਓ ਜੀ ਦਰਅਸਲ...।"

"ਖੁੱਲ੍ਹ ਕੇ ਸਿੱਧੀ ਤਰ੍ਹਾਂ ਗੱਲ ਕਰੋ।" ਚਿੜੇ ਪੂਰੇ ਅਹਿਤਮਾਦ ਨਾਲ ਆਖਿਆ।

"ਸ਼ਹਿਜ਼ਾਦੀ ਬੋਲ ਰਹੀ ਹਾਂ, ਤੁਹਾਡੀ ਫਾਈਨਲ ਦੀ।"

"ਬੋਲੀ ਜਾਓ।"

"ਨਾਰਾਜ਼ ਹੋ ?"

"ਨਹੀਂ ਨਹੀਂ, ਮੇਰਾ ਮਤਲਬ ਹੈ ਆਪਣੀ ਗੱਲ ਨਿਬੇੜੋ।"

"ਅਸਲ ਵਿਚ ਤੁਸੀਂ ਨਵੇਂ ਆਏ ਹੋ।"

"ਜੀ ਹਾਂ, ਤੁਸਾਨੂੰ ਸੌ ਸਾਲ ਹੋ ਗਿਆ ਹੈ ?"

"ਪਲੀਜ਼ ਚਿੜੇ ਸਮਝ। ਮੇਰਾ ਕਸੂਰ ਨਹੀਂ। ਇਹ ਲੋਕਾਂ ਦੀ ਆਪਣੀ ਫਸਟਰੇਸ਼ਨ ਹੈ। ਤੁਸੀਂ ਕੋਈ ਅਜਿਹਾ ਹਾਸਾ ਤਾਂ ਨਹੀਂ ਕੀਤਾ ਜੀਹਦੇ ਵਿਚ ਕੋਈ ਮਾੜੀ ਗੱਲ ਹੋਵੇ।"

"ਤੇ ਫੇਰ...।"

"ਤੁਸੀਂ ਯੂਨੀਵਰਸਿਟੀ ਆਇਆ ਕਰੋ। ਕਲਾਸਾਂ ਅਟੈਂਡ ਕੀਤੀਆਂ ਕਰੋ।"

"ਕਲਾਸਾਂ ਵਿਚ ਕੀ ਪਿਆ ਹੈ ?"

"ਪ੍ਰੋਫ਼ੈਸਰ ਤਿਰਮਜ਼ੀ ਬਹੁਤ ਕਾਬਲ ਹਨ। ਉਹ ਟੀ.ਵੀ. ਰੇਡੀਓ ਤੇ ਆਵੰਦਨ। ਉਹਨਾਂ ਦਾ ਕਲਾਮ ਅੱਜ ਦੇ ਅਖ਼ਬਾਰ ਵਿਚ ਛਪਿਆ ਹੈ। ਬਹੁਤ ਮਸ਼ਹੂਰ ਲਿਖਾਰੀ ਹਨ। ਪੜ੍ਹਿਆਰਾਂ ਦੇ ਸਿਰ ਉੱਚੇ ਹੋ ਜਾਂਦਨ ਜਦੋਂ ਉਹ ਵੇਂਹਦਨ। ਅਸੀਂ ਐਡੇ ਮਸ਼ਹੂਰ ਬੰਦੇ ਕੋਲ ਪੜ੍ਹਦੇ ਹਾਂ।"

"ਤੁਸੀਂ ਸ਼ਹਿਜ਼ਾਦੀਆਂ ਮਸ਼ਹੂਰ ਤੇ ਪੜ੍ਹੇ ਲਿਖਿਆਂ ਵਿਚ ਨਖੜਾ ਨਹੀਂ ਕਰ ਸਕਦੀਆਂ।"



"ਨਹੀਂ ਚਿੜੇ, ਤੁਸੀਂ ਕੱਲ੍ਹ ਆਉਣਾ ਹੈ, ਇਹ ਮੇਰਾ ਹੁਕਮ ਹੈ।"

"ਆ ਜਾਸਾਂ, ਪਰ ਮੈਂ ਸ਼ਹਿਜ਼ਾਦੇ ਸ਼ਹਿਜ਼ਾਦੀਆਂ ਦੇ ਹੁਕਮ ਕਦੀ ਨਹੀਂ ਮੰਨੇ।"

"ਚਲੋ, ਰੀਕੁਐਸਟ ਈ ਸਮਝੋ।"

ਚਿੜੇ ਕਮਰੇ ਵਿਚ ਆ ਕੇ ਪਹਿਲਾਂ ਬਿਸਤਰ ਦੀ ਚਾਦਰ ਬਦਲੀ। ਧੋਵਣ ਆਲੇ ਕੱਪੜੇ ਇਕੱਠੇ ਕੀਤੇ ਤੇ ਧੋਬੀ ਨੂੰ ਸੱਦ ਚੁਕਾਏ। ਮੇਜ਼ ਉੱਤੇ ਖਿਲਰੀਆਂ ਕਿਤਾਬਾਂ ਚੁੱਕ ਕੇ ਅਲਮਾਰੀ ਦੇ ਫੱਟਿਆਂ ਉੱਤੇ ਜੋੜੀਆਂ। ਇਕੋ ਕਿਤਾਬ ਈ ਮੇਜ਼ ਉੱਤੇ ਰਹਿਣ ਦਿੱਤੀ। ਮੇਜ਼ ਕੁਰਸੀ ਉੱਤੇ ਕੱਪੜਾ ਮਾਰਿਆ। ਟੇਬਲ ਲੈਂਪ ਸਾਫ਼ ਕੀਤਾ। ਸੁਜਾਨ ਸਿੰਘ ਦੀ ਪੇਂਟਿੰਗ ਪਤਾ ਨਹੀਂ ਉਹਨੇ ਕਿਸੇ ਰਸਾਲੇ ਜਾਂ ਅਖ਼ਬਾਰ ਤੋਂ ਕੱਟ ਕੇ ਫਰੇਮ ਕਰਾਈ ਕਰਾਈ ਸੀ। ਅੱਧ ਨੰਗੀ ਕੁੜੀ ਪਰੀਆਂ ਵਰਗਾ ਬਾਣਾ ਪਾ ਕੇ ਨੱਚਦੀ ਪਈ ਹਾ। ਪਿੱਛੇ ਸੱਤ ਰੰਗੀ ਵਾਦੀ ਦੇ ਚਸ਼ਮੇ ਤੇ ਪਖੇਰੂ ਵੀ ਨੱਚਦੇ ਜਾਪਦੇ ਹਾਨ। ਪਹਿਲਾਂ ਉਹ ਸਾਫ਼ੀ ਨਾਲ ਉਹਨੂੰ ਪੂੰਝਣ ਲੱਗਾ ਵੱਤ ਉਹਦੇ ਮਨ ਵਿਚ ਆਇਆ ਸਗਵੀਂ ਸ਼ਹਿਜ਼ਾਦੀ ਤੇ ਉਹਨੇ ਟਿਸ਼ੂ ਨਾਲ ਫਰੇਮ ਚਮਕਾ ਦਿੱਤਾ ਜਿਵੇਂ ਅੱਜ ਈ ਖਰੀਦੀ ਹੋਵੇ। ਉਹਨੇ ਨਵੀਂ ਪੈਂਟ ਸ਼ਰਟ ਕੱਢੀ ਤੇ ਉਹਦੀਆਂ ਤੈਹਵਾਂ ਉੱਤੇ ਇਸਤਰੀ ਕਰਨ ਦਾ ਸੋਚਿਆ। ਵੱਤ ਪਤਾ ਨਹੀਂ ਉਹਨੂੰ ਕੀ ਸੁੱਝੀ ਤੇ ਉਹਨੇ ਧੋਬੀ ਨੂੰ ਵਾਜ ਦਿੱਤੀ, "ਇਹ ਤੈਹਵਾਂ ਭੰਨ ਦੇਵੀਂ।" ਇਸਤਰੀ ਦਾ ਸਵਿੱਚ ਕੱਢ ਕੇ ਟੇਪ ਦਾ ਲਾ ਦਿੱਤਾ—

ਚਰਖ਼ਾ ਮੇਰਾ ਰੰਗਲਾ ਵਿਚ ਸੋਨੇ ਦੀਆਂ ਮੇਖਾਂ,
ਵੇ ਮੈਂ ਤੈਨੂੰ ਯਾਦ ਕਰਾਂ ਜਦ ਚਰਖੇ ਵੱਲ ਵੇਖਾਂ।

ਕਈ ਵਾਰੀ ਉਹ ਗੀਤ ਸੁਣ ਕੇ ਉਹ ਟਾਈ ਬਾਰੇ ਸੋਚਣ ਲੱਗ ਪਿਆ। ਟਾਈਆਂ ਵੀ ਤਾਂ ਝੂੰਗੇ ਵਿਚੋਂ ਦੋ ਈ ਹਾਨ ਤੇ ਸਾਰੀਆਂ ਸ਼ਰਟਾਂ ਉੱਤੇ ਫਬਦੀਆਂ ਹਨ। ਵੱਤ ਉਹਨੇ ਕੋਰੀ ਟਾਈ ਬੰਨ੍ਹਣ ਦਾ ਫ਼ੈਸਲਾ ਕਰ ਲਿਆ। ਦੂਜੀ ਟਾਈ ਉਹ ਪਹਿਲੇ ਦਿਨ ਈ ਯੂਨੀਵਰਸਿਟੀ ਬੰਨ੍ਹ ਕੇ ਗਿਆ ਹਾਈ। ਕੰਟੀਨ ਬੰਦ ਹੋਵਣ ਤੋਂ ਪਹਿਲਾਂ ਉਹਨੇ ਰਾਤ ਦੀ ਅਖ਼ੀਰਲੀ ਚਾਹ ਦਾ ਆਰਡਰ ਦਿੱਤਾ ਤੇ ਟੇਬਲ ਲੈਂਪ ਆਨ ਕਰ ਦਿੱਤਾ। ਮੋਦੇ ਨੇ ਝਾਤੀ ਮਾਰਦਿਆਂ ਆਖਿਆ, "ਓ ਖ਼ੈਰਾਂ ਅਸਾਡੇ ਚਿੜੇ ਦੀਆਂ। ਅੱਜ ਤਾਂ ਆਹਲਣੇ ਵਿਚ ਬਹਾਰਾਂ ਆਈਆਂ ਹਨ।" ਚਿੜਾ ਉਹਦੀ ਗੱਲ ਵੱਲ ਧਿਆਨ ਦਿੱਤੇ ਬਿਨਾਂ 'ਕਲਚਰਲ ਐਨਥਰੋਪੋਲੋਜੀ' ਦੇ ਵਰਕੇ ਥੱਲਣ ਲੱਗ ਪਿਆ। ਨਹੀਂ ਅੱਜ 'ਸ਼ਰੀਂਹ ਦੇ ਫੁੱਲ' ਪੜ੍ਹਨੀ ਚਾਹੀਦੀ ਹੈ। 'ਸਾਵੇ ਪੱਤਰ' ਤਾਂ ਰਿਆਜ਼ ਅਜੇ ਨਹੀਂ ਮੋੜੀ। ਉਹਦਾ ਧਿਆਨ ਸਾਹਵੇਂ ਟੰਗੀ ਸੁਜਾਨ ਸਿੰਘ ਦੀ ਪੇਂਟਿੰਗ ਵੱਲ ਗਿਆ। ਉਹਦੇ ਮੂੰਹੋਂ ਅਚਨਚੇਤ ਕੋਹਕਾਫ ਨਿਕਲ ਗਿਆ। ਕੋਹਕਾਫ਼ ਕਿਵੇਂ ? ਸੀਜ਼ਾਨ, ਕਬਾਨਾ ਹੋਟਲ ਵੀ ਤਾਂ...ਫੇਰ ਉਹਨੇ ਬਟੂਏ ਉੱਤੇ ਮਾੜਾ ਜਿਹਾ ਹੱਥ ਫੇਰਿਆ ਤੇ ਆਰਡਰ ਦੇ ਦਿੱਤਾ। ਉਹਦੇ ਜੁੱਸੇ ਦੀ ਸੁਗੰਧ ਤੋਂ ਚਿੜਾ ਨਸ਼ਿਆ ਜਿਹਾ ਗਿਆ। ਸ਼ਹਿਜ਼ਾਦੀ ਜਿਵੇਂ ਉਹਦੇ ਮਨ ਦੀ ਸਾਰੀ ਪੜ੍ਹ ਲਈ ਹੋਵੇ। ਕੇਡਾ ਪਿਆਰਾ ਨਾਂ ਹੈ ਚਿੜਾ ਤੇ ਹੋਟਲ ਦੇ ਨਿੰਮ੍ਹੇ ਨਿੰਮ੍ਹੇ ਚਾਨਣ ਵਿਚ ਚਿੜੇ ਨੇ ਹਯਾਤੀ ਵਿਚ ਪਹਿਲੀ ਵਾਰੀ ਅਮ੍ਰਿਤ ਦਾ ਘੁੱਟ ਭਰਿਆ। ਕੰਟੀਨ ਦੇ ਨਿੱਕੇ ਚਾਹ ਅੱਗੇ ਰੱਖ ਦਿੱਤੀ। "ਲਓ ਭਾਈ ਜਾਨ ਚਿੜੇ। ਭਾਂਡੇ ਬਾਹਰ ਰੱਖ ਦਿੱਤੇ ਕਰੋ। ਅਸਾਨੂੰ ਧੰਮੀ ਸਾਝਰੇ ਇਹਨਾਂ ਦੀ ਲੋੜ ਪੈਂਦੀ ਹੈ। ਤੁਸਾਨੂੰ ਜਗਾਈਏ ਤਾਂ ਤੁਸੀਂ ਗ਼ੁੱਸੇ ਹੁੰਦੇ ਓ।"

ਚਿੜਾ ਅੱਜ ਸਵੇਲੇ ਈ ਜਾਗ ਗਿਆ। ਵਾਲ ਵਾਹ ਕੇ ਟਾਈ ਦੀ ਨਾਟ ਨੂੰ ਕੱਸਿਆ। ਪੈਂਟ, ਸ਼ਰਟ, ਬੂਟ, ਬੈਲਟ ਤੇ ਟਾਈ ਦੀ ਮੈਚਿੰਗ ਉੱਤੇ ਮਤਮਈਨ ਜਿਹਾ ਹੋ ਕੇ ਉਹਨੇ ਦੋਈ ਵਾਰੀ ਬੂਟ ਦਾ ਤਸਮਾ ਕੱਸਿਆ, "ਬੱਸ ਨਾਂ ਆਲੋਂ ਈ ਮਾਰ ਖਾਨਾ ਹਾਂ।' ਸ਼ੀਸ਼ੇ ਵੱਲ ਵੇਖਦਿਆਂ ਉਹਨੇ ਵਿਰਸੀ ਕੱਢ ਕੇ ਆਖਿਆ, "ਏਸ ਮੋਜ਼ੀ ਮਜ਼ਹਰ ਦੀ...।" ਮਜ਼ਹਰ ਚਿੜੇ ਦਾ ਜਿਗਰੀ

ਯਾਰ ਹਾਈ ਤੇ ਦੋਵੇਂ ਯਾਰਵੀਂ ਤੋਂ ਚੌਧਵੀਂ ਤੀਕਰ ਰਲੇ ਪੜ੍ਹਦੇ ਰਹੇ। ਚਿੜੇ ਹੋਰਾਂ ਦਾ ਯਾਰਵੀਂ ਵਿਚ ਇਹ ਕੰਮ ਹੁੰਦਾ ਹਾਈ ਕਿ ਅੰਗਰੇਜ਼ੀ ਦੇ ਪੀਰੀਅਡ ਵਿਚ ਤਿੰਨ ਚਾਰ ਸੱਜਣਾਂ ਦੀ ਪਰਾਕਸੀ ਲਵਾਣੀ ਤੇ ਪਿਛਲੇ ਬੂਹਿਓਂ ਖਿਸਕ ਜਾਵਣਾ। ਚਿੜੇ ਤੇ ਉਹਦੇ ਬਾਕੀ ਟੀਮ ਦੇ ਰੋਲ ਨੰਬਰ ਇਕੱਠੇ ਈ ਹਾਨ। ਉਹ ਵਾਜ ਬਦਲਾ ਕੇ ਏਸਰਾਂ ਹਾਜ਼ਰੀ ਬੋਲਦਾ ਕਿ ਨਾਲ ਦੇ ਬੈਂਚ ਵਾਲੇ ਨੂੰ ਵੀ ਸ਼ੱਕ ਨਾ ਪੈਂਦਾ। ਇਹ ਪੰਡ ਚਿੜਾ ਈ ਚਾ ਸਕਦਾ ਹਾਈ। ਇਕ ਦਿਨ ਚਿੜੇ ਹੋਰੀਂ ਕੰਮ ਵਿਖਾ ਕੇ ਖਿਸਕਣ ਲੱਗੇ ਤੇ ਮਜ਼ਹਰ ਨੇ ਪਿੱਛੋਂ ਚੋਲਾ ਫੜ ਲਿਆ। ਚਿੜੇ ਆਪਣੇ ਵੱਲ ਖਿੱਚਿਆ। ਮਜ਼ਹਰ ਨੇ ਚੋਲਾ ਛੱਡ ਦਿੱਤਾ। ਚਿੜਾ ਤਾਕ ਵਿਚ ਜਾ ਵੱਜਿਆ। ਕਲਾਸ ਰੂਮ ਵਿਚ ਚੁੱਪ ਵਰਤ ਗਈ। ਪ੍ਰੋਫ਼ੈਸਰ ਨੇ ਲਾਲ ਪੀਲਿਆਂ ਹੋ ਕੇ ਪੁੱਛਿਆ, "ਕੀ ਗੱਲ ਹੈ ?" ਮਜ਼ਹਰ ਨੇ ਦੱਸਿਆ, "ਪੱਖੇ ਵਿਚ ਚਿੜਾ ਵੱਜਾ ਹੈ।"

ਛੁੱਟੀ ਵੇਲੇ ਬਾਰਵ੍ਹੀਂ ਦੇ ਹਿੱਕ ਮੁੰਡੇ ਉਹਨੂੰ ਚਿੜਾ ਆਖ ਦਿੱਤਾ। ਉਹਨੇ ਲਾਟੂ ਚਾਲ ਚੱਲ ਕੇ ਤੇ ਲੱਤਾਂ ਵਿਚੋਂ ਫੜ ਕੇ ਓਸ ਮੁੰਡੇ ਨੂੰ ਭੌਂ ਉੱਤੇ ਚਾ ਮਾਰਿਆ। ਮੁੰਡਿਆਂ ਚਿੜੇ ਨੂੰ ਮੋਢੇ ਉੱਤੇ ਚੁੱਕ ਕੇ 'ਚਿੜੇ ਪਹਿਲਵਾਨ' ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਚਿੜਾ ਇਕ ਦੋ ਵਾਰੀਂ ਨਾਅਰਿਆਂ ਉੱਤੇ ਵਟਿਆ ਪਰ ਗੱਲ ਨਾ ਬਣੀ। ਉਹਦੇ ਘਰ ਅਪੜਨ ਤੋਂ ਪਹਿਲਾਂ ਈ ਜਿਵੇਂ ਕਿਸੇ ਪੂਰੇ ਸ਼ਹਿਰ ਵਿਚ 'ਚਿੜੇ' ਦਾ ਹੋਕਾ ਦੇ ਦਿੱਤਾ ਹੋਵੇ। 'ਮਜ਼ਹਰ ਹਰਾਮਦਿਆ ਮੁੰਡਿਆਂ ਵਿਚ ਤਾਂ ਖ਼ੈਰ ਹਾਈ ਪਰ ਕੁੜੀਆਂ ਵਿਚ...।" ਉਹਨੇ ਮਨ ਹੀ ਮਨ ਵਿਚ ਆਖਿਆ ਤੇ ਫੇਰ ਕਾਹਲੀ ਨਾਲ ਡੀਪਾਰਟਮੈਂਟ ਆਲ ਟੁਰ ਗਿਆ।

ਚਿੜਾ ਯੂਨੀਵਰਸਿਟੀ ਟਾਈਮ ਤੋਂ ਠੀਕ ਹਿੱਕ ਘੰਟਾ ਪਹਿਲਾਂ ਗੇਟ ਉੱਤੇ ਅੱਪੜ ਗਿਆ। ਬਾਗ਼ ਤੋਂ ਪਰਤਦੇ ਇਕ ਰੀਟਾਇਰਡ ਜੱਜ ਨੇ ਚਿੜੇ ਨੂੰ ਵੇਖਿਆ ਤੇ ਪਰਤ ਕੇ ਥਾਪੜ ਦਿੱਤਾ, "ਸ਼ਾਵਾਸ਼ੇ ਜਵਾਨ, ਕਾਲਜ ਲਾਈਫ਼ ਵਿਚ ਜਦੋਂ ਅਸੀਂ ਹਫ਼ਤਾ ਸਜ਼ਾਈ ਮਨਾਉਂਦੇ ਸਾਂ ਤਾਂ ਮੈਂ ਦੋ ਘੰਟੇ ਪਹਿਲਾਂ ਅੱਪੜਦਾ ਸਾਂ।' ਚਿੜਾ ਪੱਚੀ ਹੋ ਕੇ ਗੇਟ ਦੇ ਅੰਦਰ ਖਿਸਕ ਗਿਆ। ਹੁਣ ਕੁਝ ਆਵਾਜਾਈ ਸ਼ੁਰੂ ਹੋ ਗਈ। ਸ਼ਹਿਜ਼ਾਦੀ ਪੀਰੀਅਡ ਤੋਂ ਪੰਜ ਮਿੰਟ ਪਹਿਲਾਂ ਈ ਅੱਪੜੀ। ਉਹਦੇ ਫ਼ੋਨ ਉੱਤੇ ਤਰਲਿਆਂ ਨੇ ਚਿੜੇ ਨੂੰ ਸ਼ੇਰ ਕਰ ਦਿੱਤਾ। ਹੁਣ ਉਹ ਕੁਝ ਕੁਝ ਆਪਣਾ ਹੱਕ ਸਮਝਣ ਲੱਗ ਪਿਆ। ਚਿੜੇ ਨੇੜੇ ਜਾ ਕੇ ਸਲਾਮ ਕੀਤਾ। ਸ਼ਹਿਜ਼ਾਦੀ ਦੱਸਿਆ, "ਅੱਜ ਅਸਾਡਾ ਹੋਸਟਲ ਦਾ ਫੰਕਸ਼ਨ ਹੈ। ਮੈਂ ਕੁਝ ਲੋੜੀਂਦੀਆਂ ਸ਼ੈਵਾਂ ਲੈ ਕੇ ਪਰਤ ਜਾਵਾਂਗੀ, ਸ਼ਾਬਾਸ਼ ਵੀਰਾ! ਕਲਾਸਾਂ ਅਟੈਂਡ ਕੀਤੀਆਂ ਕਰ।" ਇਹ ਸ਼ਫ਼ਕਤ ਚਿੜੇ ਨੂੰ ਆਰੇ ਵਾਂਗ ਚੀਰ ਗਈ।

ਪ੍ਰੋਫ਼ੈਸਰ ਤਿਰਮਜ਼ੀ ਦੱਸ ਰਹੇ ਹਾਨ ਇਹ ਅਸਾਡੀ ਤਾਰੀਖ ਦਾ ਸੁਨਹਿਰੀ ਜ਼ਮਾਨਾ ਹਾਈ। ਉਦੋਂ ਸ਼ੇਰ ਤੇ ਬੱਕਰੀ ਰਲੇ ਪਾਣੀ ਪੀਂਦੇ ਹਾਨ। "ਐਕਸਕਿਊਜ਼ ਮੀ ਸਰ, ਸ਼ੇਰ ਨੂੰ ਡਿੱਠਿਆਂ ਈ ਬੱਕਰੀ ਦੀ ਤ੍ਰੀਹ ਮਰ ਜਾਂਦੀ ਹਾਈ।"

"ਮਿਸਟਰ ਤੇਰੇ ਸਵਾਲ ਵਿਚੋਂ ਮੈਨੂੰ ਕੁਝ ਹੋਰ ਤਰ੍ਹਾਂ ਦੀ ਬੋ ਆ ਰਹੀ ਹੈ। ਆਈਨ ਅਕਬਰੀ, ਤਾਰੀਖ਼ ਫਰਿਸ਼ਤਾ, ਤਾਰੀਖ਼ ਫ਼ਿਰੋਜ਼ ਤਬਕਾਤ ਨਾਸਰੀ ਤੇ ਸਫ਼ਰਨਾਮਾ ਅਬਨ ਬਲੂਤਾ ਵਿਚ ਕੋਈ ਅਜਿਹਾ ਵਾਕਿਆ ਮੇਰੀ ਨਜ਼ਰ ਥੱਲਿਓਂ ਨਹੀਂ ਲੰਘਿਆ ਕਿ ਸ਼ੇਰ ਨੂੰ ਡਿੱਠਿਆਂ ਕਿਸੇ ਬੱਕਰੀ ਦੀ ਤ੍ਰੀਹ ਮਰ ਗਈ ਹੋਵੇ।" ਪ੍ਰੋਫ਼ੈਸਰ ਨੇ ਐਨਕ ਸਾਫ਼ ਕਰਦਿਆਂ ਕਿਹਾ। ਚਿੜੇ ਨਿਆਣਾ ਜਿਹਾ ਮੂੰਹ ਬਣਾ ਕੇ ਆਖਿਆ, "ਸੌਰੀ ਸਰ।"

"ਮੈਂ ਦੱਸ ਰਿਹਾ ਸਾਂ, ਏਸ ਅਜ਼ੀਮ ਸਲਤਨਤ ਨੂੰ ਤਬਾਹ ਕਰਨ ਵਾਲੇ ਸੂਬੇਦਾਰ ਤੇ ਦੇਸ ਕਬੀਲੇ ਹਾਨ, ਜਿਨ੍ਹਾਂ ਨਾਦਰ ਸ਼ਾਹ ਨੂੰ ਗੁਜਰਾਤ ਤੇ ਏਮਨਾਬਾਦ ਵਿਚ ਬਿਲਾਵਜਾ ਮਛਰਾ ਦਿੱਤਾ।"



"ਓ ਜੀ ਜਿਹੜੀਆਂ ਹਜ਼ਾਰਾਂ ਸਵਾਣੀਆਂ ਖ਼ੁਦਕੁਸ਼ੀ ਕਰ ਲਈ ਹਾਈ ਉਹ ਕੀਹਦੇ ਪੇਟੇ ਪਾਓਗੇ ?"

"ਤੇਰੀ ਹਰ ਗੱਲ ਵਿਚ ਦੁਫੇੜ ਹੁੰਦਾ ਹੈ। ਇਕ ਪਾਸੇ ਤੂੰ ਆਹਨਾਂ ਹੈਂ, ਉਹਨਾਂ ਸਵਾਣੀਆਂ ਖ਼ੁਦਕੁਸ਼ੀ ਕਰ ਲਈ 'ਤੇ ਦੂਜੇ ਬੰਨੇ ਓਸ ਅਜ਼ੀਮ ਫ਼ਾਤਿਹ ਉੱਤੇ ਇਲਜ਼ਾਮ ਵੀ ਲਾਵਣਾ ਚਾਹੁੰਦਾ ਹੈਂ। ਖ਼ੁਦਕੁਸ਼ੀ ਦਾ ਮਤਲਬ ਹੁੰਦਾ ਹੈ ਆਪਣੇ ਹੱਥੀਂ ਆਪਣੇ ਆਪ ਨੂੰ ਕੋਹਣਾ।" ਪ੍ਰੋਫ਼ੈਸਰ ਤਿਰਮਜ਼ੀ ਨੇ ਆਪਣੀ ਹਿੱਕ ਮਾਤਕਦ ਸ਼ਾਗਿਰਦ ਉੱਤੇ ਫ਼ਾਤਹਾਨਾ ਨਜ਼ਰਾਂ ਪਾ ਕੇ ਗੱਲ ਅਗਾਂਹ ਟੋਰੀ, "ਇਹ ਉਹਨਾਂ ਦੀ ਆਪਣੀ ਥੋੜ੍ਹ ਦਿਲੀ ਹਾਈ ਹਾਲਾਂਕਿ ਨਜ਼ਾਮ ਅਲਮੁਲਕ ਨੇ ਕੌਮ ਨੂੰ ਖ਼ੂਨ ਖਰਾਬੇ ਤੋਂ ਬਚਾਵਣ ਦਾ ਪੂਰਾ ਬੰਦੋਬਸਤ ਕੀਤਾ ਹੋਇਆ ਹਾਈ।"

"ਓ ਜੀ ਏਥੇ ਕਿਹਨੂੰ ਮਿਲਣ ਆਇਆ ਹਾਈ ?"

"ਤੂੰ ਮੈਨੂੰ ਜ਼ਰਾ ਕਮਰੇ ਵਿਚ ਮਿਲ ਲਈਂ।" ਪ੍ਰੋਫ਼ੈਸਰ ਤਿਰਮਜ਼ੀ ਨੇ ਘੂਰੀ ਵੱਟ ਕੇ ਆਖਿਆ। "ਅਠ੍ਹਾਰਵੀਂ ਸਦੀ ਦਾ ਅਹਿਮ ਵਾਕਿਆ ਪਾਨੀਪਤ ਦੀ ਜੰਗ ਹੈ।"

ਚਿੜਾ ਰਹਿ ਨਾ ਸਕਿਆ, "ਖ਼ੈਰ ਨਾਲ ਪਹਿਲੇ ਚਾਰ ਹੱਲਿਆਂ ਵਿਚ ਜਿਹਨਾਂ ਦੇ ਗਾਟੇ ਲੱਥੇ ਉਹ ਗ਼ੈਰ ਅਹਿਮ ਹਾਨ ?"

"ਮੈਂ ਕੱਲ੍ਹ ਦੇ ਲੈਕਚਰ ਵਿਚ ਦੱਸ ਚੁੱਕਿਆ ਵਾਂ ਕਿ ਤਾਰੀਖ਼ ਆਪਣੇ ਆਪ ਨੂੰ ਦੁਹਰਾਉਂਦੀ ਹੈ ਤੇ ਉਹ ਹੱਲੇ ਵੀ ਏਸੇ ਸਿਲਸਿਲੇ ਦੀ ਕੜੀ ਹਾਨ।" ਪਹਿਲੇ ਬੈਂਚ ਉੱਤੇ ਬੈਠੇ ਰਿਆਜ਼ ਨੇ ਗੱਲ ਸਮਝੇ ਬਿਨਾਂ ਈ ਤਿਰਮਜ਼ੀ ਸਾਹਿਬ ਦੇ ਹੁੰਗਾਰੇ ਵਿਚ ਧੌਣ ਹਿਲਾ ਦਿੱਤੀ। "ਮੈਂ ਅੱਜ ਬਹੁਤ ਜ਼ਰੂਰੀ ਮੀਟਿੰਗ 'ਤੇ ਜਾਣਾ ਹੈ। ਮੇਰਾ ਇਹ ਫਰਜ਼ ਮਨਸਬੀ ਹਾਈ ਕਿ ਕਲਾਸ ਮਿਸ ਨਾ ਕਰਾਂ। ਕੱਲ੍ਹ ਏਸ ਮੌਜ਼ੂ ਉੱਤੇ ਖਲਾਰਵੇਂ ਗੱਲ ਹੋਸੀ।" ਪੜ੍ਹਿਆਰ, ਹਾਜ਼ਰੀ ਹਾਜ਼ਰੀ ਕਰਕੇ ਪਿੱਛੇ ਨੱਸ ਪਏ। "ਸ਼ਾਵਾਸ਼ੇ ਮੈਂ ਤਾਂ ਭੁੱਲ ਈ ਗਿਆ ਸਾਂ। ਛੇਤੀ ਛੇਤੀ ਹਾਜ਼ਰੀ ਬੋਲਣਾ।" ਚਿੜੇ ਦੀ ਤੰਦ ਕਿਧਰੇ ਹੋਰਥੇ ਜੁੜ ਗਈ ਤੇ ਰਜਿਸਟਰ ਉੱਤੇ ਉਹਦੀ ਗ਼ੈਰ ਹਾਜ਼ਰੀ ਲੱਗ ਗਈ।

ਡਿਪਾਰਟਮੈਂਟ ਦੇ ਚਪੜਾਸੀ ਨੇ ਚਿੜੇ ਨੂੰ ਕਲਾਸ ਰੂਮ ਵਿਚੋਂ ਬਾਹਰ ਨਿਕਲਦਿਆਂ ਹੀ ਸੁਨੇਹਾ ਦਿੱਤਾ, "ਤੁਹਾਨੂੰ ਤਿਰਮਜ਼ੀ ਸਾਹਿਬ ਯਾਦ ਕਰਦੇ ਹਨ।"

ਚਿੜਾ "ਅਲਾਊਡ ਸਰ ?" ਕਹਿ ਕੇ ਮੇਜ਼ ਦੇ ਸਾਹਵੇਂ ਖਲੋ ਗਿਆ।

ਤਿਰਮਜ਼ੀ ਸਾਹਿਬ ਮੱਥੇ ਵੱਟ ਪਾਉਂਦਿਆਂ ਆਖਿਆ, "ਮੈਂ ਸਭ ਜਾਣਦਾ ਹਾਂ ਤੇਰੇ ਪਿੱਛੇ ਕੀਹਦਾ ਹੱਥ ਹੈ ?" ਚਿੜੇ ਮੁੜ ਕੇ ਵੇਖਿਆ ਤੇ ਪਿੱਛੇ ਬੰਨੇ ਹੱਥ ਛੱਡ ਦਿੱਤੇ, "ਮੇਰਾ ਜੀ ਆਪਣਾ ਹੱਥ ਹਾਈ।"

ਪ੍ਰੋਫ਼ੈਸਰ ਤਿਰਮਜ਼ੀ ਨੇ ਖਿਝ ਕੇ ਪੁੱਛਿਆ, "ਤੇਰਾ ਦਾਖ਼ਲਾ ਕੀਹਨੇ ਕਰ ਦਿੱਤਾ ਹੈ ?"

"ਮੈਰਿਟ ਉੱਤੇ ਹੋਇਆ ਹੈ।"

"ਤੇਰਾ ਪਿਓ ਕੀ ਕਰਦਾ ਹੈ ?"

ਚਿੜੇ ਕੰਨ ਖੁਰਕ ਕੇ ਆਖਿਆ, "ਜੀ ਸਰਗੋਧੇ ਸਾਡੀ ਆਪਣੀ ਵਰਕਸ਼ਾਪ ਹੈ।" ਚਿੜੇ ਰੋਅਬ ਪਾਵਣ ਲਈ ਥੋੜ੍ਹੀ ਜਿਹੀ ਪਿਓ ਦੀ ਤਰੱਕੀ ਕਰ ਦਿੱਤੀ।

"ਵੇਖ, ਤੇਰੀ ਉਮਰ ਨਾਲੋਂ ਟੀਚਿੰਗ ਦਾ ਤਜਰਬਾ ਜ਼ਿਆਦਾ ਹੈ। ਮੈਨੂੰ ਅੱਜ ਤਾਈਂ ਕਿਸੇ ਮੁੰਡੇ ਸਵਾਲ ਨਹੀਂ ਪੁੱਛਿਆ। ਦੂਜੀ ਗੱਲ, ਤੂੰ ਬਾਦਸ਼ਾਹਵਾਂ ਦੇ ਨਾਂ ਏਸਰਾ ਲੈਨਾ ਹੈਂ ਜਿਵੇਂ ਤੇਰੇ ਨਿੱਕੇ ਭਰਾ ਹੋਣ। ਤੈਨੂੰ ਕਿਹਨੇ ਕਿਹਾ ਹੈ ਉਹ ਜ਼ਾਲਮ ਹਾਨ ?"

"ਉਹ ਜ਼ਾਲਮ ਨਾਹਨ ਜੀ ?'

'ਹਿੱਕ ਖ਼ਾਸ ਜ਼ਹਿਨੀਅਤ ਉਹਨਾਂ ਨੂੰ ਜ਼ਾਲਮ ਸਾਬਤ ਕਰਨ ਦੀ ਨਾਕਾਮ ਕੋਸ਼ਿਸ਼

ਕਰਦੀ ਰਹੀ ਹੈ। ਅਸਾਂ ਹਮੇਸ਼ ਉਹਨਾਂ ਦਾ ਮੂੰਹ ਤੋੜ ਜਵਾਬ ਦਿੱਤਾ ਹੈ।"

"ਜੀ ਉਹਨਾਂ ਨੂੰ ਤਾਂ ਮਰਿਆਂ ਵੀ ਸਦੀਆਂ ਬੀਤ ਗਈਆਂ ਹਨ। ਅਸੀਂ ਹੁਣ ਵੀ ਉਹਨਾਂ ਬਾਰੇ ਗੱਲ ਨਹੀਂ ਕਰ ਸਕਦੇ ?"

"ਮੈਨੂੰ ਮੱਤਾਂ ਦੇਂਦਾ ਹੈਂ। ਐਥੋਂ ਈ ਤਾਂ ਤੁਹਾਨੂੰ ਚਸਕਾ ਪੈਂਦਾ ਹੈ। ਕੱਲ੍ਹ ਨੂੰ ਅੱਜ ਦੇ ਹਾਕਮਾਂ ਬਾਰੇ ਵੀ ਗੱਲਾਂ ਕਰਨ ਲੱਗ ਪਵੀਂ। ਮੈਂ ਐਥੇ ਸਿਆਸਤਾਂ ਨਹੀਂ ਚੱਲਣ ਦੇਣੀਆਂ।"

"ਮੇਰਾ ਤਾਂ ਜੀ ਸਿਆਸਤ ਨਾਲ ਕੋਈ ਤਾਅਲੁਕ ਨਹੀਂ।"

"ਮੀਸਣਿਆ, ਕਲਾਸ ਵਿਚ ਤੂੰ ਹਿੱਕ ਸਵਾਲ ਵੀ ਸਿੱਧਾ ਨਹੀਂ ਕੀਤਾ।"

"ਨਹੀਂ ਜੀ! ਮੈਂ ਤਾਂ ਐਵੇਂ ਪੁੱਛਿਆ ਹਾਈ ਨਾਲੇ ਤੁਸੀਂ ਟੀ.ਵੀ. ਉੱਤੇ ਐਡੇ ਔਖੇ ਸਵਾਲਾਂ ਦੇ ਜਵਾਬ ਦੇਂਦੇ ਹੋ।" ਚਿੜੇ ਨਿੰਮ੍ਹਾ ਜਿਹਾ ਹੱਸ ਕੇ ਆਖਿਆ ਤੇ ਤਿਰਮਜ਼ੀ ਸਾਹਿਬ ਨੇ ਵੇਖ ਲਿਆ। ਪ੍ਰੋਫ਼ੈਸਰ ਤਿਰਮਜ਼ੀ ਨੇ ਪੈਂਤੜਾ ਬਦਲ ਲਿਆ, "ਪੜ੍ਹ ਕੇ ਕੀ ਕਰੇਸੇਂ ?"

"ਬੱਸ ਜੀ ਪਿਓ ਨੂੰ ਸ਼ੌਕ ਹਾਈ।"

"ਮੇਰੀ ਗੱਲ ਮੰਨ ਤੇ ਕਿਸੇ ਸਰਕਸ ਨਾਲ ਰਾਬਤਾ ਕਰ ਵੇਖ।"

"ਸਰ ਮੈਂ ਇਨਸਲਟ ਕਰਵਾਣ ਨਹੀਂ ਆਇਆ। ਬਸ ਬਹੁਤ ਹੋ ਗਈ ਹੈ।"

"ਗੈੱਟ ਆਊਟ।"

ਚਿੜੇ ਬਾਹਰ ਨਿਕਲ ਕੇ 'ਊਂਹ' ਕੀਤੀ। ਤੇਰੇ ਸਵਾਲ ਵਿਚੋਂ ਬਦਬੋ, ਤੇਰਾ ਪਿਓ ਕੀ ਕਰਦਾ ਹੈ ? ਪੜ੍ਹ ਕੇ ਕੀ ਕਰੇਸੇਂ ? ਗੈੱਟ ਆਊਟ, ਸ਼ਾਬਾਸ਼ ਵੀਰਾ, ਇਹ ਸ਼ਬਦ ਉਹਨੂੰ ਹਥੌੜਿਆਂ ਵਾਂਗ ਵੱਜ ਰਹੇ ਹਾਨ। ਉਹ ਤੁਰਦਾ ਤੁਰਦਾ ਹੋਸਟਲ ਪਰਤ ਗਿਆ।

ਉਹਨੇ ਨਿਮਾਸ਼ਾਂ ਤੀਕਰ ਨਾ ਟਾਈ ਖੋਲ੍ਹੀ ਨਾ ਹੀ ਬੂਟ ਲਾਹੇ, ਬੱਸ ਉਹ ਸਿਗਰਟਾਂ ਫੂਕੀ ਜਾਂਦੀ ਹਾਈ। ਹੁਣ ਉਹਨੂੰ ਜੰਗਲੇ ਕੋਲ ਖਲੋ ਕੇ ਆਰਡਰ ਵੀ ਨਾਹੀ ਦੇਵਣਾ ਪੈਂਦਾ। ਜਿਹੜਾ ਮੁੰਡਾ ਭਾਂਡੇ ਚੁੱਕਣ ਆਉਂਦਾ, ਉਹਨੂੰ ਹਿੱਕ ਪਿਆਲੀ ਹੋਰ ਆਖ ਦੇਂਦਾ। ਉਹਨੇ ਸੁਰਮੇ ਵਰਗੀ ਸ਼ਾਮ ਵੱਲ ਤੱਕਿਆ ਤੇ ਫੇਰ ਦਫ਼ਾ ਕਰ ਆਖ ਕੇ ਰਜਾਈ ਉੱਤੇ ਖਿੱਚ ਲਈ। ਸੂਰਜ ਕਿਸੇ ਫ਼ੌਜੀ ਵਾਂਗੂੰ ਆਪਣੀ ਡਿਊਟੀ 'ਤੇ ਗਿਆ ਹਾਈ। ਓਦੋਂ ਫ਼ਜਰੀਂ ਕਿਸੇ ਕੁੱਕੜ ਬਾਂਗ ਨਾਹੀ ਦਿੱਤੀ। ਨਾ ਚਿੜੀਆਂ ਆਹਲਣਿਆਂ ਤੋਂ ਬਾਹਰ ਨਿਕਲ ਕੇ ਚਹਿਕੀਆਂ। ਸਤਾਈ ਨੰਬਰ ਦਾ ਖੁੱਲ੍ਹਾ ਬੂਹਾ ਤੱਕ ਕੇ ਰਿਆਜ਼, ਮੂਦਾ ਤੇ ਜੈਦੀ ਗਵੇੜ ਲਾ ਰਹੇ ਹਾਨ, ਚਿੜਾ ਆਹਲਣਾ ਛੱਡ ਕੇ ਜਾਣ ਵਾਲਾ ਤਾਂ ਨਾ।

●

#ਪੰਜਾਬੀ ਵਿਭਾਗ, ਯੂਨੀਵਰਸਿਟੀ ਓਰੀਐਂਟਲ ਕਾਲਜ, ਲਾਹੌਰ
ਟੈਲੀਫ਼ੋਨ : 0092-42-9231293

**ਸ. ਗੁਰਬਚਨ ਸਿੰਘ ਭੁੱਲਰ ਨੂੰ**
ਉਹਨਾਂ ਦੇ ਕਹਾਣੀ ਸੰਗ੍ਰਹਿ
**ਅਗਨੀ ਕਲਸ਼** ਉਪਰ
ਭਾਰਤੀ ਸਾਹਿਤ ਅਕਾਦਮੀ ਪੁਰਸਕਾਰ 2005 ਮਿਲਣ 'ਤੇ
ਅਦਾਰਾ **ਚਿਰਾਗ਼** ਵੱਲੋਂ
ਮੁਬਾਰਕਾਂ



# ਆਪਣਾ ਆਪਣਾ ਦੋਜ਼ਖ਼

ਖ਼ਾਲਿਦ ਫ਼ਰਿਹਾਦ ਧਾਲੀਵਾਲ

ਬੱਚਿਆਂ ਨੂੰ ਸਕੂਲ ਟੋਰ ਕੇ ਨਾਤ੍ਹੀ ਆਂ ਤੇ ਗਿੱਲੇ ਵਾਲ ਸੁਕਾਣ ਲਈ ਹੁਣ ਧੁੱਪ ਵਿਚ ਬੈਠੀ ਹੋਈ ਆਂ। ਬੈੱਲ ਹੋਈ ਏ, ਮੈਂ ਤ੍ਰਭਕ ਗਈ ਆਂ। ਅੱਗੇ ਵੀ ਤ੍ਰਭਕ ਜਾਂਦੀ ਸੀ। ਪਰ ਕੁਝ ਦਿਨਾਂ ਤੋਂ ਇਹ ਜ਼ਿਆਦਾ ਹੋ ਗਿਆ ਹੈ।

ਗੇਟ 'ਤੇ ਗਈ ਤਾਂ ਬਾਹਰ ਦੁੱਧ ਵਾਲਾ ਸੀ। ਭਾਂਡੇ ਵਿਚ ਦੁੱਧ ਪੁਆ ਕੇ ਅੰਦਰ ਫਰਿੱਜ ਵਿਚ ਰੱਖ ਦਿੱਤਾ ਏ। ਮੁੜ ਕੁਰਸੀ 'ਤੇ ਆ ਬੈਠੀ ਆਂ।

ਦੁੱਧ ਵਾਲੇ ਦੀ ਤੱਕਣੀ ਅਜੀਬ ਸੀ। ਕਿਵੇਂ ਇਕ ਟੱਕ ਵੇਖੀ ਜਾ ਰਿਹਾ ਸੀ। ਭੁੱਖੀਆਂ ਨਜ਼ਰਾਂ ਨਾਲ। ਰੋਜ਼ ਈ ਵੇਖਦਾ ਏ ਪਰ ਮੈਨੂੰ ਏਨਾ ਡਰ ਏਹਨਾਂ ਭੁੱਖੀਆਂ ਨਜ਼ਰਾਂ ਤੋਂ ਨਹੀਂ ਆਉਂਦਾ ਜਿੰਨਾ ਹੁਣ ਵਾਹਲਾ ਸਾਹਿਬ ਦੀਆਂ ਰੱਜੀਆਂ ਨਜ਼ਰਾਂ ਤੋਂ ਆਉਣ ਲੱਗਾ ਏ।

ਮੇਰੇ ਸ਼ੌਹਰ ਦੇ ਦੋਸਤ ਨੇ ਇਹ ਵਾਹਲਾ ਸਾਹਿਬ ਤੇ ਮੇਰੇ...ਕੀ ਕਹਾਂ ? ਨਾ ਦੋਸਤ ਨੇ, ਨਾ ਸ਼ੌਹਰ...ਪਰ...।

ਫੇਰ ਤ੍ਰਭਕ ਗਈ ਆਂ। ਐਤਕੀਂ ਫ਼ੋਨ ਦੀ ਬੈੱਲ ਵੱਜੀ ਏ, ਵੱਜ ਰਹੀ ਏ। ਮੈਂ ਨਹੀਂ ਉੱਠਦੀ। ਆਪ ਈ ਬੰਦ ਹੋ ਜਾਏਗੀ। ਫ਼ੋਨ ਚੁੱਕਦੀ ਵੀ ਡਰਨੀ ਆਂ। ਵਾਹਲਾ ਸਾਹਿਬ ਦਾ ਈ ਨਾ ਹੋਵੇ।

"ਮੈਂ ਆ ਰਿਹਾ ਹਾਂ...ਬੱਚੇ ਤੇ ਨਹੀਂ ਘਰ ?" ਕਹੇਗਾ ਤੇ ਝੱਟ ਪਿੱਛੋਂ ਆਣ ਧਮਕੇਗਾ। ਉਹਨੂੰ ਰੋਕਣਾ ਚਾਹੁੰਦੀ ਵੀ ਰੋਕ ਨਹੀਂ ਸਕਦੀ ਮੈਂ।

ਕਈ ਵਾਰ ਮੈਂ ਸੋਚਦੀ ਆਂ, ਕੀ ਆਂ ਮੈਂ ਇਹਦੀ ? ਰਖੇਲ, ਮਹਿਬੂਬਾ ਜਾਂ ਤੀਵੀਂ। ਤੀਵੀਂ ਤੇ ਰਖੇਲ ਤੇ ਮੈਂ ਨਹੀਂ। ਮਹਿਬੂਬਾ ਉਹ ਸਮਝਦਾ ਹੋਵੇ ਸ਼ਾਇਦ। ਪਰ ਮਹਿਬੂਬਾ ਵੀ ਕਾਹਦੀ, ਉਹ ਤੇ ਤਦ ਹੋਵਾਂ ਜੇ ਮੈਂ ਵੀ ਸਮਝਾਂ ਆਪਣੇ ਆਪ ਨੂੰ। ਪਰ ਇਕ ਭਰਮ ਜਿਹਾ ਏ ਉਹਨੂੰ। ਏਸੇ ਭਰਮ ਦੇ ਸਿਰ ਤੇ ਰੋਸ ਵਿਖਾਵੇਗਾ ਮੈਨੂੰ। ਕਦੇ ਰੋਅਬ ਜਮਾਏਗਾ ਮੇਰੇ 'ਤੇ।

ਮੇਰਾ ਸਾਂਗਾ ਉਹਦੇ ਨਾਲ ਸਿਰਫ਼ ਗ਼ਰਜ਼ ਦਾ ਏ। ਪਤਾ ਨਹੀਂ ਉਹਦਾ ਗ਼ਰਜ਼ ਤੋਂ ਅੱਗੇ ਦਾ ਹੋਵੇ, ਜਿਵੇਂ ਉਹ ਕਹਿੰਦਾ ਵੀ ਏ। ਪਰ ਅੱਗੇ ਦਾ ਹੋਏ ਨਾ ਹੋਏ, ਮੈਨੂੰ ਫ਼ਰਕ ਨਹੀਂ ਪੈਂਦਾ।

ਏਸ ਘੜੀ ਪਲ ਦੇ ਸੁਖ ਪਿੱਛੋਂ ਮੈਨੂੰ ਦਿਨ ਭਰ ਦੀ ਚਿੰਤਾ ਭੋਗਦੇ ਹੁਣ ਤੀਜਾ ਵਰ੍ਹਾ ਏ ਤੇ ਤੀਜਾ ਈ ਵਰ੍ਹਾ ਏ ਵਲਾਇਤ ਗਏ ਮੇਰੇ ਖ਼ਾਵੰਦ ਨੂੰ।

ਵਾਹਲਾ ਸਾਹਿਬ ਜਜ਼ਬਾਤੀ ਵੀ ਏ ਕੁਝ। ਉਹ ਨਹੀਂ ਸਮਝਦਾ ਉਹਦੇ ਨਾਲ ਮੇਰਾ ਨਾਤਾ ਕੀ ਏ ? ਉਹ ਤਾਂ ਬਸ ਇਹ ਵੇਖਦਾ ਏ ਪਈ ਮੇਰੇ ਨਾਲ ਉਹਦਾ ਆਪਣਾ ਨਾਤਾ ਕੀ ਏ। ਏਹੀ ਚੀਜ਼ ਹੁਣ ਮੈਨੂੰ ਦੁਖਦੀ ਏ। ਦੁਖ ਰਹੀ ਏ। ਬੇਵਕੂਫ਼ ਬੰਦਾ ਏ ਆਪਣੇ 'ਤੇ ਕਾਬੂ ਨਹੀਂ ਰੱਖ ਸਕਦਾ। ਅਜੀਬ ਅਜੀਬ ਹਰਕਤਾਂ ਕਰੇਗਾ। ਇਕ ਦਿਨ ਫੁੱਲਾਂ ਦੇ ਗਜਰੇ ਲੈ ਆਇਆ, ਢੇਰ ਸਾਰੇ। ਦੋਵੇਂ ਵੀਣੀਆਂ ਭਰੀਆਂ ਜਾਣ ਜੇ ਪਾਵਾਂ, ਪਰ ਡਾਇਨਿੰਗ ਟੇਬਲ 'ਤੇ ਪਏ ਪਏ ਸੁੱਕ ਗਏ। ਕਦੇ ਮੇਰੇ ਜੂੜੇ ਵਿਚ ਗੁਲਾਬ ਦਾ ਫੁੱਲ ਟੰਗ ਦਏਗਾ। ਕਦੇ ਕੰਨਾਂ ਮੇਰਿਆਂ 'ਚ ਮੋਤੀਏ ਦੇ ਫੁੱਲ ਬੁੰਦਿਆਂ ਵਾਂਗ ਜੜ ਦਏਗਾ। ਇਕ ਵਾਰੀ ਮਹਿੰਦੀ ਲੈ ਆਇਆ। ਕਹੇ, 'ਇਹ ਆਪਣੇ ਹੱਥਾਂ ਪੈਰਾਂ 'ਚ ਮੈਨੂੰ ਲਾ ਕੇ ਵਿਖਾ।' ਮੈਂ ਹੱਸ ਕੇ ਕਿਹਾ, 'ਮੈਨੂੰ ਤਾਂ ਅੱਗੇ ਈ ਲੱਗੀ ਹੋਈ ਏ।' ਫੇਰ ਮੈਂ ਉਹਨੂੰ ਇਕ ਬੋਲੀ ਸੁਣਾਈ :

"ਮਹਿੰਦੀ...
ਲੱਗਦੀ ਸੁਹਾਗਣ ਨੂੰ
ਨਹੀਂ ਮਰਦੇ ਦਮਾਂ ਤਕ ਲਹਿੰਦੀ।"

ਜ਼ਿਦ ਕਰ ਗਿਆ ਉਹ। ਮੈਂ ਕੋਈ ਲਾਉਣੀ ਸੀ ? ਮੈਂ ਕਿਹਾ, 'ਲੈ ਜਾ ਆਪਣੇ ਧੌਲਿਆਂ 'ਚ ਲਾ ਲਵੀਂ।" ਗੁੱਸਾ ਕਰਕੇ ਟੁਰ ਗਿਆ। ਮੈਨੂੰ ਪਤਾ ਸੀ ਬਹੁਤੇ ਦਿਨ ਨਹੀਂ ਕੱਢ ਸਕਦਾ। ਤੀਜੇ ਦਿਨ ਈ ਫੇਰ ਆ ਢੁਕਿਆ।

ਕਦੇ ਕਦੇ ਸੋਚਦੀ ਆਂ, ਵਾਹਲਾ ਸਾਹਿਬ ਨੂੰ ਮੇਰੀ ਘੱਟ ਤੇ ਮੇਰੇ ਨਾਲ ਸਾਂਗੇ ਦੀ ਲੋਚਾ ਵੱਧ ਏ। 'ਹੁਣ ਦੂਰੀ ਨਹੀਂ ਸਹੀ ਜਾਂਦੀ।' ਕਹਿੰਦਿਆਂ ਇਕ ਦਿਨ ਰੋ ਈ ਪਿਆ। ਸੋਚਾਂ, ਮੈਂ ਤੇ ਇਹਦੇ ਘੜੇ ਦੀ ਮੱਛੀ ਆਂ। ਫੇਰ ਇਹਨੂੰ ਦੂਰੀ ਕਾਹਦੀ ? ਵੇਖਾਂ ਤਾਂ ਦੂਰੀ ਜਾਪੇ ਏਹੀ ਰਿਸ਼ਤੇ ਸਾਂਗੇ ਦੀ।

ਕਾਮ ਰਸ ਦੇ ਆਧਾਰ 'ਤੇ ਉਸਾਰਿਆ ਸਾਡਾ ਇਹ ਸਾਂਗਾ ਇਕ ਦੂਜੇ ਲਈ ਸ਼ੌਹਰ ਤੀਵੀਂ ਦਾ ਬਦਲ ਨਹੀਂ ਹੋ ਸਕਦਾ। ਏਸ ਗੱਲ ਤੋਂ ਸੁਚੇਤ ਆਂ ਅਸੀਂ। ਇਹਦਾ ਏਹੀ ਪੱਖ ਦੁਖਦਾਈ ਏ ਦੋਨਾਂ ਲਈ। ਇਕੱਠੇ ਰਹਿ ਕੇ ਇਕੱਠੇ ਹੋਣ ਦਾ ਜਵਾਜ਼ ਨਾ ਹੋਣਾ ਵਾਹਲਾ ਸਾਹਿਬ ਦਾ ਨਰਕ ਏ। ਤੇ ਇਕੱਠੇ ਰਹਿਣ ਦਾ ਜਵਾਜ਼ ਹੋ ਕੇ ਵੀ ਇਕੱਠੇ ਨਾ ਰਹਿਣਾ ਮੇਰਾ ਨਰਕ ਏ। ਇਹ ਹੈ ਸਾਡੇ ਦੋਹਾਂ ਦਾ ਆਪਣਾ ਆਪਣਾ ਦੋਜ਼ਖ਼, ਜੀਹਦੇ ਵਿਚ ਮੈਂ ਤੇ ਵਾਹਲਾ ਸਾਹਿਬ ਪਏ ਸੜਦੇ ਆਂ।

'ਤੇਰੇ ਕੋਲੋਂ ਮਿਲਦੇ ਏਸ ਘੜੀ ਪਲ ਦੇ ਸੁਖ ਮੈਨੂੰ ਧੁਰੋਂ ਦੁਖੀ ਕਰਨਾ ਏ।' ਕਹਿੰਦੇ ਹੋਇਆਂ ਉਹ ਅਕਸਰ ਗੰਭੀਰ ਹੋ ਜਾਂਦਾ ਏ। ਧੁਰ ਅੰਦਰ ਉਹਦਾ ਦੁੱਖ ਕੀ ਏ ? ਮੈਂ ਜਾਣਦੀ ਆਂ। ਦੁੱਖ ਉਹਦਾ ਇਹ ਹੈ ਕਿ ਸਾਡੇ ਵਿਚ ਸਦੀਵੀ ਸਾਂਝ ਕਿਉਂ ਨਹੀਂ ਪਸਰ ਜਾਂਦੀ। ਉਹ ਤਾਂ ਹੋਇਆ ਰੰਡਾ, ਪਤਨੀ ਬਾਹਰਾ, ਇੰਜ ਦਾ ਸੋਚ ਸਕਦਾ ਏ। ਪਰ ਮੈਂ ਪਾਗਲ ਆਂ ਜੋ ਏਸਰਾਂ ਦਾ ਸੋਚਾਂ ?

ਮੇਰੀ ਪਿਛਲੀ ਸਾਲਗ੍ਰਿਹ ਤੇ ਮੈਨੂੰ ਉਹਨੇ ਤੋਹਫ਼ੇ ਵਿਚ ਕਿਤਾਬ ਦਿੱਤੀ ਸੀ। ਉਹਦੇ ਪਹਿਲੇ ਸਫ਼ੇ 'ਤੇ ਉਹਨੇ ਖੁਸ਼ਬੂ ਵਾਲੀ ਪੈਨਸਿਲ ਨਾਲ ਜਿਹੜਾ ਸ਼ੇਅਰ ਲਿਖਿਆ ਸੀ ਉਹ ਅੱਜ ਵੀ ਯਾਦ ਏ ਮੈਨੂੰ—

ਅਸੀਂ ਹਾਂ ਇਕ ਵਰਕ ਦੇ ਦੋ ਹਿੱਸੇ ਕੈਸਾ ਮੁਕੱਦਰ
ਜੁਦਾ ਵੀ ਹਾਂ, ਇਕੱਠੇ ਵੀ ਹਾਂ ਏਸ ਜੀਵਨ 'ਚ ਆ ਕੇ।

'ਮੈਨੂੰ ਲੱਗਦਾ ਏ ਜਿਵੇਂ ਮੈਂ ਨਰਕ ਭੋਗ ਰਹੀ ਆਂ।' ਹਉਕਾ ਭਰ ਕੇ ਮੈਂ ਵੀ ਕਹਿੰਦੀ ਆਂ ਪਰ ਕਿਹੜੇ ਰੰਗ ਵਿਚ ਇਹ ਜਾਣੇ ਸਮਝੇ ਬਗ਼ੈਰ ਈ ਸੁਣ ਕੇ ਉਹ ਖੁਸ਼ ਹੋ ਜਾਂਦਾ ਏ।



ਨਰਕ ਈ ਤੇ ਭੋਗ ਰਹੀ ਆਂ। ਚੋਰ ਬਣੀ ਫਿਰਦੀ ਆਂ। ਹਰ ਵੇਲੇ ਇਕ ਧੁੜਕੂ ਬਦਨਾਮੀ ਦਾ...ਤੇ ਨਿੱਕੇ ਨਿੱਕੇ ਖੜਾਕ ਤੋਂ ਤ੍ਰਭਕ ਜਾਣਾ।

ਲੋਕਾਂ ਦੀ ਫਿਟਕਾਰ ਤੋਂ ਬਚਦੀ ਸੀ, ਆਪਣਾ ਆਪ ਫਿਟਕਾਰਾਂ ਪਾਉਂਦਾ ਏ ਮੈਨੂੰ। ਉਹਦੇ ਨਾਲ ਖੇਹ ਖਾ ਕੇ ਉੱਠੀ ਸ਼ੀਸ਼ੇ ਸਾਹਵੇਂ ਨਹੀਂ ਹੋ ਸਕਦੀ।

ਭਾਵੇਂ ਏਸ ਘਰ ਵਿਚ ਵਾਹਲਾ ਸਾਹਬ ਮੇਰੇ ਖਾਵੰਦ ਦੀ ਮੌਜੂਦਗੀ ਵਿਚ ਵੀ ਆਉਂਦਾ ਰਿਹਾ ਏ ਉਹਦੇ ਦੋਸਤ ਵਜੋਂ, ਪਰ ਉਦੋਂ ਗੱਲ ਕੁਝ ਹੋਰ ਸੀ। ਤੀਵੀਂ ਉਹਦੀ ਜਿਊਂਦੀ ਸੀ ਅਜੇ ਤੇ ਸ਼ੌਹਰ ਵੀ ਮੇਰਾ ਮੌਜੂਦ ਸੀ ਏਥੇ। ਕੋਈ ਰੋਕ ਨਹੀਂ ਸੀ ਉਹਨੂੰ। ਰੋਕਦਾ ਤਾਂ ਹੁਣ ਵੀ ਕੋਈ ਨਹੀਂ ਉਹਨੂੰ। ਬਾਲ ਮੇਰੇ ਖੁਸ਼ ਨੇ ਉਹਦੇ ਤੋਂ, ਪਰ ਮੈਂ ਈ ਡਰਨੀ ਆਂ।

ਜਦੋਂ ਦਾ ਵਲਾਇਤ ਤੋਂ ਸ਼ੌਹਰ ਦਾ ਫ਼ੋਨ ਆਇਆ ਏ ਬਹੁਤਾ ਈ ਡਰਨ ਲੱਗ ਪਈ ਆਂ। ਅਗਲੇ ਹਫ਼ਤੇ ਪਹੁੰਚ ਰਹੇ ਨੇ ਉਹ। ਮੈਂ ਹੁਣ ਸੋਚ ਰਹੀ ਆਂ, ਵਾਹਲਾ ਸਾਹਬ ਨੂੰ ਮਨ੍ਹਾਂ ਕਰ ਦਿਆਂ। ਹਟਕ ਦਿਆਂ ਉੱਕਾ ਕਿ ਆਇਆ ਈ ਨਾ ਕਰਨ ਏਥੇ। ਬੱਚਿਆਂ ਦੀ ਮੌਜੂਦਗੀ ਵਿਚ ਵੀ ਨਹੀਂ।

ਬੱਚੇ ਬਹੁਤ ਖੁਸ਼ ਨੇ ਪਿਓ ਆਪਣੇ ਦੇ ਆਉਣ ਦੀ ਖ਼ਬਰ ਸੁਣ ਕੇ। ਮੈਨੂੰ ਈ ਕੁਝ ਹੋ ਗਿਆ ਲੱਗਦਾ ਏ। ਸੁਭਾਅ ਮੇਰੇ 'ਚ ਫ਼ਰਕ ਪੈਂਦਾ ਜਾ ਰਿਹਾ ਏ। ਘੁੱਟੀ ਵੱਟੀ ਜਿਹੀ ਰਹਿਣ ਲੱਗ ਪਈ ਆਂ। ਵਾਹਲਾ ਸਾਹਿਬ ਵੀ ਇਹ ਗੱਲ ਨੋਟ ਕੀਤੀ ਏ। ਉਹ ਅੰਦਰੋਂ ਖੁਸ਼ ਏ ਮੈਨੂੰ ਇੰਜ ਵੇਖ ਕੇ।

ਏਸੇ ਹਾਲਤ 'ਚ ਈ ਬੈਠੀ ਹੋਈ ਸੀ ਕੱਲ੍ਹ। ਵਾਹਲਾ ਸਾਹਿਬ ਵੀ ਕੋਲ ਈ ਸੀ।

"ਦੁਖੀ ਕਿਉਂ ਹੁੰਦੀ ਏਂ।" ਮੈਨੂੰ ਚੁੱਪ ਬੈਠੀ ਨੂੰ ਕਹਿਣ ਲੱਗਾ। "ਇਕ ਮਹੀਨਾ ਈ ਤੇ ਛੁੱਟੀ ਏ ਉਹਦੀ। ਚਲਾ ਜਾਏਗਾ ਫੇਰ...।"

ਆਪਣੀ ਇਕ ਅੱਖ ਮੀਟ ਕੇ ਉਹ ਮੁਸਕਰਾਇਆ ਤਾਂ ਬੜਾ ਈ ਭੱਦਾ ਲੱਗਿਆ ਪਰ ਆਪਣਾ ਹਉਕਾ ਅੰਦਰ ਈ ਡੱਕ ਲਿਆ ਮੈਂ।

●

#ਮਾਰਫ਼ਤ : ਮੁਸ਼ਤਾਕ ਅਹਿਮਦ ਕੁਰੈਸ਼ੀ, ਮੁਹੱਲਾ ਸੱਯਦਾਂ, ਪਸਰੂਰ, ਜ਼ਿਲ੍ਹਾ ਸਿਆਲਕੋਟ
ਟੈਲੀਫ਼ੋਨ : 052-6441361

ਪੰਜਾਬੀ ਮਾਂ ਬੋਲੀ ਦੇ ਵਿਕਾਸ ਨੂੰ ਸਮਰਪਤ

**ਅਜੰਤਾ ਪਬਲਿਕ ਸਕੂਲ**

ਦਿਆਲਪੁਰਾ (ਅੰਮ੍ਰਿਤਸਰ)

★

ਨਰਸਰੀ ਤੋਂ ਦਸਵੀਂ ਤਕ
(ਪੰਜਾਬੀ ਮਾਧਿਅਮ)

**ਕਰਮ ਸਿੰਘ ਹੁੰਦਲ**
ਡਾਇਰੈਕਟਰ

# – ਇਕ ਸੁਰ

ਕਰਾਮਤ ਅਲੀ ਮੁਗ਼ਲ –

ਉਹਨੂੰ ਆਪਣੀ ਕਜ਼ਨ ਮੀਨਾ ਨਿੱਕੇ ਹੁੰਦਿਆਂ ਤੋਂ ਈ ਬੜੀ ਚੰਗੀ ਲੱਗਦੀ ਸੀ। ਉਹ ਆਪ ਵੀ ਚਿੱਟਾ ਗੋਰਾ ਸੀ। ਉੱਚਾ ਲੰਮਾ ਕੱਦ। ਪੰਝੀ ਵਰ੍ਹਿਆਂ ਦੀ ਉਮਰ ਵਿਚ ਵੀ ਭਰ ਕੇ ਦਾੜ੍ਹੀ ਨਹੀਂ ਆਈ ਸੀ। ਰਿਸ਼ਤੇ ਵਿਚ ਮੀਨਾ ਉਹਦੀ ਖਾਲਾ ਦੀ ਧੀ ਸੀ ਜਿਸ ਕਰਕੇ ਬੜੀ ਸੌਖਤ ਨਾਲ ਦੋਹਾਂ ਦਾ ਰਿਸ਼ਤਾ ਹੋ ਗਿਆ। ਦੋਹਾਂ ਨੂੰ ਵਿਆਹ ਬਾਅਦੋਂ ਆਪਣੇ ਖ਼ੂਬਸੂਰਤ ਹੋਣ ਦਾ ਬਹੁਤਾ ਹੀ ਯਕੀਨ ਹੋ ਗਿਆ। ਇਕ ਮਹੀਨੇ ਤਕ ਤੇ ਹਨੀਮੂਨ ਈ ਹੁੰਦਾ ਰਿਹਾ। ਕਦੀ ਸ਼ਮਾਲੀ ਇਲਾਕੇ ਤੇ ਕਦੀ ਕਿਸੇ ਹੋਰ ਸ਼ਹਿਰ ਨੂੰ ਦੇਖਣ ਦਾ ਬਹਾਨਾ ਉਹਨਾਂ ਕੋਲ ਸੀ। ਮਾਂ, ਪਿਉ, ਦਾਦਾ ਚੰਗੇ ਭਲੇ ਸਨ ਇਸ ਲਈ ਉਹਨਾਂ ਦੀ ਮਰਜ਼ੀ ਨੂੰ ਬਰਦਾਸ਼ਤ ਕਰ ਸਕਦੇ ਸਨ। ਉਂਜ ਵੀ ਮੀਨਾ ਦਾ ਖਾਵੰਦ 'ਕੱਲਾ 'ਕੱਲਾ ਈ ਭਰਾ ਸੀ। ਉਹਦੀਆਂ ਦੋ ਭੈਣਾਂ 'ਚੋਂ ਇਕ ਵੱਡੀ ਵਿਆਹੀ ਹੋਈ ਸੀ। ਦੂਜੀ ਹਾਲੇ ਮੈਟਰਿਕ ਕਰ ਰਹੀ ਸੀ। ਵੇਲਾ ਕਟੀਚੀ ਹੋਈ ਪਤੰਗ ਵਾਂਗ ਤੇਜ਼ ਹਵਾ ਵਿਚ ਸੀ।

ਮੀਨਾ ਘਰ ਹੁੰਦੀ ਤੇ ਸੱਸ ਉਹਦੀ ਨੂੰ ਇਕ ਚਾਅ ਚੜ੍ਹ ਜਾਂਦਾ। ਮੀਨਾ ਦੇ ਖਾਵੰਦ ਕਾਸਮ ਨੇ ਵੀ ਆਪਣੇ ਪਿਓ ਨਾਲ ਮਠਿਆਈ ਤੇ ਬੇਕਰੀ ਦੀ ਦੁਕਾਨ 'ਤੇ ਜਾਣਾ ਸ਼ੁਰੂ ਕਰ ਦਿੱਤਾ। ਉਹਨਾਂ ਦੀ ਦੁਕਾਨ ਵੀ ਪੂਰੇ ਬਾਜ਼ਾਰ ਵਿਚ ਵੱਡੀ ਦੁਕਾਨ ਸੀ। ਦੋ ਦੁਕਾਨਾਂ ਨੂੰ ਸਾਂਝਾ ਕਰਕੇ ਇਕ ਦੁਕਾਨ ਬਣਾਈ ਹੋਈ ਸੀ। ਚਾਰ ਮਹੀਨੇ ਬਾਅਦੋਂ ਮੀਨਾ ਦਾ ਪੈਰਾ ਭਾਰਾ ਹੋ ਗਿਆ ਤੇ ਘਰ ਵਿਚ ਇਕ ਜਸ਼ਨ ਹੋਣ ਲੱਗਾ। ਉਸਦੇ ਖਾਵੰਦ ਨੇ ਨਵੀਂ ਹਾਂਡਾ ਕਢਾ ਲਈ ਕਿਉਂ ਜੇ ਹੁਣ ਮੀਨਾ ਤੇ ਆਵਣ ਵਾਲੇ ਜੀਅ ਦੀ ਫ਼ਿਕਰ ਉਹਦੇ ਤੋਂ ਵਧ ਹੋਰ ਕਿਹਨੂੰ ਹੋ ਸਕਦੀ ਸੀ ? ਮੀਨਾ ਨੂੰ ਤੇ ਸੱਸ ਨੇ ਪੂਰੀ ਤਰ੍ਹਾਂ ਡੱਕ ਦਿੱਤਾ ਸੀ ਕਿ ਉਹ ਸਾਲ ਤਕ ਹੁਣ ਕੋਈ ਕੰਮ ਨਹੀਂ ਕਰੇਗੀ। ਪਹਿਲਾਂ ਵੀ ਉਹ ਉਹਨੂੰ ਕੰਮ ਨੂੰ ਹੱਥ ਨਹੀਂ ਸੀ ਲਾਣ ਦਿੰਦੀ। ਬਸ ਕਦੇ ਕਦਾਈਂ ਕੁਝ ਨਵੀਂ ਡਿਸ਼ ਪਕਾਣੀ ਹੁੰਦੀ ਤੇ ਮੀਨਾ ਕਿਚਨ ਵਿਚ ਜਾਂਦੀ ਸੀ ਪਰ ਏਥੇ ਵੀ ਉਹਦੀ ਨਣਾਨ ਈ ਸਾਰੀਆਂ ਸ਼ੈਵਾਂ ਭੱਜ ਭੱਜ ਲਿਆ ਉਹਨੂੰ ਫੜਾਉਂਦੀ ਸੀ। ਇਕ ਦਿਨ ਜਦੋਂ ਮੀਨਾ ਦੀ ਸੱਸ ਮੀਨਾ ਦੀ ਨਣਾਨ ਦੀ ਫੀਸ ਜਮ੍ਹਾ ਕਰਾਉਣ ਗਈ ਸੀ ਤਾਂ ਮੀਨਾ ਦੀ ਮਾਂ ਦਾ ਫੋਨ ਆਇਆ ਕਿ ਉਹ ਬਹੁਤ ਬੀਮਾਰ ਏ। ਮੀਨਾ ਨੇ ਫਟ ਉਥੇ ਜਾਣ ਦਾ ਫ਼ੈਸਲਾ ਕੀਤਾ ਤੇ ਖਾਵੰਦ ਨੂੰ ਬੁਲਾ ਕੇ ਉਹ ਮੋਟਰ ਸਾਇਕਲ 'ਤੇ ਉਥੇ ਪਹੁੰਚ ਗਏ। ਦੋਵੇਂ ਹੀ ਕੱਚੇ ਖਿਲਾੜੀ ਸਨ। ਮੋਟਰ ਸਾਇਕਲ



ਇਕ ਬਰੇਕ ਤੋਂ ਆਊਟ ਆਫ ਕੰਟਰੋਲ ਹੋਈ ਤੇ ਡਿੱਗ ਪਈ। ਮੀਨਾ ਬੁਰੀ ਤਰ੍ਹਾਂ ਸੱਟਾਂ ਦਾ ਸ਼ਿਕਾਰ ਸੀ। ਉਸੇ ਮਹੀਨੇ ਹੀ ਡਾਕਟਰ ਨੇ ਉਹਨਾਂ ਨੂੰ ਬੁਰੀ ਖ਼ਬਰ ਸੁਣਾਈ। ਮੀਨਾ ਬੇਇਹਤਾਤੀ ਪਾਰੋਂ ਬਹੁਤ ਕੁਝ ਹਾਰ ਗਈ ਸੀ ਪਰ ਖਾਵੰਦ ਨੂੰ ਮੀਨਾ 'ਤੇ ਬਹੁਤਾ ਗੁੱਸਾ ਨਹੀਂ ਸੀ। ਕਿੰਨੇ ਦਿਨ ਉਹਨੇ ਮੋਟਰ ਸਾਇਕਲ ਨੂੰ ਹੱਥ ਨਾ ਲਾਇਆ। ਕਟੀਚੀ ਪਤੰਗ ਸ਼ਾਇਦ ਕੰਡਿਆਂ ਨਾਲ ਜਾ ਲੱਗੀ। ਇਕ ਮੌਸਮ ਦੂਜੇ ਮੌਸਮ ਵਿਚ ਬਦਲ ਗਿਆ।

ਬੇਕਰੀ ਤੇ ਮਠਿਆਈ ਦੀ ਦੁਕਾਨ 'ਤੇ ਡਾਕਾ ਪਿਆ। ਉਸੇ ਦਿਨ ਸਭ ਕੁਝ ਜਿਵੇਂ ਕੱਟਿਆ ਗਿਆ। ਮੀਨਾ ਦਾ ਸਹੁਰਾ ਡਾਕੂ ਮਾਰ ਗਏ। ਚਾਲੀ ਹਜ਼ਾਰ ਵੀ ਲੁੱਟਿਆ ਗਿਆ ਤੇ ਮੀਨਾ ਦੇ ਸਿਰ ਦਾ ਸਾਇਆ ਹਸਪਤਾਲ ਵਿਚ। ਮੀਨਾ ਜਿਵੇਂ ਅੰਦਰੋਂ ਅੰਦਰੀਂ ਹੀ ਕਿਰਚੀ ਕਿਰਚੀ ਹੋਈ ਪਈ ਸੀ। ਇੰਜ ਲੱਗਦਾ ਸੀ ਜਿਵੇਂ ਜ਼ਲਜ਼ਲੇ ਨਾਲ ਸਭ ਕੁਝ ਆਪਣੀ ਥਾਂ ਤੋਂ ਪਿਛਾਂਹ ਹੋ ਗਿਆ ਹੋਵੇ।

ਉਹ ਹਾਲੇ ਵੀ ਬੁਰੀ ਤਰ੍ਹਾਂ ਪੁਰਉਮੀਦ ਸੀ ਤੇ ਆਪਣੇ ਖਾਵੰਦ ਨੂੰ ਹੌਸਲਾ ਦਿੰਦੀ ਰਹੀ ਤੇ ਅਖੀਰ ਤਕ ਠੀਕ ਠਾਕ ਹੋਣ ਤੋਂ ਬਾਅਦ ਉਹਦਾ ਖਾਵੰਦ ਦੁਕਾਨ 'ਤੇ ਜਾ ਕੇ ਬੈਠਣ ਲੱਗਾ। ਪਰ ਸ਼ਾਇਦ ਉਹਦੇ ਕੋਲ ਪਿਓ ਵਰਗਾ ਤਜਰਬਾ ਨਹੀਂ ਸੀ। ਛੇ ਮਹੀਨਿਆਂ ਵਿਚ ਹੀ ਦੁਕਾਨ ਵਿਹਲੀ ਹੁੰਦੀ ਜਾਣ ਲੱਗੀ। ਬਿਜਲੀ, ਗੈਸ, ਪਾਣੀ ਤੇ ਬਿੱਲ ਜੋਗੇ ਵੀ ਪੈਸੇ ਨਾ ਹੁੰਦੇ ਪਰ ਮੀਨਾ ਦੇ ਅੰਦਰ ਅਜੇ ਵੀ ਪਹਿਲਾਂ ਵਰਗਾ ਈ ਪਿਆਰ ਸੀ। ਉਧਰ ਮੀਨਾ ਦੀ ਨਣਾਨ ਨੇ ਮੈਟ੍ਰਿਕ ਕੀਤੀ ਤੇ ਰਿਸ਼ਤੇ ਆਣੇ ਸ਼ੁਰੂ ਹੋ ਗਏ। ਪਰ ਇਸ ਹਾਲਤ ਵਿਚ ਜਦੋਂ ਉਹਨਾਂ ਕੋਲ ਆਪ ਵੀ ਖਾਣ ਪੀਣ ਨੂੰ ਵੀ ਨਹੀਂ ਸੀ ਕਿਵੇਂ ਤਾਂ ਪੂਰੀ ਪੈਂਦੀ। ਪਰ ਚੰਗੇ ਰਿਸ਼ਤੇ ਛੱਡੇ ਵੀ ਤੇ ਨਹੀਂ ਜਾਂਦੇ। ਇਕ ਨੇੜੇ ਰਿਸ਼ਤੇਦਾਰ ਦਾ ਮੁੰਡਾ ਪਸੰਦ ਕਰ ਲਿਆ ਗਿਆ ਜਿਹੜਾ ਈ.ਐਸ.ਸੀ. ਕਰ ਰਿਹਾ ਸੀ ਤੇ ਹਾਲੇ ਉਹਦੀ ਪੜ੍ਹਾਈ ਵਿਚ ਸੀ। ਮੀਨਾ ਨੇ ਆਪਣੇ ਖਾਵੰਦ ਨੂੰ ਮੰਗਣੀ ਲਈ ਮਨਾ ਲਿਆ ਕਿ ਚਲੋ ਇਕ ਸਾਲ ਤਕ ਹਾਲਤ ਠੀਕ ਹੋ ਜਾਣਗੇ।

ਮੀਨਾ ਆਪਣੇ ਆਪ ਵਿਚ ਵੀ ਕਦੀ ਕਦੀ ਕੁੜ੍ਹਦੀ ਕੋਸਦੀ, ਡਾਕਟਰਾਂ ਕੋਲ ਜਾਂਦੀ, ਪਰ ਡਾਕਟਰ ਆਖਦੇ ਰੱਬ ਖ਼ੈਰ ਕਰੇਗਾ। ਮੀਨਾ ਦਾ ਖਾਵੰਦ ਵੀ ਉਹਦੇ ਨਾਲ ਸੀ। "ਅਸੀਂ ਕੀ ਕਰ ਸਕਦੇ ਆਂ, ਜਦੋਂ ਰੱਬ ਚਾਹੇਗਾ ਸਭ ਠੀਕ ਹੋ ਜਾਏਗਾ ? ਸ਼ਾਇਦ ਸਾਡੇ ਹਾਲਾਤ ਬਦਲਣ 'ਤੇ ਈ ਕੁਝ ਹੋ ਜਾਵੇ। ਮੈਨੂੰ ਵੀ ਤੇ ਐਨਾ ਈ ਚਾਅ ਏ ਨਾ ਪਿਓ ਬਣਨ ਦਾ ਜਿੰਨਾ ਤੂੰ ਚਾਹਨੀ ਏਂ ਕੋਈ ਤੈਨੂੰ ਮਾਂ ਆਖੇ।" ਤੇ ਫੇਰ ਇਕ ਦਿਨ ਉਹ ਦੋਵੇਂ ਡਾਕਟਰ ਕੋਲ ਚਲੇ ਗਏ। ਡਾਕਟਰ ਨੇ ਦੋਵਾ ਨੂੰ ਚੈੱਕ ਕੀਤਾ। ਦੋਵੇਂ ਠੀਕ ਸਨ, ਪਰ ਮੀਨਾ ਨੂੰ ਹਾਲੇ ਕੁਝ ਦੁਆਵਾਂ ਦੀ ਲੋੜ ਸੀ। ਇਸ ਲਈ ਡਾਕਟਰ ਨੇ ਉਹਨੂੰ ਬੜੀਆਂ ਸ਼ੈਵਾਂ ਖਾਣ ਪੀਣ ਤੋਂ ਡੱਕ ਦਿੱਤਾ। ਕੁਝ ਮਹੀਨੇ ਇਹਤਿਆਤ ਵਿਚ ਲੰਘ ਗਏ।

ਇਕ ਸਾਲ ਮੁੱਕਣ ਵਾਲਾ ਸੀ ਤੇ ਮੀਨਾ ਉਮੀਦ ਨਾਲ ਸੀ। ਨਣਾਨ ਦਾ ਵਿਆਹ ਨੇੜੇ ਸੀ। ਉਹਨੇ ਆਪਣਾ ਸਾਰਾ ਜੇਵਰ ਵੇਚ ਦਿੱਤਾ। ਕਾਫ਼ੀ ਕਰਜ਼ਾ ਲਿਆ ਗਿਆ। ਬੜੀ ਧੂਮ ਧਾਮ ਨਾਲ ਵਿਆਹ ਦੇ ਸਾਰੇ ਲਵਾਜ਼ਮਾਤ ਪੂਰੇ ਹੋ ਗਏ। ਨਣਾਨ ਦੇ ਵਿਆਹ ਬਾਅਦਾਂ ਮੀਨਾ ਤੇ ਉਹਦੇ ਘਰ ਵਾਲੇ ਦੇ ਹਾਲਾਤ ਹੋਰ ਵੀ ਭੀੜੇ ਹੋ ਗਏ। ਨਾ ਖਾਣ ਨੂੰ ਨਾ ਪੀਣ ਨੂੰ। ਪੁਰਾਣੀਆਂ ਟਾਕੀਆਂ ਨਾਲ ਗੰਢ ਜੋੜ ਕੇ ਆਵਣ ਵਾਲੇ ਜੀਅ ਲਈ ਜੁੱਲੀ ਬਣਾਈ, ਨਿੱਕੀਆਂ ਨਿੱਕੀਆਂ ਜੁਰਾਬਾਂ ਲੰਡੇ ਦੀਆਂ ਪੁਰਾਣੀਆਂ ਜਰਸੀਆਂ ਉਧੇੜ ਕੇ ਬਣਾਈਆਂ। ਇਕ ਟੋਪੀ, ਨਿੱਕਾ ਜਿਹਾ ਸਵੈਟਰ ਵੀ ਬਣਾ ਲਿਆ। ਭੁੱਖ ਨੰਗ ਵਿਚ ਵੀ ਉਹ ਥੋੜ੍ਹੇ ਜਿਹੇ ਖੁਸ਼ ਰਹਿਣ ਲੱਗੇ, ਸ਼ਾਇਦ ਆਉਣ ਵਾਲੀ ਰੂਹ ਦਾ ਈ ਅਸਰ ਸੀ। ਬੜੀਆਂ ਉਡੀਕਾਂ ਬਾਅਦ ਜਦੋਂ ਇਹ

ਘੜੀ ਆਈ ਤਾਂ ਮੁਹੱਲੇ ਦੀ ਦਾਈ ਨੇ ਕਮਰੇ ਤੋਂ ਬਾਹਰ ਖੜ੍ਹੇ ਮੀਨਾ ਦੇ ਖਾਵੰਦ ਵੱਲ ਵੇਖਿਆ। ਉਹਦੀਆਂ ਅੱਖਾਂ ਵਿਚ ਨਾ ਖੁਸ਼ੀ ਨਾ ਗ਼ਮ। ਉਹ ਚੁੱਪ ਚੁਪੀਤੇ ਕਮਰੇ ਵਿਚ ਬਹਿ ਕੇ ਹੱਥ ਧੋਣ ਲੱਗੀ। ਨਾ ਕੋਈ ਰੋ ਰਿਹਾ ਸੀ ਨਾ ਕੁਰਲਾ ਰਿਹਾ ਸੀ। ਬੱਚਾ ਮੋਇਆ ਜੰਮਿਆ ਸੀ। ਕੰਡਿਆਂ ਨਾਲ ਕਟੀਚੀ ਪਤੰਗ ਸ਼ਾਇਦ ਫੀਤੀ ਫੀਤੀ ਹੋ ਗਈ। ਕਿੰਨੀ ਹੀ ਤੇਜ਼ ਹਵਾ ਝੁੱਲ ਰਹੀ ਸੀ।

ਮੀਨਾ ਦੀ ਨਣਾਨ ਦੇ ਵਿਆਹ ਦੇ ਮੌਕੇ 'ਤੇ ਜਿਨ੍ਹਾਂ ਜਿਨ੍ਹਾਂ ਕੋਲੋਂ ਕਰਜ਼ਾ ਲਿਆ ਸੀ ਉਹ ਸਿਰ 'ਤੇ ਆ ਚੜ੍ਹੇ ਸਨ। ਬੇਕਰੀ ਉਂਜ ਬੰਦ ਹੋ ਗਈ ਸੀ। ਹੋਰ ਕੰਮ ਦਾ ਕੋਈ ਤਜਰਬਾ ਨਹੀਂ ਸੀ। ਸੋ ਮੀਨਾ ਦੀ ਮਾਂ ਨਾਲ ਮਿਲ ਕੇ ਇਹ ਫ਼ੈਸਲਾ ਹੋਇਆ ਕਿ ਮੁੰਡੇ ਨੂੰ ਬਾਹਰ ਘੱਲ ਦਿੱਤਾ ਜਾਵੇ। ਇਹਦਾ ਪ੍ਰਬੰਧ ਹੋਣ ਲੱਗਾ। ਪਹਿਲੇ ਹੱਥ ਈ ਮੋਟਰ ਸਾਇਕਲ ਵੇਚ ਦਿੱਤੀ ਗਈ। ਪੰਜਾਹ ਕੁ ਹਜ਼ਾਰ ਹੋਰ ਇਕੱਠੇ ਹੋ ਗਏ ਜਿਹੜੇ ਮੀਨਾ ਆਪਣੇ ਪੇਕਿਆਂ ਤੋਂ ਤੇ ਕੁਝ ਹੋਰ ਰਿਸ਼ਤੇਦਾਰਾਂ ਤੋਂ ਮੰਗ ਕੇ ਲਿਆਈ ਸੀ। ਪੰਜ ਹਜ਼ਾਰ ਦੇ ਕੇ ਅਰਜੈਂਟ ਪਾਸਪੋਰਟ ਲਿਆ ਗਿਆ ਤੇ ਫੇਰ ਏਜੰਟਾਂ ਦੇ ਪਿੱਛੇ ਭੱਜਿਆ ਗਿਆ। ਕਰਦੇ ਕਰਾਂਦੇ ਉਸੇ ਹੀ ਮੁਹੱਲੇ ਵਿਚੋਂ ਕਾਸਮ ਦੇ ਕੁਝ ਕਰਿਸ਼ਚੀਅਨ ਦੋਸਤਾਂ ਤੋਂ ਪਤਾ ਲੱਗਾ ਕਿ ਉਹਨਾਂ ਪਿਛਲੇ ਈ ਦਿਨੀਂ ਆਪਣੇ ਭਰਾਵਾਂ ਨੂੰ ਜਨੂਬੀ ਅਫਰੀਕਾ ਘੱਲਿਆ ਏ। ਪਰ ਇਹਦੇ ਵਾਸਤੇ ਇਕ ਬਹੁਤ ਵੱਡੀ ਗੱਲ ਸੀ ਕਿ ਕਾਸਮ ਦਾ ਇਸਾਈਆਂ ਨਾਲ ਵਾਹ ਪਵੇਗਾ। ਇਮਾਨ ਤਾਂ ਪਹਿਲਾਂ ਈ ਉਹਦਾ ਈਦ ਤੇ ਨਮਾਜ਼ ਜਨਾਜ਼ਾ ਸੀ। ਉਹ ਏਸ ਗੱਲ 'ਤੇ ਵੀ ਤਿਆਰ ਹੋ ਗਿਆ। ਪਾਸਪੋਰਟ ਤੇ ਕਿਹੜਾ ਮਜ਼ਹਬ ਲਿਖਾਇਆ ਸੀ ਪਰ ਉਹਨੇ ਇਹ ਸਾਰੀ ਗੱਲ ਘਰ ਵਾਲਿਆਂ ਨੂੰ ਨਾ ਦੱਸੀ। ਉਹਨੇ ਡਰਦੇ ਡਰਦੇ ਪੰਜਾਹ ਹਜ਼ਾਰ ਉਹਨਾਂ ਨੂੰ ਦਿੱਤੇ ਤੇ ਵੀਜ਼ੇ ਦੀ ਤਿਆਰੀ ਕਰਨ ਲੱਗਾ। ਇਕ ਮਹੀਨੇ ਬਾਅਦ ਈ ਵੀਜ਼ਾ ਲੱਗ ਗਿਆ।

"ਓਥੇ ਤੇ ਬੜੇ ਹਬਸ਼ੀ ਹੁੰਦੇ ਨੇ।"

"ਕੀ ਹਬਸ਼ੀ ਖ਼ੁਦਾ ਦੀ ਮਖਲੂਕ ਨਹੀਂ ?"

"ਪਰ ਉਹ ਕਾਲ਼ੇ ਕਾਲ਼ੇ...।"

ਕਾਸਮ ਦੀ ਮਾਂ ਕਾਸਮ ਨਾਲ ਗੱਲਾਂ ਕਰਦੀ ਸੀ ਤਾਂ ਮੀਨਾ ਬੋਲਣ ਲੱਗੀ, "ਕਾਲੇ ਵੀ ਤੇ ਇਨਸਾਨ ਹੁੰਦੇ ਨੇ। ਨਾਲੇ ਓਥੇ ਕਾਸਮ ਨੇ ਪੈਸੇ ਕਮਾਣ ਜਾਣਾ ਏ। ਰਹਿਣ ਥੋੜ੍ਹੇ ਜਾਣਾ ਏ।"

ਕਾਸਮ ਜਨੂਬੀ ਅਫਰੀਕਾ ਅੱਪੜ ਗਿਆ। ਘਰ ਦੇ ਹਾਲਾਤ ਬਦਲਣੇ ਸ਼ੁਰੂ ਹੋ ਗਏ।

ਉਹਦੇ ਘਰ ਦੇ ਹਾਲਾਤ ਕੀ ਬਦਲਣੇ ਸ਼ੁਰੂ ਹੋਏ ਇੰਜ ਲੱਗਿਆ ਜਿਵੇਂ ਲੋਕਾਂ ਅੰਦਰ ਮੋਹ ਪਿਆਰ ਦਾ ਜਜ਼ਬਾ ਵੀ ਵਧ ਗਿਆ ਹੋਵੇ। ਦੂਰੋਂ ਨੇੜਿਓਂ ਉਹ ਸਾਰੇ ਸਾਕ ਜਾਗ ਉੱਠੇ ਜਿਹਨਾਂ ਕਦੀ ਉਹਨਾਂ ਨੂੰ ਪੁੱਛਿਆ ਵੀ ਨਹੀਂ ਸੀ। ਹੁਣ ਤੇ ਹਫ਼ਤੇ ਦੇ ਵਿਚ ਕੋਈ ਨਾ ਕੋਈ ਦਾਅਵਤ ਕਰੀ ਰੱਖਦਾ। ਕਾਸਮ ਦਾ ਫੋਨ ਨੰਬਰ ਵੀ ਮੰਗ ਲਿਆ ਗਿਆ ਤੇ ਉਹਨੂੰ ਆਪਣੇ ਹੋਣ ਦਾ ਅਹਿਸਾਸ ਹੋ ਗਿਆ।

"ਮੈਨੂੰ ਭੁੱਲ ਤੇ ਨਹੀਂ ਗਿਆ ?"

"ਤੈਨੂੰ ਕਿਸਰਾਂ ਭੁੱਲ ਸਕਨਾ ਆਂ। ਤੂੰ ਤੇ ਮੇਰੇ ਨਾਲ ਚੰਗੇ ਮੰਦੇ ਹਰ ਦਿਨ ਬਿਤਾਏ ਨੇ।" ਕਾਸਮ ਨਾਲ ਮੀਨਾ ਗੱਲ ਫ਼ੋਨ 'ਤੇ ਗੱਲ ਕਰਦੀ, "ਓਥੇ ਤੇ ਸੁਣਿਆ ਏ...।"

"ਕੀ ਸੁਣਿਆ ਏ ?"

"ਬਸ...।" ਮੀਨਾ ਸ਼ਰਮਾ ਜਾਂਦੀ। "ਬਹੁਤ ਗੰਦ ਏ ਓਥੇ।"

ਕਾਸਮ ਹੱਸਦਾ ਤੇ ਕਹਿੰਦਾ, "ਗੰਦ ਕੋਈ ਵੀ ਨਹੀਂ। ਸਗੋਂ ਸਾਡੇ ਮੁਲਕ ਵਰਗੇ ਕੰਮ ਚੋਰ ਤੇ ਏਥੇ ਬਹੁਤ ਘੱਟ ਨੇ। ਰੋਜ਼ ਗਲੀਆਂ ਸਾਫ਼ ਹੁੰਦੀਆਂ ਨੇ।"



"ਮੈਂ ਅਜਿਹਾ ਗੰਦ ਨਹੀਂ ਕਹਿੰਦੀ। ਕਾਲ਼ੀਆਂ ਕੁੜੀਆਂ ਦਾ ਗੰਦ।"

"ਨਹੀਂ, ਉਹਨਾਂ ਨਾਲ ਸਾਡਾ ਕੀ ਲੈਣ ਦੇਣ ?"

"ਸੁਣਿਆ ਏ ਓਥੇ ਵਿਆਹ ਸ਼ਿਆਹ ਦਾ ਵੀ ਕੋਈ ਚੱਕਰ ਨਹੀਂ ਹੁੰਦਾ।" ਤੇ ਫੇਰ ਬੋਲਦੀ, "ਕੀ ਤੂੰ ਵੀ ਕਿਸੇ ਕਾਲ਼ੀ ਨਾਲ...?"

"ਹੈ ਨਾ ਪਾਗਲ।" ਮੀਨਾ ਦੀ ਭਾਰੀ ਆਵਾਜ਼ ਦਾ ਕਾਸਮ ਜਵਾਬ ਦੇਂਦਾ। "ਮੈਂ ਤੇ ਦਿਨੇ ਰਾਤੀਂ ਤੈਨੂੰ ਯਾਦ ਕਰਨਾ ਵਾਂ, ਬਸ ਤੈਨੂੰ।"

ਪਹਿਲਾਂ ਪਹਿਲ ਜਦੋਂ ਕਾਸਮ ਦਾ ਫ਼ੋਨ ਆਉਂਦਾ ਸੀ ਤੇ ਉਹ ਦੱਸਦਾ ਕਿ ਉਹ ਇਕ ਨਿੱਕੇ ਜਿਹੇ ਕਮਰੇ ਵਿਚ ਪੰਜ ਮੁੰਡੇ ਰਹਿ ਰਹੇ ਨੇ ਜਿਹੜੇ ਦਿਨ ਨੂੰ ਬੂਟ ਵੇਚਣ ਵਾਲੇ ਫੱਟੇ ਲਾਉਂਦੇ ਨੇ ਪਰ ਹੁਣ ਬੂਟ ਵੇਚਣ ਦਾ ਫੱਟਾ ਕਾਸਿਮ ਵੱਖਰਾ ਈ ਲਾਉਂਦਾ ਸੀ ਤੇ ਉਹਨੇ ਆਪਣੇ ਇਕ ਹੋਰ ਮਿੱਤਰ ਨਾਲ ਮਿਲ ਕੇ ਦੋ ਕਮਰਿਆਂ ਵਾਲਾ ਇਕ ਘਰ ਵੀ ਕਿਰਾਏ 'ਤੇ ਲੈ ਲਿਆ ਸੀ। ਪਰ ਉਹਨੇ ਮੀਨਾ ਨੂੰ ਉਹ ਗੱਲ ਨਾ ਦੱਸੀ ਜਿਸ ਪਾਰੋਂ ਉਹਨਾਂ ਨੂੰ ਉਹ ਘਰ ਛੱਡਣਾ ਪਿਆ। ਕਾਸਮ ਹੋਰਾਂ ਦੇ ਗਰੁੱਪ ਵਿਚ ਇਕ ਬੱਗਾ ਜਿਹਾ ਬਿੱਲੀਆਂ ਅੱਖਾਂ ਵਾਲਾ ਸੋਹਣਾ ਤਗੜਾ ਜਵਾਨ ਸੀ ਜਿਹੜਾ ਦਿਨ ਰਾਤ ਕੰਮ ਦੇ ਪੈਸੇ ਦੇ ਚੱਕਰਾਂ ਵਿਚ ਈ ਰਹਿੰਦਾ ਸੀ। ਇਕ ਰਾਤ ਨੂੰ ਕਾਫ਼ੀ ਦੇਰ ਨਾਲ ਘਰ ਪਰਤ ਰਿਹਾ ਸੀ ਕਿ ਰਾਹ ਵਿਚ ਓਸੇ ਈ ਮੁਹੱਲੇ ਦੀ ਇਕ ਕੁੜੀ ਨੇ ਉਹਨੂੰ ਬਾਹੋਂ ਫੜ ਲਿਆ ਤੇ ਇਕੱਠੇ ਬਹਿ ਕੇ ਡਰਿੰਕ ਕਰਨ ਦੀ ਪੇਸ਼ਕਸ਼ ਕੀਤੀ, ਪਰ ਉਹ ਤੇ ਹਾਲੇ ਨਵਾਂ ਸੀ। ਹਾਲੇ ਉਹਦੇ ਅੰਦਰ ਸਾਰੀਆਂ ਪਾਬੰਦੀਆਂ ਜ਼ਿੰਦਾ ਸਨ। ਉਹ ਨਾਂਹ ਕਰਕੇ ਪਰਤਿਆ ਈ ਸੀ ਕਿ ਦੋ ਘੰਟਿਆਂ ਮਗਰੋਂ ਅੱਧੀ ਰਾਤ ਨੂੰ ਕਿੰਨੇ ਈ ਤਗੜੇ ਤਗੜੇ ਲੰਗੋਟੀਆਂ ਬੰਨ੍ਹੀ ਕਾਲ਼ੇ ਉਹਨਾਂ ਦੇ ਕਮਰੇ ਦਵਾਲੇ ਚੀਕਣ ਲੱਗੇ, "ਚੈਮ ਹਿਮ...ਚੋਪ ਹਿਮ।" ਉਹ ਉੱਚੀ ਉੱਚੀ ਚੀਕ ਕੇ ਪੂਰੇ ਮੁਹੱਲੇ ਨੂੰ ਜਗਾਉਂਦੇ ਰਹੇ। ਕਾਸਮ ਦਾ ਤੇ ਉੱਤੇ ਦਾ ਸਾਹ ਉੱਤੇ ਤੇ ਥੱਲੇ ਦਾ ਥੱਲੇ ਰਹਿ ਗਿਆ। ਪਰ ਉਹਨਾਂ ਵਿਚ ਸਭ ਤੋਂ ਪੁਰਾਣਾ ਓਥੇ ਰਹਿਣ ਵਾਲਾ ਅੱਗੇ ਵਧਿਆ ਤੇ ਉਹ ਵੱਡੇ ਵੱਡੇ ਛੁਰੀ ਫੜੀ ਕਾਲ਼ਿਆਂ ਨਾਲ ਬੋਲਣ ਲੱਗਾ। ਕਾਲ਼ੇ ਆਖ ਰਹੇ ਸੀ ਕਿ ਇਹਨਾਂ ਦੇ ਇਕ ਬੱਗੇ ਮੁੰਡੇ ਨੇ ਸਾਡੀ ਕੁੜੀ ਨੂੰ ਛੇੜਿਆ ਏ ਤੇ ਉਹ ਕਾਲ਼ੀ ਕੁੜੀ ਅੱਧ ਨੰਗੀ ਈ ਰੋਣ ਦੀ ਅਦਾਕਾਰੀ ਕਰ ਰਹੀ ਸੀ ਤੇ ਬੱਗਾ ਮੁੰਡਾ ਡੁਸਕ ਰਿਹਾ ਸੀ। ਪਰ ਕਾਲਿਆਂ ਨੇ ਕਿਸੇ ਦੀ ਨਾ ਸੁਣੀ। ਉਹ ਨੱਸਦੇ ਨੱਸਦੇ ਆਏ ਤੇ ਪੰਜਾਂ ਨੂੰ ਫੜ ਕੇ ਲਹੂ ਲੁਹਾਣ ਕਰ ਦਿੱਤਾ ਤੇ ਜੋ ਕੁਝ ਵੀ ਨਕਦੀ ਤੇ ਦੂਜਾ ਕੀਮਤੀ ਸਮਾਨ ਸੀ ਚੁੱਕ ਕੇ ਨੱਸ ਗਏ। ਬੱਗਾ ਮੁੰਡਾ ਜ਼ਖ਼ਮੀ ਹੋ ਗਿਆ ਸੀ ਤੇ ਉਹਨੂੰ ਹਸਪਤਾਲ ਇਲਾਜ ਲਈ ਦਾਖ਼ਲ ਕਰਵਾ ਦਿੱਤਾ ਗਿਆ। ਏਸ ਵਾਕਿਆ ਪਿੱਛੋਂ ਕੋਈ ਵੀ ਓਥੇ ਨਾ ਰਹਿਆ। ਕਾਸਮ ਤੇ ਇਕ ਹੋਰ ਸੰਗੀ ਇਕ ਵੱਖਰੇ ਘਰ ਵਿਚ ਚਲੇ ਗਏ ਜਿਹਦੇ ਦੋ ਕਮਰੇ ਸਨ। ਇਹ ਇਲਾਕਾ ਦੂਜੇ ਇਲਾਕਿਆਂ ਤੋਂ ਸ਼ਾਂਤ ਸੀ। ਨਾਲੇ ਏਥੇ ਕੁਝ ਹਬਸ਼ੀ ਕਾਸਮ ਦੇ ਦੋਸਤ ਵੀ ਬਣ ਗਏ ਜਿਹੜੇ ਕਿ ਫੱਟਾ ਲਾਵਣ ਵਿਚ ਵੀ ਉਹਦੀ ਮਦਦ ਕਰਦੇ ਸਨ ਪਰ ਦਸ ਫੀਸਦੀ ਕਮਾਈ ਉਹਨਾਂ ਨੂੰ ਹੱਥ ਜੋੜ ਕੇ ਈ ਫੜਾਉਂਦਾ ਰਿਹਾ।

ਉਧਰ ਮੀਨਾ ਮਹਿੰਗੇ ਤੋਂ ਮਹਿੰਗਾ ਸੂਟ ਪਾਉਂਦੀ। ਘਰ ਵਿਚ ਨੌਕਰਾਣੀ ਵੀ ਰੱਖ ਲਈ ਗਈ ਤੇ ਆਪਣੇ ਫ਼ੁਰਸਤ ਦੇ ਵੇਲੇ ਨੂੰ ਲੰਘਾਣ ਲਈ ਉਹਨੇ ਵੱਡਾ ਰੰਗੀਨ ਟੀ.ਵੀ. ਲੈ ਲਿਆ ਤੇ ਕੇਬਲ ਵੀ ਲੁਆ ਲਈ। ਆਪਣੇ ਆਪ ਨੂੰ ਫਿੱਟ ਰੱਖਣ ਲਈ ਉਹਨੇ ਜ਼ਨਾਨੀਆਂ ਦਾ ਜਿਮ ਕਲੱਬ ਵੀ ਜਾਇਨ ਕਰ ਲਿਆ। ਜ਼ਿੰਦਗੀ ਉਹਦੇ ਵਾਸਤੇ ਫੁੱਲਾਂ ਦੀ ਸੇਜ ਬਣ ਗਈ। ਜੇ ਮਰਦ ਦਾ ਸਭ ਤੋਂ ਵੱਡਾ ਗ਼ਮ ਔਰਤ ਹੁੰਦਾ ਏ ਤਾਂ ਔਰਤ ਦਾ ਵੀ ਸਭ ਤੋਂ ਵੱਡਾ ਗ਼ਮ ਮਰਦ ਈ ਬਣ ਜਾਂਦਾ ਏ ਪਰ ਮੀਨਾ ਕਾਸਮ ਨੂੰ ਕਦੇ ਵੀ ਨਹੀਂ ਭੁੱਲੀ ਸੀ ਤੇ ਉਹ ਫ਼ੋਨ 'ਤੇ ਰੋਣ ਹਾਕੀ

ਹੋ ਜਾਂਦੀ, "ਘਰ ਕਦੋਂ ਆ ਰਹੇ ਓ ?"

"ਬਸ ਥੋੜ੍ਹੇ ਦਿਨਾਂ ਤਕ।"

ਮੀਨਾ ਨੂੰ ਪਤਾ ਸੀ ਕਿ ਪਿਛਲੇ ਡੇਢ ਸਾਲ ਤੋਂ ਉਹ ਇੰਜ ਈ ਸੁਣ ਰਹੀ ਸੀ ਤੇ ਹੁਣ ਉਹਦਾ ਵਿਛੋੜਾ ਬਰਦਾਸ਼ਤ ਤੋਂ ਬਾਹਰ ਹੋਣ ਲੱਗਾ।

"ਮੈਨੂੰ ਵੀ ਤੇਰੀ ਬਹੁਤ ਯਾਦ ਆਉਂਦੀ ਏ।" ਕਾਸਮ ਨੂੰ ਦਿਲ ਪਰਚਾਉਣਾ ਆਉਂਦਾ ਸੀ। "ਮੈਂ ਏਥੇ ਤੇਰੇ ਖ਼ਿਆਲਾਂ ਵਿਚ ਖੁਭਿਆ ਰਹਿੰਦਾ ਆਂ।" ਮੀਨਾ ਨੂੰ ਕੁਝ ਸਕੂਨ ਜਿਹਾ ਆ ਜਾਂਦਾ ਪਰ ਕਿੰਨੀ ਕੁ ਦੇਰ। ਜਦੋਂ ਵੀ ਹਨੇਰੇ ਵਿਚ ਜਾਂਦੀ, 'ਕੱਲੀ ਹੁੰਦੀ ਤਾਂ ਅੱਖਾਂ ਭਰ ਭਰ ਜਾਂਦੀਆਂ। ਘਰ ਵਿਚ ਸੱਸ ਤੇ ਉਹਦੇ ਵਿਚਕਾਰ ਇਕ ਚੁੱਪ ਛਾਈ ਰਹਿੰਦੀ ਤੇ ਉਹ ਏਸੇ ਈ ਕਰਬ ਵਿਚ ਉੱਠਦੀ ਤੇ ਉੱਚੀ ਆਵਾਜ਼ ਵਿਚ ਅੰਗਰੇਜ਼ੀ ਮੌਸੀਕੀ ਲਾ ਛੱਡਦੀ। ਪਤਾ ਨਹੀਂ ਕਿਉਂ ਹਬਸ਼ੀਆਂ ਦਾ ਚੈਨਲ ਵੇਖਦੀ ਤੇ ਉਹਨੂੰ ਕਾਸਮ ਯਾਦ ਆ ਜਾਂਦਾ। ਉਹ ਜਦੋਂ ਵੀ ਫੋਨ ਕਰਦੀ ਕਾਸਮ ਨੂੰ ਪਰਤ ਆਵਣ ਦਾ ਕਹਿੰਦੀ। ਉਹਦਾ ਕਹਿਣਾ ਹੁਣ ਤਰਲੇ ਵਰਗਾ ਹੁੰਦਾ ਜਾ ਰਿਹਾ ਸੀ।

ਕਾਸਮ ਦਾ ਬੂਟ ਵੇਚਣ ਵਾਲਾ ਕੰਮ ਵੀ ਚੰਗਾ ਈ ਜਾ ਰਿਹਾ ਸੀ। ਸ਼ਾਮੋ ਸ਼ਾਮੀਂ ਹੀ ਉਹ ਆਪਣਾ ਅੱਡਾ ਸਮੇਟਦੇ ਤੇ ਘਰ ਚਲੇ ਜਾਂਦੇ ਤੇ ਰਾਤ ਨੂੰ ਉਹ ਘਰੋਂ ਬਾਹਰ ਨਾ ਨਿਕਲਦੇ। ਇਕ ਸਵੇਰੇ ਕਾਸਮ ਜਲਦੀ ਹੀ ਉੱਠ ਬੈਠਾ। ਉਹ ਸਾਰੀ ਰਾਤ ਸੌਂ ਨਾ ਸਕਿਆ ਕਿਉਂਕਿ ਪਿਛਲੀ ਰਾਤ ਉਹਦੀ ਗੱਲ ਮੀਨਾ ਨਾਲ ਹੋਈ ਤੇ ਮੀਨਾ ਦੱਸ ਰਹੀ ਸੀ ਕਿ ਕਾਸਮ ਦੀ ਮਾਂ ਦੀ ਤਬੀਅਤ ਬਹੁਤ ਖਰਾਬ ਏ। ਡਾਕਟਰਾਂ ਨੂੰ ਵੀ ਕੁਝ ਸਮਝ ਨਹੀਂ ਆ ਰਿਹਾ ਤੇ ਉਹ ਹਮੇਸ਼ਾ ਕਾਸਮ ਕਾਸਮ ਈ ਪੁਕਾਰਦੀ ਰਹਿੰਦੀ ਏ। ਕਾਸਮ ਦੀਆਂ ਅੱਖਾਂ ਜਿਵੇਂ ਕਿਸੇ ਨੇ ਪੱਥਰ ਦੀਆਂ ਕਰ ਦਿੱਤੀਆਂ ਹੋਣ। ਨੀਂਦਰ ਈ ਨਾ ਆਈ ਤੇ ਮੂੰਹ ਹਨੇਰੇ ਈ ਉਹ ਸੜਕਾਂ ਕੱਛਣ ਲੱਗਾ। ਫੁੱਟਪਾਥ ਦੇ ਨਾਲ ਨਾਲ ਝਾੜੀਆਂ ਵਿਚ ਇਕ ਥਾਂ 'ਤੇ ਉਹਨੇ ਵੇਖਿਆ ਇਕ ਹਬਸ਼ੀ ਮੁੰਡਾ ਕੁੜੀ ਲੰਮੇ ਪਏ ਸਨ। ਉਹਨੂੰ ਜਿਵੇਂ ਕਾਲ਼ਿਆਂ ਤੋਂ ਕਰਹਿਤ ਜਿਹੀ ਹੋਵੇ। ਉਂਜ ਵੀ ਉਹਨਾਂ ਕੋਲੋਂ ਆਵਣ ਵਾਲੀ ਥੋਮ ਦੀ ਬੋਅ ਨਾਕਾਬਲ ਬਰਦਾਸ਼ਤ ਸੀ ਤੇ ਅਗਾਂਹ ਟੁਰਦਾ ਟੁਰਦਾ ਉਹ ਘੱਟ ਆਬਾਦੀ ਵਾਲੇ ਹਿੱਸੇ 'ਤੇ ਪਹੁੰਚਿਆ। ਇਕ ਨਵਮੌਲੂਦ ਬੱਚਾ...ਕੁੱਤਿਆਂ ਨੇ ਉਹਨੂੰ ਸੁੰਘ ਕੇ ਭੌਂਕਿਆ ਤੇ ਇਕ ਕੁੱਤੇ ਨੇ ਉਹਨੂੰ ਨੋਚ ਈ ਲਿਆ।

ਉਸ ਦਿਨ ਕਾਸਮ ਨੇ ਪਹਿਲੀ ਵਾਰ ਰੱਜ ਕੇ ਸ਼ਰਾਬ ਪੀਤੀ ਤੇ ਇਕ ਹਬਸ਼ਣ ਨੂੰ ਵੀ ਨਸ਼ੇ ਵਿਚ ਘਰ ਲੈ ਆਇਆ। ਹਬਸ਼ਣ ਉਹਦੀ ਜੇਬ ਵਿਚ ਨੋਟ ਵੇਖ ਕੇ ਉਹਦੇ ਨਾਲ ਆ ਗਈ ਸੀ। ਅੱਜ ਕਾਸਮ ਦਾ ਯਾਰ 'ਕੱਲਾ ਈ ਕੰਮ 'ਤੇ ਗਿਆ ਸੀ ਤੇ ਉਸ ਦਿਨ ਉਹਨੂੰ ਇੰਜ ਲੱਗਾ ਜਿਵੇਂ ਉਹਨੇ ਕੱਚਾ ਥੋਮ ਖਾ ਲਿਆ ਹੋਵੇ। ਖਰਾਬ ਥੋਮ ਦੀ ਬੋਅ ਉਹਦੇ ਨੱਕ 'ਚੋਂ ਆਣ ਲੱਗੀ ਤੇ ਉਹਨੇ ਕਿੰਨੀ ਵਾਰ ਆਪਣੇ ਪਿੰਡੇ ਨੂੰ ਸਾਬਣ ਨਾਲ ਰਗੜ ਰਗੜ ਕੇ ਧੋਤਾ।

ਕਾਸਮ ਦੀ ਮਾਂ ਮਰ ਗਈ। ਉਹ ਆਪਣੀ ਮਾਂ ਦੇ ਜਨਾਜ਼ੇ ਵਿਚ ਸ਼ਾਮਲ ਨਾ ਹੋ ਸਕਿਆ ਪਰ ਉਸ ਮਹੀਨੇ ਉਹਨੇ ਯਾਰ ਕੋਲੋਂ ਉਧਾਰ ਰਕਮ ਮੰਗ ਕੇ ਦੁਗਣੀ ਰਕਮ ਮੀਨਾ ਨੂੰ ਘੱਲੀ। ਕੱਲ੍ਹ, ਸਾਤਾ, ਦਸਵਾਂ, ਚਾਲੀਹਾ ਹੋ ਗਿਆ ਤੇ ਪੂਰੇ ਖ਼ਾਨਦਾਨ ਵਿਚ ਧੁੰਮ ਪੈ ਗਈ। ਐਨਾ ਤੇ ਇਕਲੌਤੀ ਧੀ ਦੇ ਵਿਆਹ ਵਿਚ ਵੀ ਨਹੀਂ ਲਗਾਇਆ ਹੋਵੇਗਾ। ਮੌਲਵੀ ਵੀ ਰੱਜ ਗਿਆ ਤੇ ਮੁਹੱਲੇਦਾਰ ਵੀ ਰੱਜ ਗਏ। ਉਹਦੀ ਮਾਂ ਨੂੰ ਵੀ ਜਿਵੇਂ ਰੂਹਾਨੀ ਸਕੂਨ ਮਿਲ ਗਿਆ ਹੋਵੇ। ਲੋਕੀ ਏਹੀ ਸੋਚ ਸਕਦੇ ਸਨ। ਕਾਸਮ ਆਪਣੇ ਕੰਮ ਵਿਚ ਰੁੱਝਿਆ ਰਿਹਾ ਪਰ ਦਿਲ 'ਤੇ ਪੱਥਰ ਰੱਖ ਕੇ, ਜਿਹੜਾ ਹਰ ਰਾਤ ਬਹੁਤ ਭਾਰਾ ਹੋ ਜਾਂਦਾ।



ਤੇ ਫਿਰ ਇਕ ਦਿਨ ਮੀਨਾ ਕੁਰਲਾ ਰਹੀ ਸੀ, "ਤੂੰ ਓਥੇ ਵਿਆਹ ਕਰ ਲਿਆ ਏ ?"

ਕਾਸਮ ਨੇ ਬੜੀਆਂ ਸਫਾਈਆਂ ਦਿੱਤੀਆਂ ਪਰ ਉਹਨੂੰ ਸ਼ੱਕ ਪੈ ਗਿਆ ਸੀ, "ਰਾਤੀਂ ਖ਼ਾਬ ਵਿਚ ਮੈਂ ਵੇਖਿਆ ਏ ਤੂੰ ਵਿਆਹ ਕਰਵਾ ਆਇਆ ਏਂ।" ਉਹ ਰੋਂਦੀ ਪਈ ਸੀ। ਬੜੀ ਮੁਸ਼ਕਲ ਨਾਲ ਕਾਸਮ ਨੇ ਉਹਨੂੰ ਵਰਚਾਇਆ ਸੀ ਤੇ ਫੇਰ ਦੱਸਣ ਲੱਗਾ, "ਆਪਾਂ ਆਪਣੇ ਬੱਚੇ ਦਾ ਨਾਂ ਮਿਰਜ਼ਾ ਰੱਖਾਂਗੇ। ਮੈਨੂੰ ਇਹ ਨਾਂ ਬੜਾ ਚੰਗਾ ਲੱਗਦਾ ਏ।" ਤੇ ਉਹ ਮਸ਼ਰਕੀ ਔਰਤ ਸ਼ਰਮਾ ਗਈ। ਕਿੰਨੀ ਲੱਜਾ ਸੀ ਉਹਦੇ ਅੰਦਰ। ਤੇ ਕਾਸਮ ਫੇਰ ਮੀਨਾ ਦੇ ਦਿਲ ਨੂੰ ਪਰਚਾ ਈ ਚੁੱਕਿਆ ਸੀ।

ਅਗਲੇ ਹਫ਼ਤੇ ਜਦ ਸੁਬ੍ਹਾ ਸੁਬ੍ਹਾ ਉਹ ਬੂਟਾਂ ਨੂੰ ਜੋੜ ਜੋੜ ਕੇ ਸਾਫ਼ ਕਰਕੇ ਰੱਖਦੇ ਪਏ ਸਨ ਕਿ ਇਕ ਪਿਕ-ਅੱਪ ਆ ਕੇ ਉਹਨਾਂ ਦੇ ਫੱਟੇ ਸਾਹਮਣੇ ਰੁਕੀ। ਉਹਨਾਂ ਨੇ ਕਿਸੇ ਦੀ ਕੋਈ ਟਿੱਲ ਨਾ ਸੁਣੀ। ਵੱਡੀਆਂ ਗੰਨਾਂ ਉਹਨਾਂ ਕੋਲ ਸਨ ਤੇ ਸਾਰਿਆਂ ਨੇ ਬਸ ਪੈਂਟਾਂ ਈ ਪਾਈਆਂ ਹੋਈਆਂ ਸਨ ਤੇ ਉਹਨਾਂ ਦੇ ਬਾਕੀ ਜਿਸਮ ਨੰਗੇ ਈ ਸਨ। ਉਹਨਾਂ ਨੇ ਇਕ ਵੱਡੇ ਸਾਰੇ ਕੱਪੜੇ ਨੂੰ ਵਿਛਾਇਆ, ਉਹਦੇ ਉੱਤੇ ਸਾਰੇ ਬੂਟ ਸੁੱਟੇ, ਦੋ ਹਬਸ਼ੀ ਉਹਨਾਂ ਦੀਆਂ ਜੇਬਾਂ ਵਿਹਲੀਆਂ ਕਰ ਰਹੇ ਸਨ। ਪੂਰਾ ਬਾਜ਼ਾਰ ਖਲੋਤਾ ਤਮਾਸ਼ਾ ਵੇਖ ਰਿਹਾ ਸੀ। ਕੋਈ ਉਹਨਾਂ ਦੀ ਮਦਦ ਲਈ ਅੱਗੇ ਨਾ ਵਧਿਆ। ਕਾਸਮ ਦੇ ਨਾਲ ਵਾਲਾ ਇਕ ਹਬਸ਼ੀ ਨਾਲ ਔਖਾ ਹੋਇਆ। ਉਹਨੇ ਆਪਣੀ ਜੇਬ ਨੂੰ ਬਚਾਉਣਾ ਚਾਹਿਆ। ਦੋ ਹੋਰ ਉਹਦੇ ਵੱਲ ਵਧੇ ਤੇ ਉਹਨਾਂ ਨੇ ਧਰੂਹ ਕੇ ਉਹਨੂੰ ਜ਼ਮੀਨ 'ਤੇ ਸੁੱਟਿਆ ਤੇ ਭਾਰੇ ਭਾਰੇ ਬੂਟਾਂ ਸਮੇਤ ਉਹਨਾਂ ਠੁੱਡੇ ਮਾਰੇ। ਉਹ ਕਿੰਨੀ ਵਾਰ ਚਹਾੜਿਆ ਪਰ ਉਹਦੇ ਧੜ ਉੱਤੇ ਲੱਤਾਂ ਪਈਆਂ ਤੇ ਉਹ ਚੁੱਪ ਵਟ ਗਿਆ। ਹਮੇਸ਼ ਲਈ ਚੁੱਪ ਵੱਟ ਗਿਆ। ਉਹ ਮਰ ਗਿਆ ਸੀ। ਲਹੂ ਲੁਹਾਨ ਕਿੰਨਾ ਭੈੜਾ ਉਹਦਾ ਜੁੱਸਾ ਹੋ ਗਿਆ ਸੀ। ਉਸ ਦਿਨ ਕਾਸਮ ਦੌੜਦਾ ਹੋਇਆ ਥਾਣੇ ਗਿਆ ਪਰ ਥਾਣੇ ਵਾਲਿਆਂ ਨੇ ਕੁਝ ਨਾ ਕੀਤਾ। ਬਾਅਦੋਂ ਪਤਾ ਲੱਗਿਆ ਕਿ ਉਹ ਥਾਣੇ ਵਾਲਿਆਂ ਨਾਲ ਮਿਲ ਮਿਲਾ ਕੇ ਈ ਸਭ ਕੁਝ ਕਰਦੇ ਨੇ। ਬੜੀਆਂ ਮੁਸ਼ਕਲਾਂ ਨਾਲ ਉਹਨੇ ਲਾਸ਼ ਨੂੰ ਦਫਨਾਣ ਦਾ ਪ੍ਰਬੰਧ ਕੀਤਾ। ਉਸ ਦਿਨ ਬਾਅਦ ਉਹਨੂੰ ਆਪਣਾ ਵਤਨ ਈ ਚੇਤੇ ਰਹਿਣ ਲੱਗ ਪਿਆ। ਹਰ ਕਾਲ਼ਾ ਉਹਨੂੰ ਅੰਦਰੋਂ ਵੀ ਕਾਲਾ ਈ ਲੱਗਦਾ। ਕਾਲਖ ਮਲੀ ਹੋਈ ਸਾਰੀ ਇਨਸਾਨੀਅਤ ਲੱਗਦੀ।

ਕੁਝ ਦਿਨ ਤਕ ਉਹ ਕੰਮ 'ਤੇ ਨਾ ਗਿਆ। ਸੀ.ਡੀਜ਼ ਵੇਚਣ ਦਾ ਪ੍ਰੋਗਰਾਮ ਬਣਿਆ ਪਰ ਉਹ ਨਾ ਵਿਕਦੀਆਂ। ਮਸਾਂ ਉਹਦੀ ਰੋਟੀ ਤੇ ਕਿਰਾਇਆ ਈ ਨਿਕਲਦਾ ਤੇ ਨਾਲੇ ਉਂਜ ਵੀ ਉਹ ਡਰ ਗਿਆ ਸੀ। ਹੁਣ ਤਾਂ ਉਹਨੂੰ ਥਾਣੇ ਵੀ ਆਪਣੇ ਮੁਲਕ ਵਰਗੇ ਈ ਲੱਗਦੇ ਸਨ। ਵਾਰਦਾਤਾਂ ਬਹੁਤੀਆਂ ਸ਼ੁਰੂ ਹੋ ਗਈਆਂ। ਕੁਝ ਰੁਪਿਆਂ ਦੀ ਖ਼ਾਤਰ ਬੰਦਾ ਵੱਢ ਕੇ ਸੁੱਟ ਜਾਂਦੇ। ਉਥੇ ਤੇ ਜਿਉਂਦਿਆਂ ਨਾਲ ਕੋਈ ਪਿਆਰ ਨਹੀਂ ਕਰਦਾ, ਮੁਰਦਿਆਂ ਨਾਲ ਕਿਵੇਂ ਕੋਈ ਕਰੇ ? ਲਾਸ਼ਾਂ ਨੂੰ ਸਫਾਈ ਕਰਨ ਵਾਲੇ ਚੁੱਕ ਕੇ ਪਤਾ ਨਹੀਂ ਕਿਥੇ ਲੈ ਜਾਂਦੇ। ਕਾਸਮ ਨੇ ਅਖ਼ੀਰ ਘਰ ਪਰਤਣ ਦਾ ਪ੍ਰੋਗਰਾਮ ਬਣਾ ਈ ਲਿਆ ਤੇ ਮੀਨਾ ਵੀ ਖ਼ੁਸ਼ ਹੋ ਗਈ।

ਮੀਨਾ ਤੇ ਕਾਸਮ ਦੀ ਇਕ ਨਵੀਂ ਜ਼ਿੰਦਗੀ ਸ਼ੁਰੂ ਹੋ ਗਈ। ਘਰ ਵਿਚ ਜਗਮਗ ਹੋਣ ਲੱਗੀ। "ਹੁਣ ਘਰ ਵਿਚ ਹਰ ਸ਼ੈਅ ਮੌਜੂਦ, ਦੁਨੀਆ ਦੀ ਹਰ ਸਹੂਲਤ ਮੌਜੂਦ ਏ।" ਮੀਨਾ ਕਹਿੰਦੀ ਰਹਿੰਦੀ। ਘਰ ਦੇ ਹਾਲਾਤ ਵੀ ਵਾਹਵਾ ਚੰਗੇ ਸਨ ਤੇ ਇਕ ਦਿਨ ਕਾਸਮ ਨੇ ਨਵੀਂ ਬੇਕਰੀ ਵਾਸਤੇ ਦੋ ਦੁਕਾਨਾਂ ਵੀ ਵੇਖ ਲਈਆਂ ਤੇ ਇਕ ਕਨਾਲ ਜ਼ਮੀਨ ਵੀ ਉਹਨੇ ਖਰੀਦ ਲਈ। ਰੱਬ ਦੀ ਰਹਿਮਤ ਨਾਲ ਬੇਕਰੀ ਦਾ ਕੰਮ ਵੀ ਚੱਲਣ ਲੱਗ ਪਿਆ। ਕਿੰਨੇ ਸਾਰੇ ਨੌਕਰ ਰੱਖ ਲਏ ਗਏ। ਹੁਣ ਤੇ ਕਾਸਮ ਹਿਸਾਬ ਕਿਤਾਬ ਈ ਨਾ ਕਰਦਾ ਥੱਕਦਾ ਤੇ ਫੇਰ ਕੁਝ ਚਿਰ

ਬਾਅਦੋਂ ਹਿਸਾਬ ਕਿਤਾਬ ਵਾਸਤੇ ਵੀ ਇਕ ਨੌਕਰ ਰੱਖ ਲਿਆ ਤੇ ਆਪ ਕਨਾਲ ਕੋਠੀ ਵੱਲ ਈ ਤਵੱਜੋ ਦੇਣ ਲੱਗ ਪਿਆ। ਇਕ ਰਾਤ ਨੂੰ ਜਦੋਂ ਉਹ ਘਰ ਆਇਆ ਤੇ ਵੇਖਿਆ ਮੀਨਾ ਸੁੱਤੀ ਹੋਈ ਸੀ। ਟੀ.ਵੀ. 'ਤੇ ਇਕ ਅਫਰੀਕੀ ਚੈਨਲ ਚੱਲ ਰਿਹਾ ਸੀ। ਨੰਗੀਆਂ ਭੜੰਗੀਆਂ ਕੁੜੀਆਂ, ਉਹੀ ਸਭ ਕੁਝ ਜੋ ਉਹ ਅੱਖੀਂ ਵੇਖ ਚੁੱਕਿਆ ਸੀ।

ਰੱਬ ਦੀ ਰਹਿਮਤ ਕਾਸਮ ਦੇ ਨਾਲ ਸੀ। ਮੀਨਾ ਮਾਂ ਬਣਨ ਵਾਲੀ ਸੀ ਤੇ ਉਹਦੇ ਲਈ ਇਹ ਬੜੀ ਖ਼ੁਸ਼ੀ ਵਾਲੀ ਗੱਲ ਸੀ। ਉਹ ਹੋਰ ਧਿਆਨ ਨਾਲ ਨਵੀਂ ਕੋਠੀ ਦਾ ਕੰਮ ਕਰਵਾਣ ਲੱਗਾ ਕਿ ਨਵਾਂ ਜੀਅ ਉਥੇ ਹੀ ਰਿਹਾ ਕਰੇਗਾ। ਕਾਸਮ ਹੁਣ ਮੀਨਾ ਦਾ ਬਹੁਤ ਖ਼ਿਆਲ ਰੱਖਦਾ। ਜਿਥੇ ਉਹਨਾਂ ਦੀ ਨਵੀਂ ਕਨਾਲ ਵਾਲੀ ਕੋਠੀ ਸੀ ਉਹਦੇ ਤੋਂ ਮੀਲ ਕੁ ਪੰਧ 'ਤੇ ਫਲੀਟ ਸਨ ਜਿਥੇ ਹਬਸ਼ੀਆਂ ਦਾ ਇਕ ਕੁਨਬਾ ਰਹਿੰਦਾ ਸੀ। ਸ਼ਾਇਦ ਉਹ ਇੰਪਰੋਟ ਐਕਸਪੋਰਟ ਦਾ ਕੰਮ ਕਰਦੇ ਸਨ। ਇਕ ਦਿਨ ਜਦ ਕਾਸਮ ਨੇ ਉਹਨਾਂ ਨੂੰ ਵੇਖਿਆ ਤੇ ਜਿਵੇਂ ਸਭ ਕੁਝ ਯਾਦ ਆ ਗਿਆ। ਉਹ ਗੁੱਸੇ ਨਾਲ ਲਾਲ ਪੀਲਾ ਘਰ ਪਰਤਿਆ ਤੇ ਮੀਨਾ ਨੂੰ ਵੇਖਿਆ। ਉਹ ਇਕ ਅਫਰੀਕੀ ਚੈਨਲ ਉੱਤੇ ਕਾਲਿਆਂ ਦੀ ਫਿਲਮ ਵੇਖ ਰਹੀ ਸੀ। ਉਹ ਹੋਰ ਵੀ ਸੜ ਗਿਆ। ਉਹਦੇ ਵਾਸਤੇ ਇਹ ਅਨਹੋਣੀ ਸੀ ਕਿ ਮੀਨਾ ਨੂੰ ਕੋਈ ਹੋਰ ਚੈਨਲ ਸੁੱਝਦਾ ਈ ਨਹੀਂ।

"ਇਹ ਚੈਨਲ ਨਾ ਵੇਖਿਆ ਕਰ।"

"ਕਿਉਂ ?"

"ਕਾਲ਼ੇ ਮਰਦੂਦ...ਗੰਦੇ ਬੰਦੇ ਹੁੰਦੇ ਨੇ ਇਹ।"

"ਇਨਸਾਨ ਹੋਣਾ ਵੱਡੀ ਗੱਲ ਏ। ਤੁਸੀਂ ਕਿਹੋ ਜਿਹੀਆਂ ਗੱਲਾਂ ਕਰ ਰਹੇ ਓ ?"

"ਮੈਂ ਇਹਨਾਂ ਨੂੰ ਤੇਰੇ ਤੋਂ ਬਹੁਤਾ ਜਾਣਦਾ ਆਂ। ਬੱਸ ਤੂੰ ਨਾ ਵੇਖਿਆ ਕਰ। ਮੇਰਾ ਖ਼ੂਨ ਖੌਲਣ ਲੱਗ ਪੈਂਦਾ ਏ ਜਦੋਂ ਮੈਂ ਇਹਨਾਂ ਕਾਲ਼ੀ ਚਮੜੀ ਵਾਲਿਆਂ ਨੂੰ ਵੇਖਦਾ ਵਾਂ।"

ਮੀਨਾ ਜਿਵੇਂ ਸਭ ਸਮਝ ਚੁੱਕੀ ਸੀ। ਉਹ ਕਾਸਮ ਨੂੰ ਸ਼ਾਂਤ ਕਰਨ ਲੱਗੀ, "ਚਲੋ ਜਿਵੇਂ ਤੁਹਾਡੀ ਮਰਜ਼ੀ। ਲਓ ਮੈਂ ਇਹ ਚੈਨਲ ਈ ਸਕਿੱਪ ਕਰ ਦੇਨੀ ਆਂ।" ਤੇ ਫਿਰ ਰਿਮੋਟ ਫੜ ਕੇ ਵਾਕਿਆ ਈ ਉਹਨੇ ਉਹ ਚੈਨਲ ਬਦਲ ਦਿੱਤਾ। ਕਾਸਮ ਬਹੁਤ ਖੁਸ਼ ਸੀ ਤੇ ਫੇਰ ਉਹ ਨਵੇਂ ਆਵਣ ਵਾਲੇ ਜੀਅ ਦੀ ਤਿਆਰੀ ਕਰਨ ਲੱਗੇ। ਉਹਦੇ ਵਾਸਤੇ ਉਹ ਇਕ ਦਿਨ ਨਿੱਕੇ ਨਿੱਕੇ ਕੱਪੜੇ ਲੈ ਕੇ ਆਏ। ਫੀਡਰ, ਪੰਘੂੜਾ, ਛਣਕਣੇ ਤੇ ਹੋਰ ਖਿਡੌਣੇ। ਦੋਵੇਂ ਬੜੇ ਚਾਵਾਂ ਵਿਚ ਸਨ। ਕਾਸਮ ਦੀ ਨਿੱਕੀ ਭੈਣ ਵੀ ਉਹਨਾਂ ਕੋਲ ਆਈ ਕਿਉਂਕਿ ਦਿਨ ਨੇੜੇ ਸਨ। ਸਭ ਕੁਝ ਚਾਵਾਂ ਭਰਿਆ ਸੀ। ਮੀਨਾ ਇਕ ਭਰੇ ਜੁੱਸੇ ਵਾਲੀ ਔਰਤ ਲੱਗਣ ਲੱਗ ਪਈ ਸੀ। ਉਹਦੀਆਂ ਅੱਖਾਂ ਅੰਦਰ ਨੂੰ ਤੇ ਗੱਲਾਂ ਭਾਰੀਆਂ ਹੋ ਗਈਆਂ। ਉਹ ਟੁਰਦੀ ਤੇ ਸੱਜਾ ਪੈਰ ਨੱਪਦੀ ਸੀ।

ਉਹਨੂੰ ਐਤਕੀਂ ਵੀ ਡਰ ਲੱਗਦਾ ਸੀ ਇਸ ਲਈ ਕਾਸਮ ਨੇ ਉਹਨੂੰ ਹਸਪਤਾਲ ਵਿਚ ਦਾਖ਼ਲ ਹੋਣ ਦਾ ਮਸ਼ਵਰਾ ਦਿੱਤਾ ਕਿ ਉਥੇ ਬਹੁਤ ਸੌਖਤ ਹੁੰਦੀ ਏ ਪਰ ਉਹ ਹਸਪਤਾਲ ਤੋਂ ਵੀ ਡਰਦੀ ਸੀ। ਹਸਪਤਾਲ ਵਿਚ ਉਹਦੀ ਵੱਡੀ ਭੈਣ ਬੱਚੇ ਨੂੰ ਜੰਮਦੀ ਈ ਮੋਈ ਸੀ। ਉਹ ਮੌਤ ਕੋਲੋਂ ਕਾਫ਼ੀ ਡਰਨ ਵਾਲੀ ਔਰਤ ਸੀ। ਫੇਰ ਕਾਸਮ ਨੇ ਇਕ ਸੀਨੀਅਰ ਨਰਸ ਦਾ ਇੰਤਜ਼ਾਮ ਕੀਤਾ। ਉਹ ਨਰਸ ਕਾਫ਼ੀ ਤਜਰਬੇਕਾਰ ਤੇ ਵਡੇਰੀ ਸੀ। ਉਹ ਇਕ ਹਫ਼ਤੇ ਤੋਂ ਈ ਓਥੇ ਈ ਉਹਨਾਂ ਦੇ ਘਰ ਟਿਕ ਗਈ ਸੀ। ਮੁਹੱਲੇ ਦੀ ਦਾਈ ਵੀ ਰੋਜ਼ ਚੱਕਰ ਲਾਉਂਦੀ ਰਹਿੰਦੀ ਤੇ ਕਾਸਮ ਕੋਲੋਂ ਕਰਨਿਕਲ ਦੇ ਦੋ ਸੂਟਾਂ ਦਾ ਮਤਾਲਬਾ ਤੇ ਇਕ ਹਜ਼ਾਰ ਉਹ ਛੱਡ ਨਹੀਂ ਸੀ ਸਕਦੀ। ਆਖ਼ਰ ਉਹ ਮੁਹੱਲੇ ਦੀ ਦਾਈ ਸੀ।

ਰੱਬ ਰੱਬ ਕਰਦਿਆਂ ਉਹ ਵੇਲ਼ਾ ਵੀ ਆਇਆ। ਕਾਸਮ ਬਹੁਤ ਖ਼ੁਸ਼ ਸੀ। ਘਰ ਵਿਚ



ਮੇਲਾ ਜਿਹਾ ਲੱਗਿਆ ਸੀ। ਮੀਨਾ ਦੀ ਮਾਂ ਤੇ ਨਣਾਨ ਵੀ ਆਏ ਹੋਏ ਸਨ, ਉਹ ਵੇਲਾ ਰਾਤ ਦਾ ਈ ਸੀ। ਦਾਈ ਵੀ ਉਥੇ ਆ ਪਹੁੰਚੀ। ਮੀਨਾ ਪੀੜਾਂ ਨਾਲ ਕੁਰਲਾਈ। ਜਾਹਰ ਹੀ ਸੀ ਤੇ ਕਾਸਮ ਕਮਰੇ ਤੋਂ ਬਾਹਰ ਖਲੋਤਾ ਦਿਲ ਈ ਦਿਲ ਵਿਚ ਪਤਾ ਨਹੀਂ ਕਿਹੜੀਆਂ ਦੁਆਵਾਂ ਮੰਗੀ ਜਾ ਰਿਹਾ ਸੀ। ਉਹਨੂੰ ਸਭ ਕੁਝ ਜਿਵੇਂ ਭੁੱਲ ਗਿਆ ਸੀ ਤੇ ਉਹ ਉਹਨਾਂ ਗੱਲਾਂ ਨੂੰ ਯਾਦ ਕਰ ਰਿਹਾ ਸੀ ਜੋ ਉਹਨਾਂ ਨੂੰ ਯਾਦ ਰਹਿਣੀਆਂ ਚਾਹੀਦੀਆਂ ਸਨ। "ਮੇਰਾ ਪੁੱਤਰ ਹੋਵੇਗਾ ਜਾਂ ਧੀ ਪਰ ਤੈਨੂੰ ਕੋਈ ਪਿਓ ਆਖਣ ਵਾਲਾ ਹੋਵੇਗਾ।"

"ਪਾਪਾ!" ਉਹਦੇ ਖ਼ਿਆਲਾਂ ਵਿਚ ਕੰਨਾਂ ਵਿਚ ਜਿਵੇਂ ਆਵਾਜ਼ ਪਈ ਸੀ ਤੇ ਉਹ ਨੱਸ ਕੇ ਬਰਾਮਦੇ ਵੱਲ ਗਿਆ। ਕਾਸਮ ਦੀ ਭੈਣ ਖ਼ੁਸ਼ੀ ਖ਼ੁਸ਼ੀ ਆ ਰਹੀ ਸੀ, "ਸ਼ੁਕਰ ਏ ਰੱਬ ਨੇ ਸਾਡੇ ਪਰਿਵਾਰ ਵਿਚ ਵੀ ਬੂਟਾ ਲਾਇਆ ਏ, ਮੁੰਡਾ ਹੋਇਆ ਏ ਮੁੰਡਾ।"

ਦਾਈ ਵੀ ਮੁੰਡੇ ਦੀ ਖੁਸ਼ਖ਼ਬਰੀ ਤੇ ਆਪਣੇ ਮਤਾਲਬੇ ਦੀ ਖ਼ਬਰ ਸੁਣਾ ਕੇ ਹੱਥ ਧੋਣ ਚਲੀ ਗਈ। ਕਾਸਮ ਅੰਦਰ ਮੀਨਾ ਤੇ ਆਪਣੇ ਬੱਚੇ ਕੋਲ ਗਿਆ। ਮੀਨਾ ਅਜਿਹਾ ਫੁੱਲ ਲੱਗ ਰਿਹਾ ਸੀ ਜਿਹੜਾ ਅੱਧ ਖਿੜਿਆ ਤੇ ਅੱਧ ਮੁਰਝਾਇਆ ਹੋਵੇ। ਬੱਚਾ ਚੁੱਕਣ ਲਈ ਹੱਥ ਵਧਾਇਆ ਤੇ ਨਰਸ ਨੇ ਕੱਪੜੇ ਵਿਚ ਲਪੇਟੇ ਬੱਚੇ ਨੂੰ ਉਹਦੇ ਵੱਲ ਵਧਾਇਆ। ਕਾਸਮ ਨੇ ਉਹਦਾ ਮੁੱਖੜਾ ਵੇਖਿਆ ਜਿਹੜਾ ਕੱਪੜੇ ਵਿਚੋਂ ਬਾਹਰ ਸੀ। ਉਹਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ ਤੇ ਉਹ ਕਾਹਲੀ ਨਾਲ ਕਮਰੇ ਤੋਂ ਬਾਹਰ ਨਿਕਲ ਗਿਆ।

"ਕਾਕਾ ਵੇਖ ਲਿਆ ਜੇ ?" ਕਾਸਮ ਦੀ ਭੈਣ ਖ਼ੁਸ਼ ਸੀ।

"ਕਾਲਾ ਧੁੱਤ ਹਬਸ਼ੀ ਏ...!" ਕਾਸਮ ਨੇ ਜਿਵੇਂ ਖਰਾਬ ਥੋਮ ਨੂੰ ਚਿੱਥਿਆ ਤੇ ਬਾਹਰ ਨੂੰ ਨਿਕਲ ਜਾਣ ਵਾਲੇ ਦਰਵਾਜ਼ੇ ਵੱਲ ਆਪਣੇ ਕਦਮ ਵਧਾਵਣ ਲੱਗ ਪਿਆ।

•

#37-ਐਸ-128, ਬਹਾਰ ਕਲੋਨੀ, ਕੋਟ ਲੱਖਪਤ, ਲਾਹੌਰ।
ਮੋਬਾਇਲ : 0092-333-4306384, e-mail : karmatmughal123@hotmail.com

*ਵਿਚਲੀ ਔਰਤ ਤੋਂ ਬਾਅਦ ਤਲਵਿੰਦਰ ਸਿੰਘ* ਦਾ ਕਹਾਣੀ ਸੰਗ੍ਰਹਿ

**ਨੀਲਾ ਪਾਣੀ**

(ਛਪਾਈ ਅਧੀਨ)
ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

*

***ਮੈਂ ਤਾਂ ਚੁੱਪ ਹੀ ਰਿਹਾ*** ਤੋਂ ਬਾਅਦ ਨੌਜਵਾਨ ਸ਼ਾਇਰ **ਰਮਨਦੀਪ** ਦਾ ਗ਼ਜ਼ਲ ਸੰਗ੍ਰਹਿ

**ਤੈਨੂੰ ਸੂਰਜ ਕਿਹਾ ਸੀ**

ਲੋਕਧਾਰਾ ਪ੍ਰਕਾਸ਼ਨ, ਅੰਮ੍ਰਿਤਸਰ
ਪੰਨੇ 96 ਮੁੱਲ 100

# - ਸੱਪ

ਖਾਵਰ ਰਾਜਾ -

ਈ...।

ਕੀ ਹੋਇਆ ਏ ? ਕਿਉਂ ਪਈ ਚਾਂਘੜਨੀ ਏਂ ?

ਸ...ਸ...ਸੱਪ।

ਸੱਪ ? ਆਏ ਹਾਏ ਧੀਏ ! ਐਵੇਂ ਈ ਡਰ ਗਈ ਏਂ।

ਨਹੀਂ ਅੰਮਾ ਸੱਚਮੁੱਚ ਐਡਾ ਲੰਮਾ ਸੱਪ ਵੇਖਿਆ ਏ। ਹਾਏ ਮੈਨੂੰ ਤਾਂ ਡਰ ਪਿਆ ਲੱਗਦਾ ਏ।

ਮੇਰੀ ਪਿਆਰੀ ਧੀ, ਦਿਲ ਵੱਡਾ ਕਰ ਸੱਪ ਈ ਤੇ ਸੀ।

ਸੱਪ ਐਡਾ ਖ਼ਤਰਨਾਕ ਏ ਤੇ ਤੁਸੀਂ...ਤੁਸੀਂ ਓਥੇ ਆਰਾਮ ਨਾਲ ਬੈਠੇ ਓ। ਅੰਮਾ ਅੰਮਾ ! ਪੈਰ ਉੱਤੇ ਕਰ ਲਓ ਕਿਤੇ ਫੇਰ ਨਾ ਨਿਕਲ ਆਏ।

ਕੁਝ ਨਹੀਂ ਹੁੰਦਾ ਮੇਰੀ ਧੀ। ਸੱਪ ਤੋਂ ਕੀ ਡਰਨਾ। ਪੈਰ ਉਤਾਂਹ ਕਰਕੇ ਵੀ ਕੀ ਹੋਏਗਾ ?

ਤੇ ਕੀ ਉਹ ਉੱਤੇ ਆ ਜਾਏਗਾ ?

ਆ ਜਾਏਗਾ ਕੀ, ਰਹਿੰਦਾ ਏ।

ਕੀ ਉਤਾਂਹ ਰਹਿੰਦਾ ਏ ?

ਧੀਏ ! ਸੱਪ ਤੇ ਹਰ ਥਾਂ ਰਹਿੰਦਾ ਏ ਤੇ ਅਸੀਂ ਤਾਂ ਰਹਿੰਨੇ ਈ ਸੱਪਾਂ ਵਿਚ ਆਂ।

ਪਰ ਮੈਂ ਤਾਂ ਪਹਿਲੀ ਵਾਰੀ ਵੇਖਿਆ ਏ।

ਜੇ ਕੋਈ ਸ਼ੈਅ ਨਜ਼ਰ ਨਾ ਆਵੇ ਤਾਂ ਇਹਦਾ ਇਹ ਮਤਲਬ ਨਹੀਂ ਪਈ ਉਹ ਹੈ ਨਹੀਂ।

ਅੱਛਾ ?

ਆਹੋ, ਤੇ ਫੇਰ ਧੀਆਂ ਨੂੰ ਤੇ ਉੱਕਾ ਨਹੀਂ ਡਰਨਾ ਚਾਹੀਦਾ।

ਅੰਮਾ ! ਸੱਪ ਦੇ ਡੰਗ ਨਾਲ ਬੰਦਾ ਮਰ ਜਾਂਦਾ ਏ ?

ਆਹੋ ਮੇਰੀ ਧੀ। ਮਰ ਵੀ ਜਾਂਦਾ ਏ ਤੇ ਬਚ ਵੀ ਜਾਂਦਾ ਏ। ਜੇ ਸੱਪ ਸ਼ਕਲ ਬਦਲ ਕੇ ਡੰਗੇ...।

ਕੀ ਮਤਲਬ ?

ਰੂਪ ਬਦਲ ਕੇ ਡੰਗੇ ਤਾਂ ਇਨਸਾਨ ਮਰਦਾ ਨਹੀਂ ਪਰ ਜਿੰਦਾ ਵੀ ਨਹੀਂ ਰਹਿੰਦਾ।

ਪਤਾ ਨਹੀਂ ਤੁਸੀਂ ਕੀ ਕਹਿੰਦੇ ਪਏ ਓ ?

ਵੇਖ ਧੀਏ ! ਬਜ਼ੁਰਗਾਂ ਤੋਂ ਸੁਣਦੇ ਆਏ ਆਂ ਪਈ ਸੱਪ ਜਦੋਂ ਸੌ ਸਾਲ ਦਾ ਹੋ ਜਾਏ ਤੇ



ਉਹ ਸ਼ਕਲ ਬਦਲ ਲੈਂਦਾ ਏ। ਸ਼ੇਸ਼ਨਾਗ ਤੇ ਜਿਹੜਾ ਚਾਹਵੇ ਰੂਪ ਬਦਲ ਸਕਦਾ ਏ।

ਇਹਦਾ ਮਤਲਬ ਏ ਸੱਪ ਇਨਸਾਨ ਵੀ ਬਣ ਸਕਦਾ ਏ।

ਆਹੋ ! ਤੇ ਮੈਨੂੰ ਤਾਂ ਇੰਜ ਲੱਗਦਾ ਏ ਪਈ ਦੁਨੀਆ ਵਿਚ ਹੁਣ ਰਹਿ ਈ ਸੱਪ ਗਏ ਨੇ।

ਹੈਂ ?

ਜਾਹ ਆਪਣਾ ਕੰਮ ਕਰ...।

ਮੈਨੂੰ ਤਾਂ ਡਰ ਲੱਗਦਾ ਪਿਆ ਏ, ਕੋਈ ਡੰਡਾ ਸੋਟਾ ਤੇ ਫੜੋ ਉਹਨੂੰ ਮਾਰਨ ਲਈ।

ਨਾ ਵਈ ਮੈਂ ਤੇ ਨਹੀਂ ਮਾਰਾਂਗੀ।

ਅੰਮਾ ! ਉਂਜ ਤੇ ਤੁਸੀਂ ਬੜੇ ਬਹਾਦਰ ਬਣਦੇ ਓ ਤੇ ਸੱਪ ਨੂੰ ਮਾਰਨ ਤੋਂ ਡਰਦੇ ਓ।

ਡਰਦੀ ਨਹੀਂ ਧੀਏ ! ਏਸ ਗ਼ਰੀਬ ਨੂੰ ਕੀ ਮਾਰਨਾ।

ਹੈਂ...ਗਰੀਬ...ਸੱਪ ਗਰੀਬ...। ਅੰਮਾ ਜਾਂ ਤੇ ਮੇਰੀ ਅਕਲ ਜਾਂਦੀ ਰਹੀ ਏ ਜਾਂ ਫੇਰ ਤੁਹਾਡੀ।

ਨਹੀਂ ਪੁੱਤਰੀ ! ਨਾ ਤੇਰੀ ਅਕਲ ਗਵਾਚੀ ਏ ਨਾ ਮੇਰੀ। ਬੱਸ ਤੇਰੀ ਅਕਲ ਤੇ ਮਾਸੂਮੀਅਤ ਦਾ ਪਰਦਾ ਏ ਤੇ ਮੇਰੀ ਅਕਲ ਨੂੰ ਤਜਰਬਿਆਂ ਨੇ ਜ਼ਾਹਰ ਕਰ ਦਿੱਤਾ ਏ।

ਹਾਏ ਅੰਮਾਂ ! ਤੁਸੀਂ ਤੇ ਫ਼ਲਸਫ਼ਾ ਝਾੜਨ ਲੱਗ ਪਏ ਓ। ਐਥੇ ਜਾਨ ਤੇ ਬਣੀ ਏ। ਕੋਈ ਡੰਡਾ ਸੋਟਾ ਫੜੋ।

ਕਾਹਦੇ ਲਈ ?

ਕਿਉਂ ?

ਹੁਣ ਦੁਨੀਆ ਜੁ ਵੇਖ ਲਈ ਏ।

ਦੁਨੀਆ ਤੇ ਬੜੀ ਸੋਹਣੀ ਏ ਤੇ...ਮੈਨੂੰ ਤਾਂ ਸੈਰ ਵਸਿਆਹਤ ਦਾ ਬੜਾ ਸ਼ੌਕ ਏ। ਮੇਰਾ ਦਿਲ ਕਰਦਾ ਏ ਮੈਂ ਸਾਰੀ ਦੁਨੀਆ ਦੀ ਸੈਰ ਕਰਾਂ। ਕਿਹੋ ਕਿਹੋ ਜਿਹੇ ਹੁਸੀਨ ਮੰਜ਼ਰ ਨੇ। ਕਿਹੋ ਕਿਹੋ ਜਿਹੇ ਹੁਸੀਨ ਲੋਕ ਨੇ। ਵੀਨਸ ਦਾ ਹੁਸਨ ਵੇਖਾਂ, ਰੋਮ ਤੇ ਸ਼ਾਮ ਦੇ ਰੰਗ ਵੇਖਾਂ, ਮਿਸਰ ਦੇ ਅਜੂਬੇ ਵੇਖਾਂ। ਇਨਸਾਨੀ ਦਿਮਾਗ਼ ਨੇ ਸਦੀਆਂ ਪਹਿਲਾਂ ਇਹ ਸਭ ਕੁਝ ਕਿੰਜ ਬਣਾਇਆ ਜਦੋਂ ਮਸ਼ੀਨਰੀ ਦੀ ਸ਼ੁਰੂਆਤ ਵੀ ਨਹੀਂ ਸੀ। ਕਿੰਜ ਐਡੀਆਂ ਵੱਡੀਆਂ ਵੱਡੀਆਂ ਸਿੱਲਾਂ ਚੁੱਕੀਆਂ, ਚੀਨ ਦੀ ਦੀਵਾਰ ਵੀ ਵੇਖਾਂ, ਕਿਤੇ ਦੀ ਸਵੇਰ ਕਿਤੇ ਦੀ ਸ਼ਾਮ ਵੇਖਾਂ...। ਹਾਏ ਮੈਨੂੰ ਤੇ ਬੜਾ ਸ਼ੌਕ ਏ। ਤੁਸਾਂ ਇਹ ਸਭ ਕੁਝ ਵੇਖਿਆ ਏ ?

ਇਹਦੇ ਤੋਂ ਕਿਤੇ ਵੱਧ ਵੇਖਿਆ।

ਅੱਛਾ ਮੈਨੂੰ ਦੱਸੋ ਤੁਸਾਂ ਕੀ ਕੀ ਵੇਖਿਆ ?

ਰੱਬ ਤੇਰੇ ਕੰਨਾਂ ਤੋਂ ਦੂਰ ਰੱਖੇ। ਇਹ ਗੱਲਾਂ ਨਹੀਂ ਸੁਣੀਦੀਆਂ।

ਕਿਉਂ ?

ਦੁਨੀਆ ਐਡੀ ਸੋਹਣੀ ਨਹੀਂ ਜਿੱਡੀ ਨਜ਼ਰ ਆਉਂਦੀ ਏ ਤੇ ਇਨਸਾਨ ਤਾਂ ਜਿਥੇ ਵੀ ਏ ਸਿਰਹਾਣੇ ਦਾ ਸੱਪ ਏ।

ਮੈਂ ਕੱਲ੍ਹ ਇਕ ਖ਼ਾਬ ਵੇਖਿਆ, ਤੁਹਾਨੂੰ ਸੁਣਾਨੀਂ ਆਂ।

ਨਹੀਂ, ਮੈਨੂੰ ਪਤਾ ਏ ਤੂੰ ਕੀ ਖ਼ਾਬ ਵੇਖਿਆ ਹੋਏਗਾ।

ਅੱਛਾ, ਤੁਹਾਨੂੰ ਕਿੰਜ ਪਤਾ ਲੱਗ ਗਿਆ ?

ਕਿਉਂਕਿ ਮੈਂ ਵੀ ਇਹੋ ਈ ਖ਼ਾਬ ਵੇਖਿਆ ਸੀ।

ਫੇਰ ਉਹ ਪੂਰਾ ਹੋਇਆ ?

ਨਹੀਂ ਖ਼ਾਬ ਪੂਰੇ ਨਹੀਂ ਹੁੰਦੇ।

ਅੱਛਾ ਤੇ ਖ਼ਾਬ ਨਾ ਵੇਖਿਆ ਕਰਾਂ ?

ਇਹ ਖ਼ਾਬ ਵੇਖੀਦੇ ਨਹੀਂ, ਇਹ ਤੇ ਆਪੇ ਨਜ਼ਰ ਆਉਂਦੇ ਨੇ। ਤੂੰ ਨਾ ਵੀ ਵੇਖੇਂ ਤਾਂ ਵੀ ਨਜ਼ਰ ਆਵਣਗੇ। ਤੇ ਮੈਂ ਵੇਖਾਂ ਵੀ ਤੇ ਨਜ਼ਰ ਨਹੀਂ ਆਉਣਗੇ।

ਕਿਉਂ ?

ਤੇਰੀਆਂ ਅੱਖਾਂ ਤੇ ਚਮਕੀਲਾ ਹੁਸੀਨ ਪਰਦਾ ਏ ਜਿਹਦੀ ਤਹਿ ਹੇਠ ਖ਼ਾਬ ਛਿਪੇ ਹੋਏ ਨੇ ਤੇ ਵਾਰੀ ਵਾਰੀ ਨਜ਼ਰ ਆਉਂਦੇ ਨੇ। ਤੇ ਮੇਰੀਆਂ ਅੱਖਾਂ ਤੋਂ ਦੁਨੀਆ ਨੇ ਛੇਤੀ ਹੀ ਇਹ ਪਰਦਾ ਲਾਹ ਸੁੱਟਿਆ।

ਫੇਰ ਤੁਸਾਂ ਕੀ ਵੇਖਿਆ ?

ਸੱਪ...।

ਫੇਰ ਤੁਸੀਂ ਡਰ ਗਏ ?

ਆਹੋ, ਫੇਰ ਮੈਂ ਡਰ ਗਈ।

ਫੇਰ ?

ਫੇਰ ਇਹ ਡਰ ਮੁੱਕ ਗਿਆ।

ਉਹ ਕਿਸਰਾਂ ?

ਫੇਰ ਮੈਂ ਆਦੀ ਹੋ ਗਈ ਸੱਪਾਂ ਵਿਚ ਰਹਿਣ ਦੀ।

ਕਿੰਨਾ ਅਰਸਾ ਤੁਸੀਂ ਸੱਪਾਂ ਵਿਚ ਰਹੇ ?

ਜਦੋਂ ਦੀ ਪੈਦਾ ਹੋਈ ਤੇ ਜਦੋਂ ਤੀਕ ਜੀਉਂਦੀ ਰਹਾਂਗੀ।

ਤੁਸੀਂ ਤੇ ਸਾਡੇ ਨਾਲ ਰਹਿੰਦੇ ਓ, ਏਸ ਘਰ ਵਿਚ। ਏਥੇ ਤੇ ਕੋਈ ਸੱਪ ਨਹੀਂ।

ਤੈਨੂੰ ਨਜ਼ਰ ਨਹੀਂ ਆਉਣਗੇ। ਪਹਿਲਾਂ ਮੈਨੂੰ ਵੀ ਨੁਜ਼ਰ ਨਹੀਂ ਆਉਂਦੇ ਸਨ ਤੇ ਫੇਰ ਮੈਂ ਵੇਖ ਲਏ।

ਕਿਥੇ ਛਿਪੇ ਹੋਏ ਸਨ ?

ਨਹੀਂ, ਉਹ ਤਾਂ ਹਰ ਪਾਸੇ ਨੇ। ਘਰਾਂ ਵਿਚ, ਛੱਤਾਂ 'ਤੇ, ਗਲੀਆਂ ਵਿਚ, ਸੜਕਾਂ 'ਤੇ, ਸੱਪ ਈ ਸੱਪ।

ਤੁਹਾਡੀ ਤਬੀਅਤ ਤੇ ਠੀਕ ਏ ?

ਬਿਲਕੁਲ ਠੀਕ ਏ

ਸ਼ੇਸ਼ਨਾਗ ਵੀ ਵੇਖਿਆ ਤੁਸੀਂ ?

ਸ਼ੇਸ਼ਨਾਗ, ਕੋਬਰਾ, ਢੱਲੋਂ, ਠਰਾ, ਸੰਗਚੂਰ, ਸਾਰੇ ਸੱਪ, ਨਾਗ ਈ ਨਾਗ।

ਕਿੰਜ ਦੇ ਹੁੰਦੇ ਨੇ ਉਹ ?

ਵੇਲਾ ਸਭ ਕੁਝ ਦੱਸ ਦੇਂਦਾ ਏ। ਅਸਲੀ ਸ਼ਕਲਾਂ ਵੀ ਵਿਖਾ ਦੇਂਦਾ ਏ। ਚੰਗਾ ਏ ਉਹ ਵੇਲਾ ਜਦ ਤੀਕ ਇਹ ਸਭ ਕੁਝ ਨਜ਼ਰ ਨਹੀਂ ਆਉਂਦਾ ਪਰ ਹਕੀਕਤ ਬਹੁਤੀ ਦੇਰ ਛੁਪੀ ਨਹੀਂ ਰਹਿੰਦੀ। ਇਕ ਸੱਪ ਨੂੰ ਮਾਰ ਦੇਣ ਨਾਲ ਕੀ ਸੱਪ ਮੁੱਕ ਜਾਣਗੇ ? ਨਹੀਂ, ਇਹ ਤੇ ਦੁਨੀਆ ਈ ਸੱਪਾਂ ਦੀ ਏ। ਨਿੱਕੇ-ਵੱਡੇ, ਲੰਮੇ-ਪਤਲੇ, ਸੁਨਹਿਰੀ-ਕਾਲੇ, ਚਿਤਰਿਆਂ ਵਾਲੇ ਰੰਗ ਬਰੰਗੇ ਨੀਲੇ ਪੀਲੇ, ਸੱਪ ਈ ਸੱਪ...ਉੱਠ ਝੱਲੀ ਜਿਹੀ ਨਾ ਹੋਵੇ ਤੇ। ਥੱਲੇ ਲਹਿ ਮੰਜੀ ਤੋਂ, ਸੱਪ ਤੋਂ ਕੀ ਕਰਨਾ। ਤੇ ਫੇਰ, ਧੀਆਂ ਨੂੰ ਤੇ ਉੱਕਾ ਨਹੀਂ ਡਰਨਾ ਚਾਹੀਦਾ। ਇਹਨਾਂ ਦੇ ਨਾਲ ਈ ਤਾਂ ਰਹਿਣਾ ਏ।

●



**ਚਿਰਾਗ਼ ਦੇ ਪਾਕਿਸਤਾਨੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ ਲਈ**
**ਸ਼ੁਭ ਇਛਾਵਾਂ**

## ਕੁਕਨੁਸ ਪ੍ਰਕਾਸ਼ਨ

150 ਕਿਤਾਬਾਂ ਦੇ ਪੂਰੇ ਸੈੱਟ ਦੀ ਕੀਮਤ : 2500 ਰੁਪਏ
ਜੀਵਨ ਮੈਂਬਰਸ਼ਿਪ : ਪੰਜ ਹਜ਼ਾਰ ਰੁਪਏ

ਤੁਹਾਡੀ ਪਸੰਦ ਦੀਆਂ ਗਿਆਰਾਂ ਸੌ ਰੁਪਏ ਦੇ ਮੁੱਲ ਦੀਆਂ ਕਿਤਾਬਾਂ ਸਿਰਫ਼ ਪੰਜ ਸੌ ਰੁਪਏ ਵਿਚ
ਪਾਠਕਾਂ ਲਈ ਵਿਸ਼ੇਸ਼ ਰਿਆਇਤ : 40% ਤੋਂ 70% ਤਕ
ਵਧੇਰੇ ਜਾਣਕਾਰੀ ਲਈ ਪੰਜ ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਸੂਚੀ ਮੰਗਵਾਓ

**ਕੁਕਨੁਸ ਦਾ 'ਚਲਦਾ ਫਿਰਦਾ ਕਿਤਾਬ ਘਰ'**
ਤੁਹਾਡੇ ਘਰ ਤਕ ਕਿਤਾਬਾਂ ਪਹੁੰਚਾਉਣ ਲਈ ਵਚਨਬੱਧ ਹੈ।

ਐਨ. ਐਮ. 451, ਮੁਹੱਲਾ ਕਰਾਰ ਖਾਂ, ਜਲੰਧਰ
ਨਵਾਂ ਜ਼ਮਾਨਾ ਬੁੱਕ ਸ਼ਾਪ, ਨਹਿਰੂ ਗਾਰਡਨ ਰੋਡ, ਜਲੰਧਰ
ਫ਼ੋਨ : 2214028, 98140-55411
(ਸਹਿਯੋਗ ਰਾਸ਼ੀ ਮਨੀਆਰਡਰ ਜਾਂ ਡਿਮਾਂਡ ਡਰਾਫਟ ਰਾਹੀਂ ਹੀ ਭੇਜੀ ਜਾਏ)

**ਵਾਹ ਪ੍ਰੀਤ !** **ਬੱਲੇ ਪ੍ਰੀਤ !!**

ਤੁਹਾਡੇ ਭਰੋਸੇ ਦਾ ਨਾਂ
ਸਪੈਸ਼ਲ

## ਅਮਰ ਪ੍ਰੀਤ ਸੰਤੁਲਤ ਫੀਡ

**ਅਤੇ**

## ਖਲ ਬਿਨੌਲਾ

**ਸਦਾ ਵਰਤੋ**

**ਸਟਾਕਿਸਟ :**
ਪ੍ਰੀਤ ਫੀਡ ਸੇਲਜ਼, ਤਰਨ ਤਾਰਨ
ਫ਼ੋਨ : (ਦਫ਼ਤਰ) 01852-222927, 98140-75265
ਫੈਕਸ : 01852-225327

ਫ਼ਾਰਮ 4　　ਨਿਯਮ 8

ਤਿਮਾਹੀ **ਚਿਰਾਗ਼** ਬਾਰੇ ਜਾਣਕਾਰੀ

1. ਪ੍ਰਕਾਸ਼ਨ ਸਥਾਨ : ਜਲੰਧਰ
2. ਪ੍ਰਕਾਸ਼ਨ ਕਾਲ : ਤ੍ਰੈਮਾਸਿਕ
3. ਪ੍ਰਕਾਸ਼ਕ ਤੇ ਮਾਲਕ : ਡਾ. ਅਨੂਪ ਸਿੰਘ
   ਸ਼ਹੀਦ ਸਰਵਣ ਸਿੰਘ ਚੀਮਾ ਭਵਨ,
   ਗੜ੍ਹਾ, ਜਲੰਧਰ (0181-2483033)
4. ਸੰਪਾਦਕ : ਹਰਭਜਨ ਸਿੰਘ ਹੁੰਦਲ
   ਪਿੰਡ ਫੱਤੂ ਚੱਕ, ਡਾਕ: ਢਿਲਵਾਂ
   ਜ਼ਿਲ੍ਹਾ ਕਪੂਰਥਲਾ (01822-273188)
5. ਮੈਂ ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਰਜ ਵੇਰਵੇ ਮੇਰੇ ਗਿਆਨ ਅਤੇ ਵਿਸ਼ਵਾਸ ਅਨੁਸਾਰ ਸਹੀ ਹਨ।

ਸਹੀ/-

(ਡਾ. ਅਨੂਪ ਸਿੰਘ)


* *With Best Compilments From* *

**S. S. Tailor**

*Kairon Market, Amritsar, Ph : 0183-5539892*

**Sandhu Bros.**

*Chowk Farid, Amritsar, Ph : 0183-2544979*

* *With Best Compilments From* *

Navjot Modern Sr. Sec. School

**(Recognised)**

Kashmir Road, Amritsar-143 006

Ph : 2271251, 2273845





*With Best Compliments From :*

**Dasmesh Water Meters**

**ISO 9001 : 2000 Co.**




• Magnetic Driven • App. By Municipal Corpn. Mumbai
• DGS & D. Rate Contract • Size 15 mm to 900 mm

**Dasmesh Engg. Works**

35-East Mohan Nagar, Amritsar - 143001

Ph.: 2582617 Fax : 0183-2582618

*With Best Compliments From :*

PST/CST No. 16016910
Subject to Amritsar Jurisdiction

# Associated Industrial Corporation

EXPORT DIVISION

Deals in : Corrugated Board & Box Making Machinery, Paper Mill Projects, Binding, Printing and Allied Machines.

271-A, 100ft Road, East Mohan Nagar, Amritsar-143006 (Punjab) India.
Ph.: 91-183-5063804, 5094792 Fax : 91-183-2580571
E-mail : associat2003@yahoo.com • website : www.supersujata.com

## ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ ਦੀਆਂ ਪ੍ਰਕਾਸ਼ਨਾਵਾਂ






ਪੁਸਤਕ ਪ੍ਰਾਪਤੀ ਸਥਾਨ : ਸੁਖ਼ਨ ਗ੍ਰਾਫਿਕਸ
ਚੌਂਕ ਹੁਸੈਨਪੁਰਾ, ਅੰਮ੍ਰਿਤਸਰ । ਫ਼ੋਨ : 0183-2586107, 3956339



ਦੋਹਾਂ ਪੰਜਾਬਾਂ ਦੀ ਸਾਂਝ ਦਾ ਮੂਲ ਆਧਾਰ ਦੋਹਾਂ ਦੀ ਸਾਂਝੀ ਰਹਿਤਲ, ਸਾਂਝੀ ਭਾਸ਼ਾ ਤੇ ਸਾਂਝਾ ਸਭਿਆਚਾਰ ਹੀ ਹੈ। ਮਾਨਵੀ ਸੰਵੇਦਨਾ ਦੇ ਰੰਗ ਵੀ ਦੋਹਾਂ ਖਿੱਤਿਆਂ ਦੇ ਸਾਂਝੇ ਹਨ। ਜਦੋਂ ਕਈ ਕੁਝ ਸਾਂਝਾ ਹੋਵੇ ਤਾਂ ਅਦਬ ਦੀ ਸਾਂਝ ਹੋਣੀ ਸੁਭਾਵਕ ਹੀ ਹੈ। ਸੁਖਾਵਾਂ ਮਾਹੌਲ ਬਣਨ ਨਾਲ ਉਸ ਪਾਰ ਦੇ ਪੰਜਾਬੀ ਅਦਬ ਦੀ ਆਮਦ ਵੀ ਭਰਪੂਰਤਾ ਨਾਲ ਹੋਣੀ ਸ਼ੁਰੂ ਹੋਈ ਹੈ। ਸਾਡੇ ਵਾਂਗ ਹੀ ਉਸ ਘਰ ਵੀ ਬਹੁਭਾਂਤੀ ਅਦਬ ਦੀ ਸਿਰਜਣਾ ਹੋ ਰਹੀ ਹੈ। ਲੋੜ ਹੁਣ ਇਸ ਗੱਲ ਦੀ ਹੈ ਕਿ ਉਸ ਪਾਰ ਦੇ ਸਮਰੱਥ ਅਦਬੀ ਮੁਹਾਂਦਰਿਆਂ ਨੂੰ ਇਸ ਪਾਰ ਦੇ ਅਦਬੀ ਸਿਰਨਾਵਿਆਂ ਦੇ ਰੂਬਰੂ ਕੀਤਾ ਜਾਵੇ। ਪੁਸਤਕ **ਸਾਂਝੀ ਪੀੜ** ਵੀ ਇਸੇ ਕੋਸ਼ਿਸ਼ ਦਾ ਇਕ ਪੁਖ਼ਤਾ ਸਬੂਤ ਹੈ। ਇਸ ਪੁਸਤਕ ਦਾ ਸੰਪਾਦਕ ਕਥਾਕਾਰ ਤਲਵਿੰਦਰ ਸਿੰਘ ਮੁਬਾਰਕ ਦਾ ਹੱਕਦਾਰ ਹੈ। —ਪ੍ਰਮਿੰਦਰਜੀਤ




## ਲੋਕਗੀਤ ਪ੍ਰਕਾਸ਼ਨ

ਐੱਸ.ਸੀ.ਓ. 26-27, ਚੌਥੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ।
ਫ਼ੋਨ : 0172-5077427, 5077428 ਫ਼ੈਕਸ : 0172-5089761

*With Best Compliments From :*

MACMILLION

# MACMILLON Pharmaceuticals Limited

Regd. Office : 62-63, Vijay Nagar,
Batala Road, Amritsar - 143 036.
Ph.: 2274252, 2275279